# ਇੱਕ ਉਦੇਸ਼ ਭਰੀ ਜ਼ਿੰਦਗੀ
## ਡਾ. ਇੰਦਰਜੀਤ ਕੌਰ

ਲੇਖਕ : ਡਾ. ਸ. ਸ. ਛੀਨਾ

*ਪ੍ਰਕਾਸ਼ਕ :*

**ਡਾ. ਇੰਦਰਜੀਤ ਕੌਰ**

ਪ੍ਰਧਾਨ,

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)**

ਅੰਮ੍ਰਿਤਸਰ ।

**ਇੱਕ ਉਦੇਸ਼ ਭਰੀ ਜ਼ਿੰਦਗੀ**

**ਡਾ. ਇੰਦਰਜੀਤ ਕੌਰ**

ਲੇਖਕ : ਡਾ. ਸ. ਸ. ਛੀਨਾ

ਅਨੁਵਾਦਿਕਾ : ਬਲਰਾਜ ਧਾਰੀਵਾਲ

ਮਈ, 2019 ਨੂੰ ਛਪੀ 10,000

ਪ੍ਰਕਾਸ਼ਕ :

ਡਾ. ਇੰਦਰਜੀਤ ਕੌਰ, ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ ।

ਟੈਲੀਫ਼ੋਨ ਨੰ: 0183-2584713, 2584586

website: www.pingalwara.org

Email: pingalwara57@gmail.com

ਛਾਪਕ : ਪੂਰਨ ਪ੍ਰਿੰਟਿੰਗ ਪ੍ਰੈਸ,

ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਜੀ.ਟੀ.ਰੋਡ, ਅੰਮ੍ਰਿਤਸਰ ।

# ਤਤਕਰਾ


| ਕ੍ਰਮ ਅੰਕ | ਪੰਨਾ |
|---|---|
| 1. ਸੰਦੇਸ਼ | 4 |
| 2. ਮੁਖਬੰਦ | 6 |
| 3. ਅਨੁਵਾਦਿਕਾ ਵੱਲੋਂ | 9 |
| 4. ਲੇਖਕ ਦੀ ਕਲਮ ਤੋਂ | 10 |
| 5. ਵੱਡੇ ਵਡੇਰੇ ਅਤੇ ਬਚਪਨ | 12 |
| 6. ਸਕੂਲ ਅਤੇ ਕਾਲਜ ਦੀ ਪੜ੍ਹਾਈ | 23 |
| 7. ਸਰਕਾਰੀ ਨੌਕਰੀ | 37 |
| 8. ਸਰਕਾਰੀ ਨੌਕਰੀ ਤੋਂ ਅਸਤੀਫ਼ਾ | 49 |
| 9 . ਸਮਾਜ ਸੇਵਾ ਲਈ ਸਮਰਪਣ | 53 |
| 10. ਪਿੰਗਲਵਾੜਾ ਨੂੰ ਨੀਝ ਨਾਲ ਦੇਖਣਾ | 61 |
| 11. ਆਪਣੇ ਜੀਵਨ ਦਾ ਪਿੰਗਲਵਾੜੇ ਨੂੰ ਸਮਰਪਣ | 80 |
| 12. ਪਹਿਲੀ ਵਿਦੇਸ਼ ਯਾਤਰਾ | 100 |
| 13. ਆਦਰਸ਼ਮਈ ਜੀਵਨ | 105 |




# ਸੰਦੇਸ਼

ਡਾ: ਇੰਦਰਜੀਤ ਕੌਰ ਜੀ ਦੀ ਜੀਵਨੀ, ਡਾ. ਸਰਬਜੀਤ ਸਿੰਘ ਛੀਨਾ ਨੇ ਬਹੁਤ ਵਧੀਆ ਲਿਖੀ ਹੈ। ਪਹਿਲੇ ਅਧਿਆਏ ਵਿੱਚ ਉਨ੍ਹਾਂ ਦੇ ਬਚਪਨ ਅਤੇ ਬਜ਼ੁਰਗਾਂ ਬਾਰੇ ਲਿਖਿਆ ਹੈ। ਦੂਸਰੇ ਅਧਿਆਏ ਵਿੱਚ ਸਕੂਲ ਅਤੇ ਕਾਲਜ ਵਿੱਚ ਪ੍ਰਾਪਤ ਕੀਤੀ ਵਿਦਿਆ ਬਾਰੇ ਲਿੱਖਿਆ ਗਿਆ ਹੈ । ਉਪਰੰਤ ਉਨ੍ਹਾਂ ਨੇ ਸਰਕਾਰੀ ਨੌਕਰੀ ਕੀਤੀ ਸੀ ਪਰ ਪਿੰਗਲਵਾੜਾ ਨੂੰ ਸਮਰਪਿਤ ਹੋਣ ਕਾਰਨ, ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ ।

ਉਨ੍ਹਾਂ ਦੇ ਪਿਤਾ ਡਾ. ਹਰਬੰਸ ਸਿੰਘ ਜੀ ਆਪਣੇ ਕਿੱਤੇ ਨੂੰ ਬਹੁਤ ਸਮਰਪਿਤ ਸਨ । ਡਾ. ਇੰਦਰਜੀਤ ਕੌਰ ਜਦ ਸਰਕਾਰੀ ਨੌਕਰੀ ਕਰਦੇ ਸਨ ਤਾਂ ਉਹ ਬਰਨਾਲਾ ਵਿਖੇ ਆਪਣੀ ਡਿਊਟੀ ਬਹੁਤ ਲਗਾਉ ਨਾਲ ਕਰਦੇ ਸਨ । ਉਨ੍ਹਾਂ ਦਿਨਾਂ ਵਿੱਚ ਪਿੰਗਲਵਾੜੇ ਦਾ ਇਕ ਸੇਵਾਦਾਰ ਮੇਰੇ ਘਰ ਵੀ ਕਦੀ-ਕਦੀ ਫੇਰਾ ਮਾਰਦਾ ਸੀ ਅਤੇ ਮੈਥੋਂ ਕੁਝ ਸਰਦਾ ਬਣਦਾ ਲੈ ਜਾਂਦਾ ਸੀ ।

ਇਕ ਦਿਨ ਮੈਂ ਦਿੱਲੀ ਨੂੰ ਜਾ ਰਿਹਾ ਸੀ ਅਤੇ ਅੰਬਾਲੇ ਤੋਂ ਰੇਲ ਗੱਡੀ ਦੇ ਤੀਜੇ ਦਰਜੇ ਦੇ ਡੱਬੇ ਵਿੱਚ ਚੜ੍ਹ ਗਿਆ ਸੀ। ਗੱਡੀ ਵਿਚ ਬਹੁਤ ਭੀੜ ਹੋਣ ਕਰਕੇ ਬੈਠਣ ਨੂੰ ਥਾਂ ਨਹੀਂ ਸੀ । ਥੋੜ੍ਹੀ ਦੇਰ ਬਾਅਦ ਇਕ ਬਜ਼ੁਰਗ ਨੇ ਮੇਰੇ ਲਈ ਥੋੜ੍ਹੀ ਜਿਹੀ ਥਾਂ ਬਣਾ ਕੇ ਮੈਨੂੰ ਉੱਥੇ ਬਿਠਾ ਲਿਆ । ਉਸਨੇ ਆਪਣੇ ਗਲ ਵਿੱਚ ਇਕ ਟੱਲ ਬੰਨ੍ਹਿਆ ਹੋਇਆ ਸੀ। ਇਸ ਬਾਰੇ ਮੈਂ ਉਨ੍ਹਾਂ ਨੂੰ ਪੁੱਛਿਆ ਅਤੇ ਉਨ੍ਹਾਂ ਨੇ ਮੈਨੂੰ ਪਿੰਗਲਵਾੜੇ ਬਾਬਤ ਇਕ ਲੰਬੀ ਕਹਾਣੀ ਸੁਣਾਈ ।

ਇਕ ਦਿਨ ਮੈਂ 700 ਸਿੱਖਾਂ ਦਾ ਜੱਥਾ ਲੈ ਕੇ ਗ੍ਰਿਫ਼ਤਾਰੀ ਦਿੱਤੀ ਪਰ ਸੰਗਰੂਰ ਜੇਲ੍ਹ ਵਿੱਚ ਸਾਨੂੰ ਰੱਖਣ ਲਈ ਕੋਈ ਥਾਂ ਨਹੀਂ ਸੀ। ਇਸ ਲਈ ਅਸੀਂ ਗੁਰਦੁਆਰਾ ਜੋਤੀ ਸਰੂਪ ਸਾਹਿਬ ਚਲੇ ਗਏ। ਅਗਲੇ ਦਿਨ ਬੀਬੀ ਇੰਦਰਜੀਤ ਕੌਰ ਮਰੀਜ਼ਾਂ ਨੂੰ ਦੇਖਣ ਲਈ ਉੱਥੇ ਆਏ । ਮੈਂ ਪਿੰਗਲਵਾੜਾ ਵੇਖਣ ਲਈ ਕਈ ਵਾਰ ਆਇਆ । ਇਕ ਵੇਰ ਮੈਂ ਭਗਤ ਜੀ ਨੂੰ ਚੁੱਲ੍ਹਿਆਂ ਵਿੱਚੋਂ ਕੱਢੀ ਸਵਾਹ ਉੱਤੇ ਲੇਟਿਆਂ ਹੋਇਆਂ ਨੂੰ ਵੇਖਿਆ । ਮੈਂ ਉਨ੍ਹਾਂ ਨੂੰ ਲੇਟਣ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਉਹ ਇੱਥੇ ਇਸ ਕਰਕੇ ਲੇਟੇ ਹਨ ਕਿ ਉਨ੍ਹਾਂ ਨੂੰ ਉੱਪਰ ਲੈਣ ਲਈ ਕਿਸੇ ਕੱਪੜੇ ਦੀ ਲੋੜ ਨਹੀਂ ਪੈਂਦੀ ।

ਸੰਗਰੂਰ ਨੇੜੇ ਵੀ ਡਾ. ਬੀਬੀ ਇੰਦਰਜੀਤ ਕੌਰ ਨੇ ਇਕ ਪਿੰਗਲਵਾੜਾ ਬਣਾਇਆ ਹੋਇਆ ਹੈ। ਉੱਥੇ ਵੀ ਮੈਂ ਦੋ ਵਾਰ ਜਾ ਆਇਆ ਹਾਂ ।

ਅੰਮ੍ਰਿਤਸਰ ਵਿਖੇ ਵੀ ਮੈਂ ਪਿੰਗਲਵਾੜਾ ਦੇ ਕੁਝ ਸਮਾਗਮਾਂ ਵਿੱਚ ਹਾਜ਼ਰੀ ਭਰੀ ਹੋਈ ਹੈ । ਪਿੰਗਲਵਾੜਾ ਸੁਚੱਜੇ ਹੱਥਾਂ ਵਿੱਚ ਹੈ ਅਤੇ ਚੰਗਾ ਚਲ ਰਿਹਾ ਹੈ ।

ਸੁਰਜੀਤ ਸਿੰਘ ਬਰਨਾਲਾ,
ਸਾਬਕਾ ਮੁੱਖ ਮੰਤਰੀ,
ਪੰਜਾਬ ਅਤੇ ਰਾਜਪਾਲ, ਉਤਰਾਖੰਡ ।



# ਮੁਖਬੰਦ

ਇਸ ਜੀਵਨੀ ਦੇ ਲੇਖਕ ਡਾ. ਸਰਬਜੀਤ ਸਿੰਘ ਛੀਨਾ ਨੂੰ ਮੈਂ ਸੰਨ 1982ਈ. ਤੋਂ ਜਾਣਦਾ ਹਾਂ, ਜਦੋਂ ਉਹ ਖੇਤੀਬਾੜੀ ਵਿਭਾਗ ਦੇ ਅੰਡਰ ਗ੍ਰੈਜੂਏਟ ਤੇ ਪੋਸਟ ਗ੍ਰੈਟੂਏਟ ਜਮਾਤਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹੁੰਦੇ ਸਨ। ਉਨ੍ਹਾਂ ਵਿੱਚ ਸੱਚੇ ਮਿੱਤਰਾਂ ਵਾਲੇ ਗੁਣ ਹਨ, ਜਿਨ੍ਹਾਂ ਨੂੰ ਮੈਂ ਹੁਣ ਤਕ ਮਾਣ ਰਿਹਾ ਹਾਂ ।

ਪ੍ਰੋ. ਛੀਨਾ ਆਪਣੇ ਕਿੱਤਾ-ਪੱਖੀ ਅਤੇ ਮਨੁੱਖੀ ਗੁਣਾ ਕਰਕੇ ਆਪਣੇ ਸਾਥੀ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਸਲਾਹੇ ਜਾਂਦੇ ਸਨ। ਉਨ੍ਹਾਂ ਦੀ ਨਿਗਰਾਨੀ ਹੇਠ ਉਨ੍ਹਾਂ ਦੇ ਵਿਦਿਆਰਥੀਆਂ ਵੱਲੋਂ ਅਤੇ ਉਨ੍ਹਾਂ ਦੇ ਆਪਣੇ ਵੱਲੋਂ ਕੀਤੇ ਖੋਜ ਦੇ ਕੰਮ ਨੂੰ ਖੋਜੀਆਂ ਅਤੇ ਅਧਿਆਪਕਾਂ ਵੱਲੋਂ ਸਲਾਹਿਆ ਜਾਂਦਾ ਸੀ ।

ਪ੍ਰੋ. ਛੀਨਾ ਪਾਸ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸਿਜ਼ ਰਿਸਰਚ (ICSSR) ਵੱਲੋਂ ਦਿੱਤੇ ਖੋਜ ਦੇ ਕਈ ਕਾਰਜ ਹੁੰਦੇ ਸਨ । ਯੂਨੇਸਕੋ (UNESCO) ਦੀਆਂ ਕਲੱਬਾਂ ਅਤੇ ਰਾਜ ਸਰਕਾਰਾਂ ਵੱਲੋਂ ਕੀਤੀਆਂ ਜਾਂਦੀਆਂ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨਫ਼ਰੰਸਾਂ, ਸੈਮੀਨਾਰਾਂ ਅਤੇ ਵਰਕਸ਼ਾਪਾਂ ਵਿੱਚ ਹਿੱਸਾ ਲੈਣ ਦੌਰਾਨ ਪ੍ਰੋ. ਛੀਨਾ ਦਾ ਉੱਘੇ ਵਿਦਵਾਨਾਂ ਨਾਲ ਬਹੁਤ ਮੇਲ-ਜੋਲ ਸੀ ।

ਇਕ ਉਤਸੁਕ ਪਾਠਕ ਹੋਣ ਕਾਰਨ, ਜਿਨ੍ਹਾਂ ਕੋਲ ਲਿਖਣ ਢੰਗ ਦੀ ਸੂਝ ਵੀ ਹੈ, ਉਨ੍ਹਾਂ ਨੇ 25 ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਉਨ੍ਹਾਂ ਦੀਆਂ ਕੁਝ ਕਿਤਾਬਾਂ ਮੈਂ ਵੀ ਪੜ੍ਹੀਆਂ ਹਨ ਜੋ ਕਾਫ਼ੀ ਸੂਚਨਾ ਭਰਪੂਰ ਹਨ।

ਉਨ੍ਹਾਂ ਕੋਲ ਆਪਣੇ ਵਿਚਾਰਾਂ ਜਿਨ੍ਹਾਂ ਨੂੰ ਅਮਲ ਵਿੱਚ ਲਿਆਉਣਾ ਸੌਖਾ ਹੁੰਦਾ ਹੈ, ਨੂੰ ਪ੍ਰਗਟ ਕਰਨ ਦਾ ਇਕ ਅਨੂਠਾ ਢੰਗ ਹੈ। ਉਨ੍ਹਾਂ ਦਾ 'ਪਾਕਿਸਤਾਨੀ ਸਫ਼ਰਨਾਮਾ' ਅਤੇ 'ਕਨੇਡਾ ਇੰਝ ਵੇਖਿਆ' ਪੜ੍ਹਨ ਵਿੱਚ ਦਿਲਚਸਪ ਹਨ, ਜੋ ਦੋਨਾਂ ਦੇਸ਼ਾਂ ਦੀ ਸੱਭਿਅਤਾ ਅਤੇ ਸੱਭਿਆਚਾਰ ਬਾਰੇ ਡੂੰਘੀ ਜਾਣਕਾਰੀ ਦਿੰਦੇ ਹਨ ।

ਉਨ੍ਹਾਂ ਭਾਈਚਾਰਿਆਂ ਜਿਨ੍ਹਾਂ ਨੂੰ ਆਪਣੇ ਘਰ ਛੱਡਣੇ ਪਏ ਅਤੇ ਜਿਨ੍ਹਾਂ ਦੇ ਕੁਝ ਜੀਅ ਦੇਸ਼ ਦੀ ਵੰਡ ਕਾਰਨ ਉਨ੍ਹਾਂ ਤੋਂ ਵਿਛੜ ਗਏ, ਦਾ ਦੁਖਦਾਈ ਜ਼ਿਕਰ ਪ੍ਰਭਾਵਸ਼ਾਲੀ ਅਤੇ ਦਿਲ ਕੰਬਾਊ ਹੈ।

ਡਾ. ਰਾਮ ਮਨੋਹਰ ਲੋਹੀਆ ਦੀ ਜੀਵਨੀ ਜਿਸ ਵਿਚ ਲੇਖਕ ਵੱਲੋਂ ਉਨ੍ਹਾਂ ਦੀਆਂ ਸਿਆਸੀ ਗਤਵਿਧੀਆਂ ਦੇ ਵੇਰਵੇ ਅੰਗਰੇਜ਼ੀ ਵਿੱਚ ਦਿੱਤੇ ਹੋਏ ਹਨ, ਉਹ ਭਾਰਤ ਵਿੱਚ ਆਪਣੀ ਕਿਸਮ ਦੀ ਇਕੋ ਇਕ ਕਿਤਾਬ ਹੈ ।

ਬਤੌਰ ਅਧਿਆਪਕ ਉਨ੍ਹਾਂ ਦਾ ਤਜਰਬਾ ਬਹੁ-ਪੱਖੀ ਹੈ । ਯੂਨੀਵਰਸਿਟੀ ਦੀ ਸਿੰਡੀਕੇਟ ਅਤੇ ਸੈਨੇਟ ਦੇ ਮੈਂਬਰ ਹੋਣ ਦੇ ਨਾਲ-ਨਾਲ ਉਹ ਖੇਤੀ ਅਤੇ ਜੰਗਲਾਤ ਵਿਭਾਗ ਦੇ ਡੀਨ, ਵਿਭਾਗ ਮੁਖੀ ਅਤੇ ਅਧਿਆਪਕ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਖ਼ਾਲਸਾ ਕਾਲਜ ਚੈਰੀਟੇਬਲ ਸੋਸਾਇਟੀ ਦੇ ਇਕ ਉੱਘੇ ਮੈਂਬਰ ਵਜੋਂ ਸਰਗਰਮ ਹਿੱਸਾ ਲੈਣ ਦਾ ਮੌਕਾ ਮਿਲਿਆ ।

ਬਤੌਰ ਲੇਖਕ ਉਨ੍ਹਾਂ ਨੇ ਡਾ. ਇੰਦਰਜੀਤ ਕੌਰ ਦੀ ਜੀਵਨੀ ਵਿੱਚ ਉਨ੍ਹਾਂ ਦੇ ਜੀਵਨ ਬਾਰੇ ਵੱਖ-ਵੱਖ ਗੱਲਾਂ ਬਿਆਨ ਕੀਤੀਆਂ ਹਨ, ਜਿਵੇਂ ਕਿ ਉਨ੍ਹਾਂ ਦੇ ਬਚਪਨ ਤੋਂ ਲੈ ਕੇ ਬਤੌਰ ਮੈਡੀਕਲ ਅਫ਼ਸਰ ਨੌਕਰੀ ਕਰਨੀ । ਇਹ ਇਸ ਤਰ੍ਹਾਂ ਲਿਖਿਆ ਲੱਗਦਾ ਹੈ ਜਿਵੇਂ ਉਨ੍ਹਾਂ ਨੇ ਇਹ ਸਭ ਕੁਝ ਆਪਣੀ ਅੱਖੀਂ ਵੇਖਿਆ ਹੋਵੇ, ਜਿਵੇਂ ਸਕੂਲ ਜਾਣ ਦੇ ਦਿਨ, ਕਾਲਜ ਦੇ ਦਿਨ ਅਤੇ ਐਲ.ਐਸ.ਐਮ.ਐਫ. ਅਤੇ ਐਮ.ਬੀ.ਬੀ.ਐਸ. ਦਾ ਸੰਖੇਪ ਕੋਰਸ ਅਤੇ ਉਨ੍ਹਾਂ ਦੀ ਨੌਕਰੀ ਦੇ ਹੋਰ ਵੇਰਵਿਆਂ ਤੋਂ ਲੈ ਕੇ ਬਾਕਾਇਦਾ ਪਿੰਗਲਵਾੜਾ ਵਿੱਚ ਆਉਣ ਤਕ ਅਤੇ ਆਪਣੀ ਜ਼ਿੰਦਗੀ ਇਸ ਉਦਾਰਵਾਦੀ ਕੰਮ ਨੂੰ ਸੌਂਪਣ ਤਕ । ਲੇਖਕ ਵਾਸਤੇ ਉਨ੍ਹਾਂ ਦੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਉਜਾਗਰ ਕਰਨਾ ਕਿੰਨਾਂ ਮੁਸ਼ਕਲ ਹੋਇਆ ਹੋਵੇਗਾ, ਇਸ ਗੱਲ ਦਾ ਅੰਦਾਜ਼ਾ ਲਾਉਣਾ ਕੋਈ ਔਖੀ ਗੱਲ ਨਹੀਂ ਹੈ ।

ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਦੀ ਤਹਿ ਤਕ ਜਾਣ ਲਈ ਉਨ੍ਹਾਂ ਦਾ ਸਬਰ ਬਿਨਾਂ ਸ਼ੱਕ ਪਹਿਲੇ ਦਰਜੇ ਦਾ ਹੈ। ਪਿੰਗਲਵਾੜਾ ਬਣਾਉਣ ਦਾ ਵਿਚਾਰ ਭਗਤ ਜੀ ਦੇ ਮਨ ਵਿੱਚ ਲਾਹੌਰ ਵਿਖੇ ਹੀ ਆ ਗਿਆ ਸੀ ਜਦੋਂ ਉਨ੍ਹਾਂ ਦੇ ਕੋਲ ਇਕ ਵਿਕਲਾਂਗ ਬੱਚਾ ਆਇਆ ਸੀ, ਜਿਸਨੂੰ ਉਹ ਭਾਰਤ ਦੀ ਵੰਡ ਵੇਲੇ ਆਪਣੇ ਮੋਢਿਆਂ 'ਤੇ ਚੁੱਕ ਕੇ ਲਾਹੌਰ ਤੋਂ ਅੰਮ੍ਰਿਤਸਰ ਲੈ ਆਏ ਸਨ । ਇੱਥੇ ਹੀ ਉਨ੍ਹਾਂ ਨੇ ਕੁਝ ਹੋਰ ਲੋੜਵੰਦਾਂ ਨੂੰ ਸੰਭਾਲਣ ਦਾ ਜ਼ਿੰਮਾ ਲਿਆ ਅਤੇ ਪਿੰਗਲਵਾੜਾ ਹੋਂਦ ਵਿੱਚ ਆ ਗਿਆ । ਕੁਝ ਸਮੇਂ ਵਿੱਚ ਇੰਨਾ ਵਧ ਗਿਆ ਕਿ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਤਕ ਪਹੁੰਚ ਗਿਆ । ਸੰਨ1975 ਦੀ ਗੱਲ ਹੈ ਕਿ ਡਾ. ਇੰਦਰਜੀਤ ਕੌਰ ਪਿੰਗਲਵਾੜਾ ਵਿੱਚ ਸ਼ਾਮਲ ਹੋਈ



ਅਤੇ ਭਗਤ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸੰਸਥਾ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ । 2008 ਈ. ਦੀ ਗੱਲ ਹੈ ਕਿ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ 'ਪਦਮ ਭੂਸ਼ਨ' ਸਨਮਾਨ ਨਾਲ ਨਿਵਾਜਿਆ ਗਿਆ, ਜੋ ਇਕ ਮਹਾਨ ਮਾਨਤਾ ਹੈ ।

ਉਸ ਤੋਂ ਪਿੱਛੋਂ ਉਨ੍ਹਾਂ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਕਈ ਪੁਰਸਕਾਰ ਮਿਲੇ । ਉਨ੍ਹਾਂ ਵੱਲੋਂ ਪਿੰਗਲਵਾੜਾ ਦੇ ਵਾਧੇ ਲਈ ਬਣਾਏ ਹੋਏ ਪ੍ਰੋਗਰਾਮ ਦੇ ਵੇਰਵੇ ਦੇਣੇ ਕੋਈ ਸੌਖੀ ਗੱਲ ਨਹੀਂ ਸੀ ਪਰ ਉਨ੍ਹਾਂ (ਡਾ. ਛੀਨਾ) ਨੇ ਜੀਵਨੀ ਦੇ ਇਸ ਹਿੱਸੇ ਨੂੰ ਵੀ ਬੜੀ ਸਫਲਤਾ ਨਾਲ ਪੂਰਾ ਕੀਤਾ ਹੈ । ਵਿਸ਼ੇਸ਼ ਬੱਚਿਆਂ (Special Children) ਦੇ ਪ੍ਰੋਜੈਕਟ ਦੇ ਵੇਰਵਿਆਂ ਜਿਵੇਂ ਉਨ੍ਹਾਂ ਲਈ ਲੋੜੀਂਦੀ ਸਮਗਰੀ ਅਤੇ ਇਕ ਸਿੱਖਿਅਕ ਅਧਿਆਪਕ ਦੀ ਸੋਚ ਨਾਲ ਉਲੀਕਿਆ ਹੈ, ਵੀ ਚੰਗੀ ਤਰ੍ਹਾਂ ਬਿਆਨ ਕੀਤਾ ਹੈ । ਪੇਂਡੂ ਇਲਾਕੇ ਦੇ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਲਈ ਉਨ੍ਹਾਂ ਨੇ ਇਕ ਸਕੂਲ ਸਥਾਪਤ ਕੀਤਾ ਹੈ। ਖੇਤੀਬਾੜੀ ਸੰਬੰਧੀ, ਜੈਵਿਕ ਖੇਤੀ ਕਰਨ ਬਾਰੇ ਸੋਚਣਾ ਤੇ ਇਕ ਨਮੂਨੇ ਦਾ ਖੇਤੀ ਕੇਂਦਰ ਕਾਇਮ ਕਰਨ ਨਾਲ ਇਲਾਕੇ ਦੇ ਕਿਸਾਨਾਂ ਲਈ ਪ੍ਰੇਰਨਾਸਰੋਤ ਬਣਨ ਵਿੱਚ ਸਫਲ ਹੋਇਆ ਹੈ। ਸੇਵਾਵਾਂ ਦਾ ਘੇਰਾ ਵਧਦਾ ਜਾ ਰਿਹਾ ਹੈ, ਜਿਵੇਂ ਕਿ ਨਵ-ਜੰਮੇ ਅਣਚਾਹੇ ਬੱਚਿਆਂ ਅਤੇ ਦੁਰਕਾਰੇ ਹੋਏ ਬਜ਼ੁਰਗਾਂ ਦੀ ਸੇਵਾ-ਸੰਭਾਲ ਕਰਨਾ, ਆਦਿ ।

ਵਿਧਵਾਵਾਂ ਨੂੰ ਰੋਜ਼ਗਾਰ ਸੰਬੰਧੀ ਸਿਖਲਾਈ ਦੇਣਾ, ਹੱਡੀਆਂ ਦਾ ਕੇਂਦਰ ਸਥਾਪਤ ਕਰਨਾ, ਗ਼ਰੀਬ ਬੱਚਿਆਂ ਨੂੰ ਵਿੱਦਿਆ ਪ੍ਰਾਪਤੀ ਲਈ ਸਹਾਇਤਾ ਦੇਣਾ, ਲੋਕਾਂ ਵਿੱਚ ਜਾਗ੍ਰਿਤੀ ਲਿਆਉਣ ਲਈ ਸਾਹਿਤ ਛਾਪਣਾ, ਇਤਿਆਦਿ, ਦੇ ਪ੍ਰੋਗਰਾਮ ਬਣੇ ਅਤੇ ਵਧੇ-ਫੁੱਲੇ ਹਨ ।

ਮੈਂ ਪਦਮ ਭੂਸ਼ਨ ਡਾ. ਇੰਦਰਜੀਤ ਕੌਰ ਦੀਆਂ ਪ੍ਰਾਪਤੀਆਂ ਨੂੰ ਐਨੇ ਜ਼ੋਰਦਾਰ ਤਰੀਕੇ ਨਾਲ ਬਿਆਨ ਕਰਨ ਲਈ, ਜੋ ਇਕ ਲੇਖਕ ਲਈ ਮੁਸ਼ਕਲ ਕੰਮ ਹੈ, ਡਾ. ਛੀਨਾ ਨੂੰ ਵਧਾਈ ਦਿੰਦਾ ਹਾਂ, ਕਿਉਂਕਿ ਭਗਤ ਪੂਰਨ ਸਿੰਘ ਦੇ ਕੱਦ-ਬੁੱਤ ਵਾਲੇ ਮਹਾਨ ਪੁਰਖ ਦੇ ਉੱਤਰਾਧਿਕਾਰੀ ਬਾਰੇ ਕਿਸੇ ਵੀ ਲੇਖਕ ਵੱਲੋਂ ਅਜਿਹਾ ਕਰਨਾ ਬਹੁਤ ਕਠਿਨ ਕੰਮ ਹੈ ।

ਹ.ਸ. ਸੋਚ

ਸਾਬਕਾ ਵਾਈਸ ਚਾਂਸਲਰ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

## ਅਨੁਵਾਦਿਕਾ ਵਲੋਂ

ਪਿੰਗਲਵਾੜਾ ਸੰਸਥਾ ਪੰਜਾਬ ਦੀ ਉਹ ਸਿਰਮੌਰ ਸੰਸਥਾ ਹੈ, ਜਿਸ ਨੂੰ ਨਾ ਸਿਰਫ਼ ਦੇਸ਼, ਸਗੋਂ ਵਿਦੇਸ਼ਾਂ ਵਿੱਚ ਵੀ ਜਾਣਿਆ ਜਾਂਦਾ ਹੈ। ਮੈਂ ਮਦਰ ਟੈਰੇਸਾ ਦੇ ਕੰਮਾਂ ਬਾਰੇ ਸੁਣਿਆ ਤੇ ਬਹੁਤ ਹੈ, ਪਰ ਵੇਖਿਆ ਨਹੀਂ ਸੀ, ਪਰ ਪਿੰਗਲਵਾੜਾ ਸੰਸਥਾ ਬਾਰੇ ਬਚਪਨ ਤੋਂ ਹੀ ਸੁਣਦੀ ਰਹੀ ਹਾਂ ਅਤੇ ਵੇਖਿਆ ਵੀ ਹੈ ।

ਇਸ ਸੰਸਥਾ ਵੱਲੋਂ ਮਨੁੱਖੀ ਭਲਾਈ ਲਈ ਵੱਡੇ ਕੰਮ ਕੀਤੇ ਜਾ ਰਹੇ ਹਨ, ਜਿੰਨ੍ਹਾ ਦੀ ਅਗਵਾਈ ਡਾ. ਇੰਦਰਜੀਤ ਕੌਰ ਜੀ ਕਰ ਰਹੇ ਹਨ । ਮੈਂ ਉਹਨਾਂ ਬਾਰੇ ਸੁਣਦੀ ਰਹੀ ਹਾਂ, ਪਰ ਉਹਨਾਂ ਦੇ ਸੰਘਰਸ਼ਮਈ ਜੀਵਨ ਅਤੇ ਤਿਆਗ ਬਾਰੇ ਜਾਣੂ ਨਹੀਂ ਸਾਂ । ਅਚਾਨਕ ਇਕ ਦਿਨ ਮੈਂ ਡਾ. ਐਸ.ਐਸ. ਛੀਨਾ ਦੀ ਲਿਖੀ ਡਾ. ਇੰਦਰਜੀਤ ਕੌਰ ਜੀ ਦੀ ਅੰਗ੍ਰੇਜ਼ੀ ਵਿੱਚ ਲਿਖੀ ਜੀਵਨੀ ਦੀ ਪੁਸਤਕ ਵੇਖੀ ਅਤੇ ਫਿਰ ਮੈਂ ਪੜ੍ਹੀ । ਮੈਂ ਉਸ ਤਿਆਗ ਅਤੇ ਕੁਰਬਾਨੀ ਦੀ ਮੂਰਤ, ਜਿਸਨੇ ਹਜ਼ਾਰਾਂ ਲੋਕਾਂ ਦੇ ਜੀਵਨ ਨੂੰ ਰੁਸ਼ਨਾਉਣ ਲਈ ਆਪਣਾ ਜੀਵਨ ਲਗਾ ਦਿੱਤਾ, ਉਸ ਤੋਂ ਬਹੁਤ ਪ੍ਰਭਾਵਿਤ ਹੋਈ। ਮੈਨੂੰ ਕਈ ਉਹਨਾਂ ਨਵੀਆਂ ਗੱਲਾਂ ਦਾ ਪਤਾ ਲਗਾ, ਜਿੰਨ੍ਹਾਂ ਬਾਰੇ ਮੈਂ ਪਹਿਲਾਂ ਬਿਲਕੁਲ ਨਹੀਂ ਸਾਂ ਜਾਣਦੀ, ਖ਼ਾਸ ਕਰਕੇ ਇਸ ਗੱਲ ਨੇ ਮੈਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਕਿ ਕਈ ਔਰਤਾਂ, ਮਰਦਾਂ ਤੋਂ ਕਿਤੇ ਜ਼ਿਆਦਾ ਕੰਮ ਕਰ ਜਾਂਦੀਆਂ ਹਨ ਅਤੇ ਮੈਂ ਵਿਚਾਰ ਬਣਾ ਲਿਆ ਕਿ ਇਸ ਪੁਸਤਕ ਦਾ ਮੈਂ ਪੰਜਾਬੀ ਵਿੱਚ ਅਨੁਵਾਦ ਕਰਾਂਗੀ। ਮੈਂ ਇਹ ਵੀ ਮਹਿਸੂਸ ਕਰਦੀ ਹਾਂ ਕਿ ਡਾ. ਛੀਨਾ ਨੇ ਇਹ ਬਹੁਤ ਹੀ ਵਧੀਆ ਕੰਮ ਕੀਤਾ ਹੈ ਅਤੇ ਇਸ ਪੁਸਤਕ ਦਾ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋਣਾ ਚਾਹੀਦਾ ਹੈ।

ਮੈਨੂੰ ਯਕੀਨ ਹੈ ਕਿ ਇਸ ਪੁਸਤਕ ਨੂੰ ਦਿਲਚਸਪੀ ਨਾਲ ਪੜ੍ਹਿਆ ਜਾਵੇਗਾ ਅਤੇ ਇਸ ਨੂੰ ਆਪਣੇ ਸੂਬੇ, ਦੂਸਰੇ ਸੂਬਿਆਂ ਅਤੇ ਵਿਦੇਸ਼ਾਂ ਦੀਆਂ ਲਾਇਬ੍ਰੇਰੀਆਂ ਦਾ ਹਿੱਸਾ ਵੀ ਬਣਾਇਆ ਜਾਵੇਗਾ ।

ਬਲਰਾਜ ਧਾਰੀਵਾਲ



## ਲੇਖਕ ਦੀ ਕਲਮ ਤੋਂ

ਪਿੰਗਲਵਾੜਾ ਦੇ ਬਾਨੀ, ਭਗਤ ਪੂਰਨ ਸਿੰਘ ਆਪਣੇ ਬਚਪਨ ਤੋਂ ਹੀ ਨਿਮਰ, ਦਇਆਵਾਨ, ਪਵਿੱਤਰ ਅਤੇ ਧਾਰਮਿਕ ਸੁਭਾਅ ਵਾਲੇ ਵਿਅਕਤੀ ਸਨ। ਉਨ੍ਹਾਂ ਨੇ ਸਾਰਾ ਜੀਵਨ ਕੁਆਰੇ ਰਹਿਣ ਦਾ ਫੈਸਲਾ ਕਰ ਰੱਖਿਆ ਸੀ, ਤਾਂ ਕਿ ਉਹ ਆਪਣੇ ਸਮੇਂ ਅਤੇ ਤਾਕਤ ਨੂੰ ਦੀਨ ਦੁਖੀਆਂ ਨੂੰ ਸਮਰਪਿਤ ਕਰ ਸਕਣ। ਇੱਕ ਦਿਨ ਉਨ੍ਹਾਂ ਨੂੰ ਇੱਕ ਛੋਟਾ ਬੱਚਾ ਮਿਲਿਆ ਜੋ ਬਿਮਾਰ, ਅਪਾਹਿਜ, ਅਤੇ ਅਨਾਥ ਸੀ, ਉਨ੍ਹਾਂ ਉਸ ਬੱਚੇ ਨੂੰ ਚੁੱਕ ਲਿਆ ਅਤੇ ਉਸਦਾ ਨਾਮ 'ਪਿਆਰਾ' ਰੱਖ ਦਿੱਤਾ । ਉਸਨੂੰ ਉਹਨਾਂ ਆਪਣੀ ਸੰਭਾਲ ਵਿੱਚ ਲੈ ਲਿਆ ਅਤੇ ਬਾਅਦ ਵਿੱਚ, ਉਸਨੂੰ ਕਦੇ ਵੀ ਇਕੱਲਾ ਨਹੀਂ ਛੱਡਿਆ। ਉਨ੍ਹਾਂ ਨੇ ਉਸਦੀ ਪੂਰੀ ਸੇਵਾ ਕੀਤੀ ਅਤੇ ਉਸਦਾ ਬਹੁਤ ਧਿਆਨ ਰੱਖਿਆ । ਇੱਕ ਬੇਸਹਾਰਾ, ਬੇਆਸਰਾ ਅਤੇ ਅਨਾਥ ਬੱਚੇ ਤੋਂ ਹੋਈ ਇਹ ਸ਼ੁਰੂਆਤ ਇੱਕ ਵਿਸ਼ਾਲ ਅਤੇ ਸ਼ਾਨਦਾਰ ਪਿੰਗਲਵਾੜਾ ਦੀ ਨੀਂਹ ਸੀ, ਜਿਸ ਵਿੱਚ ਸਾਰੇ ਅਪਾਹਿਜ, ਨਿਆਸਰੇ, ਜ਼ਰੂਰਤਮੰਦ, ਤਿਰਸਕਾਰੇ ਅਤੇ ਬਦਕਿਸਮਤ ਲੋਕਾਂ ਨੂੰ ਉਨ੍ਹਾਂ ਨੇ ਆਪਣੀ ਹਿਫ਼ਾਜਤ, (ਦੇਖਭਾਲ, ਪਾਲਣ-ਪੋਸ਼ਣ) ਵਿੱਚ ਲੈ ਲਿਆ ਅਤੇ ਸੰਨ 1975 ਤੱਕ ਪਹੁੰਚਦਿਆਂ, ਪਿੰਗਲਵਾੜੇ ਦੇ ਨਿਵਾਸੀਆਂ ਦੀ ਸੰਖਿਆ ਚਾਰ ਸੌ ਤਕ ਪਹੁੰਚ ਗਈ । ਭਗਤ ਜੀ ਦੀ ਉਮਰ ਜਿਵੇਂ-ਜਿਵੇਂ ਵਧਦੀ ਗਈ, ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਸਤਾਉਣ ਲੱਗੀ ਕਿ ਉਨ੍ਹਾਂ ਦੇ ਬਾਅਦ ਪਿੰਗਲਵਾੜੇ ਦਾ ਯੋਗ ਉਤਰਾਧਿਕਾਰੀ ਕੌਣ ਹੋਵੇਗਾ, ਜੋ ਮਜ਼ਬੂਰ, ਬੇਆਸਰਾ, ਅਤੇ ਸਮਾਜ ਵੱਲੋਂ ਤ੍ਰਿਸਕਾਰੇ ਹੋਏ ਪਿੰਗਲਵਾੜਾ ਨਿਵਾਸੀਆਂ ਦੀ ਤਰ੍ਹਾਂ ਦੇਖ-ਭਾਲ ਕਰ ਸਕੇਗਾ ।

ਬੀਬੀ ਇੰਦਰਜੀਤ ਕੌਰ ਕਿਸਮਤ ਨਾਲ ਭਗਤ ਜੀ ਦੇ ਸੰਪਰਕ ਵਿੱਚ ਆਈ ਅਤੇ ਉਨ੍ਹਾਂ ਨੇ ਬੀਬੀ ਜੀ ਨੂੰ ਆਪਣੇ ਮਿਸ਼ਨ ਦੀ ਪੂਰਤੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ । ਕਿਉਂਕਿ ਉਹ ਭਗਤ ਜੀ ਦੇ ਪੂਰਨ ਵਿਸ਼ਵਾਸ ਪਾਤਰ ਸਨ, ਇਸ ਕਰਕੇ ਭਗਤ ਜੀ ਨੇ, ਡਾ. ਇੰਦਰਜੀਤ ਕੌਰ ਨੂੰ ਆਪਣੇ ਕੰਮ ਨੂੰ ਅੱਗੇ ਤੋਰਨ ਦੇ ਲਈ ਉਨ੍ਹਾਂ ਦੀ ਚੋਣ ਕਰ ਲਈ ।

ਇਸ ਤਰ੍ਹਾਂ ਇੱਕ ਯੋਗ ਉੱਤਰਾਧਿਕਾਰੀ ਦੀ ਚੋਣ ਕਰਨ ਦੀ ਸਮੱਸਿਆ ਦਾ ਹੱਲ ਹੋ ਗਿਆ । ਬੀਬੀ ਇੰਦਰਜੀਤ ਕੌਰ ਇੱਕ ਯੋਗ M.B.B.S ਡਾਕਟਰ ਹਨ, ਉਹ ਇੱਕ ਅੰਮ੍ਰਿਤਧਾਰੀ ਸਮਰਪਿਤ ਸਿੱਖ ਹਨ।

ਇਹਨਾਂ ਨੇ ਵੀ ਜ਼ਿੰਦਗੀ ਭਰ ਕੁਆਰੇ ਰਹਿਣ ਦਾ ਫ਼ੈਸਲਾ ਲਿਆ ਹੋਇਆ ਹੈ ਤਾਂ ਕਿ ਉਹ ਆਪਣੇ ਜੀਵਨ ਨੂੰ ਦੀਨ ਦੁਖੀਆਂ ਦੀ ਸੇਵਾ ਵਿੱਚ ਸਮਰਪਿਤ ਕਰ ਸਕਣ-ਜਾਤ, ਰੰਗ, ਧਰਮ ਆਦਿ ਦੇ ਭੇਦਭਾਵ ਦੇ ਬਗੈਰ। ਉਨ੍ਹਾਂ ਦੇ ਸਮਰਪਣ ਅਤੇ ਸੇਵਾ ਦੇ ਕਾਰਨ ਪਿੰਗਲਵਾੜੇ ਦੇ ਵਾਸੀਆਂ ਦੀ ਗਿਣਤੀ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਬੀਬੀ ਜੀ ਦੀ ਦੇਖ-ਰੇਖ ਵਿੱਚ ਭਗਤ ਪੂਰਨ ਸਿੰਘ ਜੀ ਦੇ ਮਿਸ਼ਨ ਦਾ ਕਈ ਗੁਣਾ ਵਾਧਾ ਹੋਇਆ ਹੈ।

ਬੀਬੀ ਜੀ ਵਰਗੀ ਸ਼ਖ਼ਸੀਅਤ, ਸਮਾਜ ਦੇ ਲਈ ਬਹੁਤ ਵੱਡੀ ਪ੍ਰੇਰਣਾਸਰੋਤ ਹੈ, ਜੋ ਮਾਨਵਤਾ ਦੀ ਸੇਵਾ ਸਫ਼ਲਤਾਪੂਰਵਕ ਕਰਦੇ ਹਨ। ਬੀਬੀ ਜੀ ਦੇ ਇਸ ਸੰਖੇਪ ਜੀਵਨ-ਚਰਿੱਤਰ ਵਿੱਚ ਮੈਂ ਬੀਬੀ ਜੀ ਦੇ ਉਨ੍ਹਾਂ ਗੁਣਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਨਾਲ ਉਨ੍ਹਾਂ ਦੇ ਜੀਵਨ ਦੇ ਪ੍ਰਤੀ ਉਨ੍ਹਾਂ ਦੀ ਦ੍ਰਿਸ਼ਟੀ ਅਤੇ ਉਦੇਸ਼ ਪ੍ਰਤੀਬਿੰਬਿਤ ਹੁੰਦੇ ਹਨ। ਉਨ੍ਹਾਂ ਦਾ ਉਦੇਸ਼ ਪਿੰਗਲਵਾੜੇ 'ਤੇ ਨਿਰਭਰ ਵਸਨੀਕਾਂ ਨੂੰ ਇਹੋ ਜਿਹਾ ਘਰੇਲੂ ਮਾਹੌਲ ਪ੍ਰਦਾਨ ਕਰਨਾ ਹੈ, ਜਿਸ ਵਿੱਚ ਪ੍ਰੇਮ, ਪਿਆਰ, ਹਮਦਰਦੀ ਸਭ ਤੋਂ ਪਿਆਰੇ ਹੋਣ ਅਤੇ ਸਾਰਿਆਂ ਨੂੰ ਸਰੀਰਕ, ਸਮਾਜਿਕ, ਧਾਰਮਿਕ ਅਤੇ ਵਿੱਦਿਅਕ ਵਿਕਾਸ ਦੇ ਬਰਾਬਰ ਮੌਕੇ ਪ੍ਰਾਪਤ ਹੋਣ।

ਮੈਂ ਸ. ਸੁਰਜੀਤ ਸਿੰਘ ਬਰਨਾਲਾ (ਸਾਬਕਾ ਰਾਜਪਾਲ ਤਾਮਿਲਨਾਡੂ ਅਤੇ ਸਾਬਕਾ ਮੁੱਖ ਮੰਤਰੀ ਪੰਜਾਬ) ਜੀ ਦਾ ਬਹੁਤ ਧੰਨਵਾਦੀ ਹਾਂ, ਜਿਹਨਾਂ ਨੇ ਮੈਨੂੰ ਇਸ ਪਾਂਡੂਲਿਪੀ ਨਿਰਮਾਣ ਦੇ ਲਈ ਪ੍ਰੇਰਿਤ ਅਤੇ ਉਤਸ਼ਾਹਤ ਕੀਤਾ ਹੈ। ਇਸ ਪਾਂਡੂਲਿਪੀ ਨੂੰ ਸੰਭਾਲਣ ਅਤੇ ਸੁਸ਼ੋਭਿਤ ਕਰਨ ਵਿੱਚ ਸਮੁੱਚੇ ਚਿੱਤਰ ਉਪਲਭਦ ਕਰਵਾਉਣ ਦੇ ਲਈ ਮੈਂ ਬਟਾਲਾ ਦੇ ਫੋਟੋਗ੍ਰਾਫਰ, ਸ. ਹਰਭਜਨ ਸਿੰਘ ਬਾਜਵਾ ਜੀ ਦਾ ਸ਼ੁਕਰਗੁਜ਼ਾਰ ਹਾਂ। ਸ਼੍ਰੀ ਮਹੇਸ਼ ਨੇ ਇਸ ਪਾਂਡੂਲਿਪੀ ਨੂੰ ਬਹੁਤ ਘੱਟ ਸਮੇਂ ਵਿੱਚ ਸ਼ੁੱਧ ਟਾਈਪ ਕੀਤਾ ਹੈ। ਮੈਂ ਪ੍ਰੋ. ਮਿੰਨਾ ਬੱਗਾ ਦਾ ਵੀ ਧੰਨਵਾਦੀ ਹਾਂ, ਜਿਹਨਾਂ ਨੇ ਮੈਨੂੰ ਇਹ ਪਾਂਡੂਲਿਪੀ ਤਿਆਰ ਕਰਨ ਵਿੱਚ ਸਹਾਇਤਾ ਪ੍ਰਦਾਨ ਕੀਤੀ ਹੈ।

ਡਾ. ਐਸ. ਐਸ. ਛੀਨਾ



# ਵੱਡੇ-ਵਡੇਰੇ ਅਤੇ ਬਚਪਨ

ਬੀਬੀ ਇੰਦਰਜੀਤ ਕੌਰ ਨੇ ਪਾਕਿਸਤਾਨ ਵਿਚਲਾ ਗੁਜਰਾਂਵਾਲਾ ਦਾ ਇਲਾਕਾ ਕਦੀ ਨਹੀਂ ਸੀ ਦੇਖਿਆ, ਪਰ ਜਦੋਂ ਵੀ ਕੋਈ ਗੁਜਰਾਂਵਾਲਾ ਦਾ ਨਾਮ ਲੈਂਦਾ ਸੀ, ਤਾਂ ਉਸ ਇਲਾਕੇ ਬਾਰੇ ਜਾਨਣ ਲਈ ਉਹ ਬਹੁਤ ਉਤਸ਼ਾਹ ਦਿਖਾਉਂਦੀ ਸੀ । ਦਰਅਸਲ, ਇਹ ਉਸਦੇ ਵੱਡ-ਵਡੇਰਿਆਂ ਦੀ ਜਨਮ-ਭੋਂਇ ਪ੍ਰਤੀ ਪਿਆਰ ਹੀ ਸੀ, ਜਿਸਨੂੰ ਉਹ 1947 ਈ. ਵਿੱਚ, ਵੰਡ ਦੇ ਸਮੇਂ, ਉੱਧਰ ਛੱਡ ਕੇ ਇਧਰਲੇ ਪਾਸੇ ਆ ਗਏ ਸਨ । ਬੀਬੀ ਇੰਦਰਜੀਤ ਦੇ ਵੱਡ-ਵਡੇਰੇ ਇਸ ਜ਼ਿਲ੍ਹੇ ਦੇ ਇਕ ਪਿੰਡ ਦੇ ਮੱਧ-ਸ਼੍ਰੇਣੀ ਦੇ ਪਰਿਵਾਰ ਨਾਲ ਸੰਬੰਧ ਰੱਖਦੇ ਸਨ । ਮਹਾਰਾਜਾ ਰਣਜੀਤ ਸਿੰਘ ਵੀ ਉਸੇ ਇਲਾਕੇ ਨਾਲ ਸੰਬੰਧਿਤ ਸਨ ਅਤੇ ਇਸ ਇਲਾਕੇ ਵਿੱਚ ਸਿੱਖਾਂ ਦਾ ਦਬਦਬਾ ਸੀ ਅਤੇ ਇੱਥੇ ਸਿੱਖੀ ਦੇ ਪ੍ਰਚਾਰ ਲਈ ਬਹੁਤ ਸਾਰੇ ਪ੍ਰਚਾਰਕ ਸਨ । ਬਹੁਤ ਸਾਰੇ ਲੋਕ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਸ਼ਾਮਲ ਸਨ ਪਰ 1849 ਈ. ਵਿੱਚ ਜਦੋਂ ਇਹ ਇਲਾਕਾ ਅੰਗ੍ਰੇਜ਼ਾਂ ਦੇ ਹੱਥ ਆ ਗਿਆ, ਤਾਂ ਕਾਫ਼ੀ ਲੋਕ ਬ੍ਰਿਟਿਸ਼ ਫ਼ੌਜ ਵਿੱਚ ਭਰਤੀ ਹੋ ਗਏ । ਇਸ ਇਲਾਕੇ ਦਾ ਮੁੱਖ ਪੇਸ਼ਾ ਖੇਤੀਬਾੜੀ ਸੀ। ਹੱਲ ਵਾਹਣ ਲਈ, ਖੂਹ ਗੇੜ੍ਹਨ ਲਈ ਤੇ ਖੇਤੀ ਨਾਲ ਸੰਬੰਧਿਤ ਹੋਰ ਕੰਮ ਕਰਨ ਲਈ, ਬਲਦਾਂ ਦੀ ਮਦਦ ਲਈ ਜਾਂਦੀ ਸੀ। ਭਾਵੇਂ ਵਾਹੀ-ਯੋਗ ਜ਼ਮੀਨ ਕਾਫ਼ੀ ਸੀ, ਪਰ ਖੇਤੀ-ਬਾੜੀ ਕੋਈ ਲਾਭਦਾਇਕ ਪੇਸ਼ਾ ਨਹੀਂ ਸੀ । ਜਦੋਂ ਵੀ ਕਦੀ ਫ਼ਸਲ ਜ਼ਿਆਦਾ ਹੋ ਜਾਂਦੀ, ਤਾਂ ਉਸਦੀ ਕੀਮਤ ਬਹੁਤ ਘਟ ਜਾਂਦੀ, ਇਸ ਲਈ ਲੋਕਾਂ ਨੇ ਦੂਸਰੇ ਧੰਦੇ ਵੀ ਕਰਨੇ ਸ਼ੁਰੂ ਕਰ ਦਿੱਤੇ ਸਨ ।

ਇੰਦਰਜੀਤ ਦੇ ਦਾਦਾ ਜੀ, ਸ੍ਰ. ਸ਼ਿਵਦਿਆਲ ਸਿੰਘ ਇਕ ਵਪਾਰੀ ਸਨ । ਉਹ ਬਹੁਤ ਹੀ ਦਿਆਲੂ ਕਿਸਮ ਦੇ ਇਨਸਾਨ ਸਨ, ਜੋ ਆਪਣੇ ਇਲਾਕੇ ਦੇ ਲੋਕਾਂ ਦੀ ਸੇਵਾ ਕਰਨ ਲਈ ਹਰ ਵੇਲੇ ਤਿਆਰ ਰਹਿੰਦੇ ਸਨ ।

ਸ਼ਿਵਦਿਆਲ ਸਿੰਘ ਜੀ ਦਾ ਦੇਹਾਂਤ ਜਵਾਨੀ ਵੇਲੇ ਹੀ, ਪਲੇਗ ਦੀ ਮਹਾਂਮਾਰੀ ਦੇ ਸਮੇਂ ਹੋ ਗਿਆ ਸੀ। ਉਹਨਾਂ ਦੀ ਵਿਧਵਾ ਕੇਸਰ ਦੇਵੀ ਨੂੰ ਆਪਣੇ ਬੱਚਿਆਂ ਨੂੰ ਵਧੀਆ ਪੜ੍ਹਾਈ ਕਰਾਉਣ ਦਾ ਬੜਾ ਸ਼ੌਂਕ ਸੀ। ਉਹਨਾਂ ਨੇ ਆਪਣੇ ਪੁੱਤਰ ਹਰਬੰਸ ਸਿੰਘ ਨੂੰ ਲਾਹੌਰ ਭੇਜ ਦਿੱਤਾ । ਉਸ ਨੂੰ ਇਹ ਪਛਤਾਵਾ ਸੀ ਕਿ ਉਹ ਆਪਣੀ ਵੱਡੀ ਬੇਟੀ ਨੂੰ ਵਧੀਆ ਪੜ੍ਹਾਈ ਨਹੀਂ ਸੀ ਕਰਵਾ ਸਕੀ, ਪਰ ਉਹ ਆਪਣੀ ਛੋਟੀ ਬੇਟੀ ਸ਼ਾਂਤਾ ਲਈ ਇਸ ਬਾਰੇ ਬੜੀ ਸੁਚੇਤ ਸੀ । ਉਸਨੇ ਉਸਨੂੰ ਲਾਗਲੇ ਪਿੰਡ ਪੜ੍ਹਨ ਲਈ ਭੇਜਿਆ, ਜਿਹੜਾ

ਕਿ ਉਹਨਾਂ ਦੇ ਪਿੰਡ ਤੋਂ ਚਾਰ ਕੁ ਮੀਲ ਦੀ ਦੂਰੀ 'ਤੇ ਸੀ । ਸਕੂਲ ਪਹੁੰਚਣ ਲਈ ਕੱਚਾ ਰਾਹ ਸੀ । ਪਿੰਡ 'ਚ ਸਕੂਲ ਆਉਣ ਜਾਣ ਦੀ ਕੋਈ ਸਹੂਲਤ ਨਹੀਂ ਸੀ । ਪਰ ਉਸਦੀ ਮਾਤਾ ਜੀ ਨੇ ਆਪਣੀ ਬੇਟੀ ਨੂੰ ਸਵੇਰੇ ਸਕੂਲ ਛੱਡਣ ਦੀ ਤੇ ਫੇਰ ਵਾਪਸ ਲਿਆਉਣ ਦੀ ਜ਼ਿੰਮੇਵਾਰੀ ਆਪ ਲੈ ਲਈ । ਉਹ ਦੋ ਵਾਰੀ ਚਾਰ ਮੀਲ ਤੁਰ ਕੇ ਸਕੂਲ ਜਾਂਦੀ ਤੇ ਦੋ ਵਾਰ ਹੀ ਏਨਾ ਤੁਰ ਕੇ ਵਾਪਸ ਆਉਂਦੀ । ਇਸ ਤਰ੍ਹਾਂ, ਉਸਨੂੰ ਆਪਣੀ ਬੱਚੀ ਨੂੰ ਵਧੀਆ ਪੜ੍ਹਾਈ ਕਰਾਉਣ ਦੀ ਖ਼ਾਹਿਸ਼ ਪੂਰੀ ਕਰਨ ਲਈ, ਸਕੂਲ ਲਿਜਾਣ ਤੇ ਵਾਪਸ ਲਿਆਉਣ ਵਿੱਚ ਸੋਲ੍ਹਾਂ ਮੀਲ ਦਾ ਸਫ਼ਰ ਹਰ ਰੋਜ਼ ਹੀ ਕਰਨਾ ਪੈਂਦਾ ਸੀ ।

ਉਸ ਸਮੇਂ ਪੰਜਾਬ ਦੀ ਰਾਜਧਾਨੀ ਲਾਹੌਰ ਸੀ । ਅੰਗ੍ਰੇਜ਼ਾਂ ਨੂੰ ਪੜ੍ਹਾਈ ਬਾਰੇ ਕਾਫ਼ੀ ਫ਼ਿਕਰ ਸੀ; ਪਰ ਉਹਨਾਂ ਦਾ ਧਿਆਨ ਜ਼ਿਆਦਾ ਵੱਡੇ ਸ਼ਹਿਰਾਂ ਵੱਲ ਹੀ ਸੀ, ਜ਼ਿਆਦਾ ਕਰਕੇ ਲਾਹੌਰ ਵੱਲ, ਜਿੱਥੇ ਉਹਨਾਂ ਨੇ ਕਈ ਸਕੂਲ, ਕਾਲਜ ਤੇ ਇਕ ਯੂਨੀਵਰਸਿਟੀ ਵੀ ਖੋਲ੍ਹ ਦਿੱਤੀ ਸੀ। ਲਾਹੌਰ ਵਿੱਚ, ਚੰਗੀਆਂ ਸੜਕਾਂ, ਪਾਰਕ, ਬਾਗ਼, ਥਿਏਟਰ, ਖੇਡਾਂ ਦੇ ਮੈਦਾਨ ਤੇ ਬਿਜਲੀ ਦੀ ਸਹੂਲਤ ਸੀ, ਪਰ ਇਹੋ ਜਿਹੀਆਂ ਸਹੂਲਤਾਂ ਛੋਟੇ ਸ਼ਹਿਰਾਂ ਤੇ ਪਿੰਡਾਂ 'ਚ ਨਹੀਂ ਸਨ । ਜੇ ਕੋਈ ਜਣਾ ਲਾਹੌਰ ਜਾਂਦਾ ਤਾਂ ਉਹ ਆ ਕੇ ਲੋਕਾਂ ਨੂੰ ਲਾਹੌਰ ਦੀ ਜ਼ਿੰਦਗੀ ਦੇ ਸਾਰੇ ਅਜਿਹੇ ਪੱਖਾਂ ਬਾਰੇ ਦੱਸਦਾ, ਤਾਂ ਲੋਕ ਉਸ ਦੀਆਂ ਗੱਲਾਂ ਇਸ ਤਰ੍ਹਾਂ ਸੁਣਦੇ ਜਿਵੇਂ ਉਹ ਕੋਈ ਕਾਲਪਨਿਕ ਕਹਾਣੀ ਸੁਣ ਰਹੇ ਹੋਣ ।

ਲਾਹੌਰ ਤੋਂ ਕੁਝ ਅਖ਼ਬਾਰ ਛਪਣੇ ਸ਼ੁਰੂ ਹੋ ਗਏ ਸਨ, ਪਰ ਪਿੰਡਾਂ ਵਿੱਚ ਥੋੜ੍ਹੇ ਲੋਕ ਹੀ ਪੜ੍ਹੇ-ਲਿਖੇ ਸਨ, ਜੋ ਅਖ਼ਬਾਰ ਪੜ੍ਹ ਸਕਦੇ ਸਨ । ਜੇ ਕੋਈ ਜਣਾ ਅਖ਼ਬਾਰ ਖ਼ਰੀਦ ਕੇ ਪਿੰਡ 'ਚ ਲਿਆਉਂਦਾ ਤਾਂ ਲੋਕ ਖ਼ਬਰਾਂ ਸੁਣਨ ਵਾਸਤੇ ਉਸਦੇ ਦੁਆਲੇ ਬੈਠ ਜਾਂਦੇ ਸਨ। ਉਸ ਵੇਲੇ, ਰੇਡੀਓ ਦੀ ਖੋਜ ਹਾਲੀ ਨਵੀਂ-ਨਵੀਂ ਹੀ ਹੋਈ ਸੀ ਤੇ ਪਿੰਡ ਦੇ ਲੋਕਾਂ ਲਈ ਵੀ ਇਹ ਗੱਲ ਨਵੀਂ ਸੀ । ਇਕ ਵਾਰੀ ਪਿੰਡ ਦਾ ਇਕ ਅਮੀਰ ਆਦਮੀ ਬੈਟਰੀ ਨਾਲ ਚੱਲਣ ਵਾਲਾ ਰੇਡੀਉ ਲੈ ਆਇਆ ਤਾਂ ਸਾਰੇ ਪਿੰਡ ਦੇ ਲੋਕ ਉਸਨੂੰ ਸੁਣਨ ਲਈ ਇਕੱਠੇ ਹੋ ਗਏ । ਇਹ ਉਹਨਾਂ ਲਈ ਬਿਲਕੁਲ ਇਕ ਅਚੰਭਾ ਹੀ ਸੀ ।

19ਵੀਂ ਸਦੀ ਦੇ ਅੰਤ ਵਿੱਚ, ਕੁਝ ਸਿੱਖ, ਹਿੰਦੂ, ਮੁਸਲਮਾਨ ਤੇ ਈਸਾਈ ਧਰਮ-ਪ੍ਰਚਾਰਕਾਂ ਨੇ ਕੁਝ ਮਿਸ਼ਨਰੀ ਸਕੂਲ ਖੋਲ੍ਹੇ, ਸਿੰਘ ਸਭਾ ਨੇ ਕੁਝ ਖ਼ਾਲਸਾ ਸਕੂਲ ਖੋਲ੍ਹਣ 'ਚ ਪਹਿਲ ਕੀਤੀ; ਭਾਵੇਂ ਇਹ ਸਕੂਲ ਤੇ ਕਾਲਜ ਧਾਰਮਿਕ ਤੇ ਨੈਤਿਕ ਵਿੱਦਿਆ ਵੀ ਦੇਂਦੇ ਸਨ, ਤਾਂ ਵੀ ਸਾਰੇ



ਧਰਮਾਂ ਦੇ ਵਿਦਿਆਰਥੀ ਇਹਨਾਂ ਸਕੂਲਾਂ, ਕਾਲਜਾਂ ਵਿੱਚ ਦਾਖ਼ਲਾ ਲੈ ਸਕਦੇ ਸਨ । ਅਮੀਰ ਲੋਕਾਂ ਨੇ ਅਜਿਹੀਆਂ ਸੰਸਥਾਵਾਂ ਦੀ ਪੈਸੇ ਦੇ ਦਾਨ ਨਾਲ ਮਦਦ ਕੀਤੀ । ਪਰ ਸ਼ੁਰੂ 'ਚ ਪਿੰਡਾਂ 'ਚ ਬਹੁਤ ਹੀ ਘੱਟ ਸਕੂਲ ਖੋਲ੍ਹੇ ਗਏ । ਸਕੂਲੀ ਪੜ੍ਹਾਈ ਤੋਂ ਬਾਅਦ, ਹਰਬੰਸ ਸਿੰਘ ਨੇ ਆਯੁਰਵੈਦਿਕ ਪੜ੍ਹਾਈ ਵਿੱਚ ਦਾਖ਼ਲਾ ਲੈ ਲਿਆ ।

1917 ਦਾ ਰੂਸ ਦਾ ਇਨਕਲਾਬ ਵੀ ਲੋਕਾਂ ਲਈ ਇਕ ਨਵੀਂ ਗੱਲ ਸੀ । ਪੰਜਾਬ ਦੇ ਲੋਕਾਂ ਨੂੰ ਇਸ ਬਾਰੇ ਰੇਡੀਉ ਤੇ ਅਖ਼ਬਾਰਾਂ ਰਾਹੀਂ ਪਤਾ ਲੱਗਾ ਅਤੇ ਉਹ ਰੂਸ ਦੀ ਇਸ ਵਿਚਾਰਧਾਰਾ ਵਾਲੀ ਸੋਚ ਤੋਂ ਬੜੇ ਪ੍ਰਭਾਵਿਤ ਹੋਏ, ਜਿੱਥੇ ਕਿ ਦੇਸ਼ ਵਾਸੀਆਂ ਨੇ ਜ਼ਾਰ ਦਾ ਸ਼ਾਸਨ ਖ਼ਤਮ ਕਰ ਦਿੱਤਾ ਸੀ ਤੇ ਲੋਕਾਂ ਦਾ ਰਾਜ ਬਹਾਲ ਕਰ ਲਿਆ ਸੀ । ਲੋਕਾਂ ਨੂੰ ਉੱਥੇ ਮਿਲਦੀ ਸਮਾਜਿਕ ਸੁਰੱਖਿਆ ਵੀ ਇਕ ਬਿਲਕੁਲ ਹੀ ਨਵੀਂ ਗੱਲ ਜਾਪਦੀ, ਜੋ ਕਿ ਬੜੀ ਆਕਰਸ਼ਕ ਸੀ, ਜਿੱਥੇ ਕਿ ਹਰ ਕਿਸੇ ਦੀ ਦੇਖ-ਰੇਖ, ਸਰਕਾਰ ਦੁਆਰਾ ਕੀਤੀ ਜਾਂਦੀ ਸੀ । ਏਨੇ ਸਮੇਂ ਤਕ, ਪੰਜਾਬ ਵਿੱਦਿਆ ਦੇ ਖੇਤਰ 'ਚ ਵਧੀਆ ਕੰਮ ਕਰ ਚੁੱਕਾ ਸੀ ਤੇ ਬਹੁਤ ਸਾਰੇ ਪਰਿਵਾਰ ਆਪਣੇ ਬੱਚਿਆਂ ਨੂੰ ਸਕੂਲਾਂ ਤੇ ਕਾਲਜਾਂ 'ਚ ਭੇਜਣ ਲੱਗ ਪਏ ਸਨ ।

ਪਰ ਗੁਜਰਾਂਵਾਲਾ ਦੇ ਨੇੜਲੇ ਪਿੰਡ ਦੇ ਵਸਨੀਕਾਂ ਲਈ ਇਹ ਗੱਲ ਬੜੀ ਹੀ ਅਨੋਖੀ ਸੀ ਕਿ ਸ਼ਿਵਦਿਆਲ ਸਿੰਘ ਦੀ ਬੇਟੀ ਨੇ ਅੰਮ੍ਰਿਤਸਰ ਦੇ ਮੈਡੀਕਲ ਕਾਲਜ 'ਚ ਦਾਖ਼ਲਾ ਲੈ ਲਿਆ ਹੈ । ਖ਼ਾਸ ਕਰਕੇ ਉਹਨਾਂ ਦੀ ਪਤਨੀ ਦੇ ਸਮਰਪਣ ਬਾਰੇ ਪਿੰਡ 'ਚ ਅਤੇ ਨੇੜੇ ਤੇੜੇ ਦੇ ਇਲਾਕਿਆਂ 'ਚ ਗੱਲਾਂ ਹੁੰਦੀਆਂ ਸਨ । ਪਰ ਸ੍ਰੀਮਤੀ ਕੇਸਰ ਦੇਵੀ ਨੂੰ ਬਹੁਤ ਵਾਰੀ ਇਸ ਗੱਲ ਦਾ ਅਫ਼ਸੋਸ ਹੁੰਦਾ ਸੀ ਕਿ ਉਹ ਆਪਣੀ ਵੱਡੀ ਬੇਟੀ ਕਰਤਾਰ ਕੌਰ ਵੱਲ ਬਹੁਤਾ ਧਿਆਨ ਨਹੀਂ ਸੀ ਦੇ ਸਕੀ, ਪਰ ਫਿਰ ਵੀ ਉਸਨੇ ਆਪਣੀ ਬੇਟੀ ਨੂੰ ਗੁਰਦੁਆਰਾ ਸਾਹਿਬ ਵਿੱਚ ਮੁੱਢਲੀ ਸਿੱਖਿਆ ਲਈ ਭੇਜਿਆ ਤੇ ਉਹ ਗੁਰਬਾਣੀ ਪੜ੍ਹਨ ਲਿਖਣ ਤੇ ਹਿਸਾਬ-ਕਿਤਾਬ ਰੱਖਣ ਦੇ ਯੋਗ ਹੋ ਗਈ ਸੀ, ਸ਼ਿਵਦਿਆਲ ਸਿੰਘ ਦੀ ਪਤਨੀ, ਆਪਣੇ ਪਰਿਵਾਰ ਦੀ ਤਰੱਕੀ ਲਈ ਬੜੀ ਫ਼ਿਕਰਮੰਦ ਸੀ ।

ਹਰਬੰਸ ਸਿੰਘ ਆਪਣੇ ਮਾਤਾ ਜੀ ਦੇ ਮਹਿਮਾਨ-ਨਿਵਾਜ਼ੀ ਵਾਲੇ ਸੁਭਾਅ ਤੋਂ ਬਹੁਤ ਪ੍ਰਭਾਵਿਤ ਸਨ। ਇਸ ਲਈ ਬਹੁਤ ਸਾਰੇ ਰਿਸ਼ਤੇਦਾਰ ਤੇ ਦੋਸਤ ਉਸਦੇ ਘਰ 'ਚ ਆਉਂਦੇ ਤੇ ਉਹਨਾਂ ਦਾ ਮਾਤਾ ਜੀ ਵੱਲੋਂ ਖਿੜ੍ਹੇ ਮੱਥੇ

ਸੁਆਗਤ ਕੀਤਾ ਜਾਂਦਾ। ਹਰਬੰਸ ਸਿੰਘ ਨੇ ਆਪਣੀ ਪੜ੍ਹਾਈ ਖ਼ਤਮ ਕਰਕੇ, ਸੰਗਰੂਰ 'ਚ 1930 ਵਿੱਚ ਆਯੁਰਵੈਦਿਕ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਕਿਉਂਕਿ ਉਹ ਸੰਗਰੂਰ 'ਚ ਰਹਿੰਦੀ, ਆਪਣੀ ਭੈਣ ਕੋਲ ਰਹਿੰਦਾ ਸੀ, ਇਸ ਲਈ ਕਈ ਲੋਕ ਉਸਨੂੰ 'ਮਾਮਾ ਜੀ' ਕਹਿਣ ਲੱਗ ਪਏ।

ਹਰਬੰਸ ਸਿੰਘ ਦਾ ਵਿਆਹ ਬੀਬੀ ਰਣਜੀਤ ਕੌਰ ਨਾਲ ਹੋਇਆ, ਜੋ ਕਿ ਸ਼ਰੀਫ਼ ਤੇ ਪੜ੍ਹੇ ਲਿਖੇ ਪਰਿਵਾਰ ਨਾਲ ਸੰਬੰਧ ਰੱਖਦੀ ਸੀ। ਸ਼ਿਵਦਿਆਲ ਸਿੰਘ ਦੇ ਪਰਿਵਾਰ ਵਾਂਗ ਹੀ ਉਹਨਾਂ ਦਾ ਪਰਿਵਾਰ ਵੀ ਘਰ ਦੇ ਕੰਮ-ਕਾਜ ਕਰਨ ਤੋਂ ਇਲਾਵਾ ਸਰਗੋਧਾ ਜ਼ਿਲ੍ਹੇ ਵਿੱਚ, ਸਮਾਜ ਸੇਵਾ ਤੇ ਧਾਰਮਿਕ ਕੰਮਾਂ ਵੱਲ ਸਮਰਪਿਤ ਸੀ। ਰਣਜੀਤ ਕੌਰ ਦੇ ਪਿਤਾ ਜੀ, ਲਾਹੌਰ ਦੇ ਗੁਰਦੁਆਰੇ ਵਿੱਚ ਗ੍ਰੰਥੀ ਸਨ ਤੇ ਉਸਦੇ ਦੋ ਭਰਾ, ਲਾਹੌਰ 'ਚ ਪੜ੍ਹ ਰਹੇ ਸਨ। ਉਸਦੀਆਂ ਹੋਰ ਤਿੰਨ ਭੈਣਾਂ ਨੇ ਸਕੂਲੀ ਪੱਧਰ ਦੀ ਪੜ੍ਹਾਈ ਕੀਤੀ ਹੋਈ ਸੀ।

ਸ਼ਿਵਦਿਆਲ ਸਿੰਘ ਦੀ ਛੋਟੀ ਬੇਟੀ ਸ਼ਾਂਤਾ ਨੇ L.S.M.F ਦੀ ਪੜ੍ਹਾਈ ਪੂਰੀ ਕਰ ਲਈ ਤੇ ਉਸਨੂੰ ਸਰਕਾਰੀ ਨੌਕਰੀ ਮਿਲ ਗਈ। ਉਸਦੀ ਨੌਕਰੀ ਗੁਰਦਾਸਪੁਰ ਜ਼ਿਲੇ 'ਚ ਡਲਹੌਜ਼ੀ ਵਿਖੇ ਲੱਗੀ ਸੀ। ਉਹਨਾਂ ਦਿਨਾਂ 'ਚ ਡਾਕਟਰਾਂ ਦੀ ਬੜੀ ਕਮੀ ਸੀ। ਇਸ ਕਰਕੇ, ਸਰਕਾਰੀ ਕਰਮਚਾਰੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਤੇ ਵਧੀਆ ਤਨਖ਼ਾਹ ਮਿਲਦੀ ਸੀ।

ਉਹਨਾਂ ਦਿਨਾਂ ਵਿੱਚ, Diagnostic Laboratories (ਬਿਮਾਰੀ ਲੱਭਣ ਲਈ ਪ੍ਰਯੋਗਸ਼ਾਲਾਵਾਂ) ਦੀ ਘਾਟ ਸੀ। ਸਰਕਾਰੀ ਡਾਕਟਰ ਸਾਰਾ ਦਿਨ ਬਹੁਤ ਹੀ ਰੁੱਝੇ ਰਹਿੰਦੇ, ਪਰ ਉਹਨਾਂ ਨੂੰ ਰਾਤ ਵੇਲੇ ਵੀ ਡਿਊਟੀ ਕਰਨੀ ਪੈਂਦੀ ਸੀ। ਬਹੁਤ ਵਾਰੀ, ਐਮਰਜੈਂਸੀ ਰੋਗੀ, ਅੱਧੀ ਰਾਤ ਨੂੰ ਪਹੁੰਚਦੇ ਤੇ ਡਾਕਟਰ ਨੂੰ ਉਹਨਾਂ ਨੂੰ ਦੇਖਣਾ ਪੈਂਦਾ। ਹਸਪਤਾਲ ਵਿੱਚ ਪੈਰਾ-ਮੈਡੀਕਲ ਸਟਾਫ਼ ਵੀ ਨਹੀਂ ਸੀ ਹੁੰਦਾ। ਇਸ ਕਰਕੇ, ਹੋਰ ਕੰਮ ਵੀ ਡਾਕਟਰਾਂ ਨੂੰ ਹੀ ਕਰਨੇ ਪੈਂਦੇ ਸਨ। ਪਰ ਉਹ ਇਕ ਪਹਾੜੀ ਇਲਾਕੇ 'ਚ ਕੰਮ ਕਰਕੇ ਬੜੀ ਖੁਸ਼ ਸੀ। ਫੇਰ 1947 ਵਿੱਚ ਉਸ ਦੀ ਬਦਲੀ ਮਜੀਠੇ ਵਿਖੇ ਹੋ ਗਈ। ਹਾਲੀ ਉਹ ਉੱਥੇ ਟਿਕੀ ਹੀ ਸੀ ਕਿ ਉਸਦੀ ਬਦਲੀ ਜ਼ਿਲ੍ਹਾ ਸਿਆਲਕੋਟ 'ਚ, ਸ਼ਕਰਗੜ੍ਹ ਵਿਖੇ ਕਰ ਦਿੱਤੀ ਗਈ, ਜਿਹੜਾ ਕਿ ਪਾਕਿਸਤਾਨ ਦਾ ਹਿੱਸਾ ਬਣ ਗਿਆ ਸੀ। ਉਸ ਤੋਂ ਬਾਅਦ, ਉਸ ਇਲਾਕੇ 'ਚ ਬਹੁਤ ਸਾਰੇ ਦੰਗੇ ਹੋਣ ਲੱਗ ਪਏ। ਉਸਦੇ ਵਾਸਤੇ ਉੱਥੇ ਨੌਕਰੀ ਕਰਨਾ ਸੁਰੱਖਿਅਤ ਨਹੀਂ ਸੀ, ਇਸ ਲਈ ਉਸਨੂੰ ਨੌਕਰੀ ਤੋਂ ਅਸਤੀਫ਼ਾ ਦੇਣਾ ਪਿਆ।



ਰਾਜਸਥਾਨ ਵਿੱਚ ਡਾਕਟਰਾਂ ਦੀ ਬਹੁਤ ਕਮੀ ਸੀ ਅਤੇ ਉਸ ਇਲਾਕੇ ਦੇ ਲੋਕ ਕਈ ਬਿਮਾਰੀਆਂ ਤੋਂ ਪੀੜਿਤ ਸਨ। ਰਾਜਸਥਾਨ ਦੇ ਸ਼ਾਹੀ ਰਾਜ ਦਾ ਇਕ ਮਹਾਰਾਜਾ ਉਸ ਕੋਲ ਆਇਆ ਤੇ ਉਸਨੇ ਉਸਨੂੰ ਆਪਣੇ ਰਾਜ 'ਚ ਨੌਕਰੀ ਕਰਨ ਦੀ ਬੇਨਤੀ ਕੀਤੀ, ਜਿਸ 'ਤੇ ਉਹ ਸਹਿਮਤ ਹੋ ਗਈ ਅਤੇ ਉਸਨੂੰ ਟਿਕਾਣਾ ਸਟੇਟ 'ਚ ਕੋਟਪੁਤਲੀ ਵਿਖੇ ਨਿਯੁਕਤ ਕਰ ਦਿੱਤਾ। ਇਸ ਇਲਾਕੇ 'ਚ ਕਈ ਵਾਰੀ ਮਹਾਂਮਾਰੀਆਂ ਫੈਲਣ ਕਾਰਨ ਕਈ ਬਿਮਾਰੀਆਂ ਫੈਲਦੀਆਂ ਰਹੀਆਂ ਸਨ। ਇੱਥੇ ਬਹੁਤ ਜ਼ਿਆਦਾ ਗ਼ਰੀਬੀ ਸੀ; ਜ਼ਿਆਦਾ ਲੋਕ ਦਿਹਾੜੀਆਂ ਹੀ ਕਰਦੇ ਸਨ।

ਬਹੁਤ ਸਾਰੇ ਲੋਕਾਂ ਨੂੰ ਬਿਮਾਰੀ ਦੇ ਦੌਰਾਨ ਹੀ ਇਲਾਜ ਛੱਡਣਾ ਪੈਂਦਾ ਸੀ, ਜਿਸ ਕਰਕੇ ਉਹਨਾਂ ਨੂੰ ਗੰਭੀਰ ਸਮੱਸਿਆਵਾਂ ਤੇ ਸਥਾਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਹ ਲੋਕਾਂ ਦੇ ਇਲਾਜ ਲਈ ਬਹੁਤ ਮਿਹਨਤ ਕਰਦੀ ਸੀ। ਲੋਕਾਂ ਨੂੰ ਉਸ 'ਚ ਬਹੁਤ ਹੀ ਵਿਸ਼ਵਾਸ ਸੀ ਤੇ ਉਹ ਉਸਨੂੰ ਇਕ ਧਾਰਮਿਕ ਫ਼ਰਿਸ਼ਤਾ ਹੀ ਸਮਝਦੇ ਸਨ। ਉਸ ਇਲਾਕੇ ਦੇ ਲੋਕ ਉਸਦਾ ਬਹੁਤ ਸਤਿਕਾਰ ਕਰਦੇ ਸਨ ਤੇ ਲੋਕਾਂ ਤੋਂ ਮਿਲੇ ਪਿਆਰ ਤੇ ਮੋਹ ਕਾਰਨ, ਉਸ ਨੇ ਪੱਕੇ ਤੌਰ 'ਤੇ ਉੱਥੇ ਹੀ ਰਹਿਣ ਦਾ ਫ਼ੈਸਲਾ ਕਰ ਲਿਆ।

ਉਸਦੀ ਮਾਤਾ ਉਸਦੇ ਵਿਆਹ ਲਈ ਫ਼ਿਕਰਮੰਦ ਸੀ, ਪਰ ਸ਼ਾਂਤਾ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ। ਬਾਅਦ ਵਿੱਚ, ਉਸਦੀ ਮਾਤਾ ਨੇ ਦੁਬਾਰਾ ਉਸਨੂੰ ਆਪਣੇ ਇਸ ਮਹੱਤਵਪੂਰਨ ਫ਼ਰਜ਼ ਬਾਰੇ ਕਿਹਾ, ਪਰ ਉਸਨੇ ਦੇਖਿਆ ਕਿ ਸ਼ਾਂਤਾ ਨੇ ਵਿਆਹ ਨਾ ਕਰਾਉਣ ਦਾ ਇਰਾਦਾ ਕੀਤਾ ਹੋਇਆ ਸੀ, ਇਸ ਲਈ ਉਸਨੇ ਉਸਨੂੰ ਇਸ ਕੰਮ ਲਈ ਕਦੀ ਵੀ ਮਜਬੂਰ ਨਾ ਕੀਤਾ। ਉਹ ਆਪਣੀ ਸੇਵਾ-ਮੁਕਤੀ ਤੱਕ ਕੋਟਪੁਤਲੀ ਵਿਖੇ ਹੀ ਰਹੀ ਅਤੇ ਹੁਣ ਉਸਨੂੰ ਸਾਰਾ ਇਲਾਕਾ ਹੀ ਜਾਣਦਾ ਸੀ—ਤੇ ਉਸਨੇ ਇਸ ਜਗ੍ਹਾ ਨੂੰ ਨਾ ਛੱਡਣ ਦਾ ਫ਼ੈਸਲਾ ਕਰ ਲਿਆ।

ਉਸਦੀ ਵੱਡੀ ਭੈਣ ਕਰਤਾਰ ਕੌਰ ਦਾ ਵਿਆਹ ਡਾਕਟਰ ਬਖ਼ਸ਼ੀ ਰਾਮ ਨਾਲ ਹੋ ਗਿਆ ਜਿਹੜਾ ਕਿ ਸੰਗਰੂਰ 'ਚ ਸਰਜਨ ਦੇ ਤੌਰ 'ਤੇ ਨੌਕਰੀ ਕਰਦਾ ਸੀ। ਇਕ ਵਾਰੀ ਸੰਤ ਅਤਰ ਸਿੰਘ ਜੀ ਦੇ ਪੈਰ ਨੂੰ ਗੈਂਗਰੀਨ ਹੋ ਗਈ, ਤੇ ਉਹਨਾਂ ਨੂੰ ਡਾਕਟਰ ਬਖ਼ਸ਼ੀ ਰਾਮ ਦੀ ਸਲਾਹ ਲੈਣ ਲਈ ਕਿਹਾ ਗਿਆ, ਜਿਹਨਾਂ ਨੇ ਸੰਤ ਅਤਰ ਸਿੰਘ ਜੀ ਦਾ ਬੜਾ ਸਫਲਤਾ-ਪੂਰਵਕ ਅਪਰੇਸ਼ਨ ਕਰ ਦਿੱਤਾ। ਡਾਕਟਰ ਬਖ਼ਸ਼ੀ ਰਾਮ ਦਾ ਬੇਟਾ ਜੋ ਕਿ

ਮੈਡੀਕਲ ਕਾਲਜ 'ਚ ਪੜ੍ਹ ਰਿਹਾ ਸੀ, ਉਹ ਆਪਣੀ ਨਾਨੀ ਕੋਲ ਰਹਿ ਰਿਹਾ ਸੀ । ਉਸਦੀ ਨਾਨੀ ਸਾਧੂ ਸੁਭਾਅ ਦੀ ਔਰਤ ਸੀ । ਉਹ ਸਵੇਰ ਵੇਲੇ ਪਾਠ-ਪੂਜਾ ਕਰਦੀ ਸੀ ਅਤੇ ਆਪਣੇ-ਨਿੱਤਨੇਮ ਦੇ ਕਾਰ-ਵਿਹਾਰ ਕਰਨ ਤੋਂ ਪਹਿਲਾਂ ਕੁਝ ਵੀ ਨਹੀਂ ਖਾਂਦੀ ਸੀ ।

ਸ਼ਿਵਦਿਆਲ ਸਿੰਘ ਦੀ ਮੌਤ ਤੋਂ ਬਾਅਦ, ਹਰਬੰਸ ਸਿੰਘ ਦੇ ਚਾਚਾ ਜੀ ਸਾਰੇ ਪਰਿਵਾਰ ਦੀ ਦੇਖ-ਰੇਖ ਕਰਦੇ ਸਨ । ਉਹ ਪਰਿਵਾਰ ਦਾ ਧਿਆਨ ਰੱਖਦੇ ਤੇ ਪਰਿਵਾਰ ਦੀ ਅਗਵਾਈ ਕਰਦੇ । ਉਹ ਆਪਣੇ ਭਰਾ ਦੇ ਬੱਚਿਆਂ ਦੀ ਆਪਣੇ ਬੱਚਿਆਂ ਵਾਂਗ ਹੀ ਦੇਖ-ਭਾਲ ਕਰਦੇ ਸਨ ਤੇ ਪਰਿਵਾਰ ਦੀਆਂ ਸਾਰੀਆਂ ਮਨੋਵਿਗਿਆਨਕ ਲੋੜਾਂ ਦਾ ਵੀ ਧਿਆਨ ਰੱਖਦੇ ਸਨ ।

ਉਸਦੇ ਚਾਚਾ ਜੀ ਨੇ ਮਲੇਸ਼ੀਆ ਵੱਸਣ ਦਾ ਮਨ ਬਣਾ ਲਿਆ ਤੇ ਉਹਨਾਂ ਹਰਬੰਸ ਸਿੰਘ ਨੂੰ ਵੀ ਉੱਥੇ ਹੀ ਜਾ ਕੇ ਵੱਸਣ ਲਈ ਜ਼ੋਰ ਦਿੱਤਾ, ਪਰ ਹਰਬੰਸ ਸਿੰਘ ਦੇ ਮਨ 'ਚ ਕੋਈ ਹੋਰ ਗੱਲ ਸੀ । ਡਾ. ਹਰਬੰਸ ਸਿੰਘ ਦੀ ਜ਼ਿੰਦਗੀ ਦਾ ਮਿਸ਼ਨ ਇਕੋ ਹੀ ਸੀ ਕਿ ਉਹ ਮਨੁੱਖਤਾ ਦੀ ਸੇਵਾ ਕਰਨਗੇ— ਤੇ ਏਦਾਂ ਕਰਕੇ ਜੋ ਆਨੰਦ ਉਹਨਾਂ ਨੂੰ ਪ੍ਰਾਪਤ ਹੁੰਦਾ ਸੀ, ਉਹ ਦੁਨਿਆਵੀ ਆਨੰਦ ਤੋਂ ਕਿਤੇ ਜ਼ਿਆਦਾ ਸੀ । ਇਸ ਲਈ ਉਹਨਾਂ ਨੇ ਸੰਗਰੂਰ ਚਲੇ ਜਾਣ ਦਾ ਮਨ ਬਣਾ ਲਿਆ, ਤਾਂ ਕਿ ਹਰ ਗੱਲ 'ਚ ਉਹ ਆਪਣੇ ਜੀਜਾ ਜੀ ਦੀ ਅਗਵਾਈ ਪ੍ਰਾਪਤ ਕਰ ਸਕਣ ਤੇ ਆਪਣੇ ਭਣੇਂਵੇ ਦਾ ਸਾਥ ਮਾਣ ਸਕਣ, ਜਿਹੜਾ ਕਿ ਉਸ ਸਮੇਂ ਲਾਹੌਰ 'ਚ ਹੀ ਪੜ੍ਹਦਾ ਸੀ, ਜਦੋਂ ਹਰਬੰਸ ਸਿੰਘ ਆਪਣੀ ਆਯੁਰਵੈਦਿਕ ਦੀ ਪੜ੍ਹਾਈ ਕਰ ਰਹੇ ਸਨ ।

ਉਹਨਾਂ ਨੇ ਮਿਸ਼ਨਰੀ ਉਤਸ਼ਾਹ ਨਾਲ ਮੈਡੀਕਲ ਦੀ ਪ੍ਰੈਕਟਿਸ ਉੱਥੇ ਸ਼ੁਰੂ ਕੀਤੀ ਤੇ ਛੇਤੀ ਹੀ, ਉਹ ਲੋਕਾਂ ਲਈ ਇਕ ਆਸ ਦੀ ਕਿਰਨ ਬਣ ਗਏ। ਸੰਗਰੂਰ ਦੇ ਨੇੜੇ ਤੇੜੇ ਦੇ ਲੋਕ ਉਹਨਾਂ ਨੂੰ ਆਪਣੇ ਲਈ ਇਕ ਵਰਦਾਨ ਹੀ ਸਮਝਣ ਲੱਗ ਪਏ ਸਨ । ਜਦੋਂ ਵੀ ਇਸ ਇਲਾਕੇ ਦੇ ਲੋਕ, ਕਿਸੇ ਸਰੀਰਕ ਰੋਗ ਤੋਂ ਪੀੜਿਤ ਹੁੰਦੇ, ਤਾਂ ਉਹ ਪਟਿਆਲੇ ਜਾਂ ਲੁਧਿਆਣੇ ਜਾਣ ਦੀ ਬਜਾਏ, ਆਪਣੀਆਂ ਸਮੱਸਿਆਵਾਂ ਲੈ ਕੇ, ਉਹਨਾਂ ਕੋਲ ਜਾਣ ਲੱਗ ਪਏ ਅਤੇ ਉਹਨਾਂ ਦੇ ਇਲਾਜ 'ਚ ਕੁਝ ਅਜਿਹਾ ਜਾਦੂ ਸੀ ਕਿ, ਬੜੇ ਹੀ ਘੱਟ ਖ਼ਰਚੇ ਦੇ ਨਾਲ, ਉਹਨਾਂ ਲੋਕਾਂ ਨੂੰ ਆਰਾਮ ਆ ਜਾਂਦਾ । ਕਈ ਮਰੀਜ਼ਾਂ ਨੂੰ ਉਹਨਾਂ ਦੀ ਨਿਗਰਾਨੀ ਵਾਸਤੇ ਉਹਨਾਂ ਦੇ ਘਰ ਵੀ ਰੱਖ ਲਿਆ ਜਾਂਦਾ । ਡਾ. ਹਰਬੰਸ ਸਿੰਘ ਉਸ ਇਲਾਕੇ ਦੇ ਬਹੁਤ ਹੀ ਮਾਣਯੋਗ ਸਮਾਜਿਕ ਵਿਅਕਤਿਤਵ



ਬਣ ਗਏ ਸਨ। ਉਹ ਰੱਬ ਤੋਂ ਡਰਨ ਵਾਲੇ ਸਨ । ਗੁਰਬਾਣੀ, ਉਹਨਾਂ ਦਾ ਅਧਿਆਤਮਿਕ ਗੁਰੂ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਗੁਰਬਾਣੀ ਨਾਲ ਹੀ ਮਨ ਦੇ ਅੰਦਰ ਪਰਮਾਤਮਾ ਦਾ ਵਿਸ਼ਵਾਸ ਪਰਪੱਕ ਹੁੰਦਾ ਹੈ, ਜਿਸ ਦੀ ਰੋਸ਼ਨੀ ਹਰ ਜੀਵ 'ਚ ਹੀ ਹੁੰਦੀ ਹੈ । ਜਿਹੜਾ ਵੀ ਗੁਰਬਾਣੀ 'ਤੇ ਚੱਲਦਾ ਹੈ, ਉਹ ਦੁਨੀਆਂ ਦੇ ਹਰ ਜੀਵ ਪ੍ਰਤੀ ਦਿਆਲੂ ਹੋ ਜਾਂਦਾ ਹੈ ਤੇ ਉਸਦੇ ਸਾਰੇ ਕੰਮ ਪਰਉਪਕਾਰੀ ਹੋ ਜਾਂਦੇ ਹਨ । ਡਾ. ਹਰਬੰਸ ਸਿੰਘ, ਸਾਧੂ ਟੀ. ਐਲ. ਵਸਵਾਨੀ ਦੀਆਂ ਲਿਖਤਾਂ ਤੋਂ ਬੜੇ ਪ੍ਰਭਾਵਿਤ ਸਨ, ਜੋ ਕਿ ਸਿੰਧ ਰਾਜ ਨਾਲ ਸੰਬੰਧ ਰੱਖਦੇ ਸਨ । ਇਕ ਵਾਰੀ ਉਹ ਸਾਧੂ ਟੀ. ਐਲ. ਵਾਸਵਾਨੀ ਦੀ ਸਭਾ 'ਚ ਵੀ ਗਏ ਤੇ ਉਹਨਾਂ ਦੇ ਪ੍ਰਵਚਨਾਂ ਤੋਂ ਉਹਨਾਂ ਨੂੰ ਅਲੱਗ ਤਰ੍ਹਾਂ ਦੀ ਖ਼ੁਸ਼ੀ ਪ੍ਰਾਪਤ ਹੋਈ ।

ਦੂਜੇ ਪਾਸੇ, ਉਹਨਾਂ ਦੀ ਪਤਨੀ ਵੀ ਸੰਤ-ਸੁਭਾਅ ਦੀ ਔਰਤ ਸੀ । ਉਹ ਵੀ ਮਰੀਜ਼ਾਂ ਦੀ ਦੇਖ-ਭਾਲ ਕਰਦੀ ਤੇ ਪਰਿਵਾਰ 'ਚ ਆਉਂਦੇ ਮਹਿਮਾਨਾਂ ਦਾ ਵੀ ਪੂਰਾ ਧਿਆਨ ਰੱਖਦੀ, ਜਦੋਂ ਕਦੀ, ਮਰੀਜ਼ਾਂ ਦੀ ਗਿਣਤੀ ਜ਼ਿਆਦਾ ਹੋ ਜਾਂਦੀ ਤਾਂ ਉਹ ਉਹਨਾਂ ਦੇ ਬੈੱਡ ਲਵਾਉਣ ਲਈ ਘਰ ਦੇ ਕਮਰੇ ਖ਼ਾਲੀ ਕਰਵਾ ਲੈਂਦੀ, ਕਿਉਂਕਿ ਉਸਨੂੰ ਮਹਿਸੂਸ ਹੁੰਦਾ ਸੀ ਕਿ ਉਹਨਾਂ ਲਈ ਉਸ ਸਮੇਂ ਆਉਣਾ-ਜਾਣਾ ਬੜਾ ਮੁਸ਼ਕਲ ਸੀ । ਉਹ ਮਰੀਜ਼ਾਂ ਨੂੰ ਖਾਣਾ ਵੀ ਖਵਾਉਂਦੀ ਤੇ ਚਾਹ ਵੀ ਪਿਆਉਂਦੀ ।

25 ਜਨਵਰੀ, 1942 ਨੂੰ ਇਸ ਪਰਿਵਾਰ ਨੂੰ ਰੱਬ ਵੱਲੋਂ ਇਕ ਬੱਚੀ ਦੀ ਦਾਤ ਬਖ਼ਸ਼ੀ ਗਈ । ਉਸਦਾ ਨਾਮ ਰੱਖਣ ਲਈ, ਜਿਹੜਾ ਕਿਸਮਤ ਵਾਲਾ ਅੱਖਰ ਨਿਕਲਿਆ, ਉਹ ਪੰਜਾਬੀ ਦੀ ਵਰਣ-ਮਾਲਾ ਦਾ 'ੲ' ਅੱਖਰ ਸੀ । ਇਸ ਲਈ ਸਲਾਹ ਦਿੱਤੀ ਗਈ ਕਿ ਉਸਦਾ ਨਾਮ ਇੰਦਰ ਕੌਰ ਰੱਖ ਲਿਆ ਜਾਵੇ, ਪਰ ਉਸਦੀ ਮਾਂ, ਰਣਜੀਤ ਕੌਰ ਨੇ ਸਭ 'ਤੇ ਜ਼ੋਰ ਪਾਇਆ ਕਿ ਇਸਦਾ ਨਾਮ ਇੰਦਰ ਕੌਰ ਨਹੀਂ ਰੱਖਣਾ, ਕਿਉਂਕਿ ਇੰਦਰ ਬਹਾਦਰ ਨਹੀਂ ਸੀ ਤੇ ਉਸਦੀ ਬੇਟੀ ਦਾ ਨਾਮ ਇੰਦਰ ਨੂੰ ਜਿੱਤਣ ਵਾਲਾ ਰੱਖ ਦਿੱਤਾ, ਭਾਵ ਕਿ ਇੰਦਰਜੀਤ ਕੌਰ । ਰਣਜੀਤ ਕੌਰ ਦੀ ਰਾਇ ਸੀ ਕਿ ਇਕ ਦਿਨ ਉਸਦੀ ਬੇਟੀ ਮਹਾਨ ਔਰਤ ਬਣੇਗੀ ਤੇ ਸਮਾਜ ਵਿੱਚ ਉਸਦਾ ਨਾਮ ਹੋਵੇਗਾ ।

ਜੀਂਦ ਰਿਆਸਤ ਦੇ ਮਹਾਰਾਜਾ ਸਿੱਖ ਸਨ । ਜ਼ਿਆਦਾ ਵੱਸੋਂ ਉੱਥੇ ਮੁਸਲਮਾਨਾਂ ਦੀ ਸੀ, ਪਰ ਉਹਨਾਂ ਦੇ ਉਸ ਰਾਜ ਦੇ ਸਿੱਖਾਂ ਤੇ ਹਿੰਦੂਆਂ ਨਾਲ ਬੜੇ ਗੂੜ੍ਹੇ ਸੰਬੰਧ ਸਨ । ਸੰਗਰੂਰ 'ਚ ਮਹਾਰਾਜਾ ਆਪਣੇ ਮਹੱਲ 'ਚ ਰਹਿੰਦਾ



ਡਾ. ਇੰਦਰਜੀਤ ਕੌਰ ਦੇ ਪਿਤਾ ਜੀ ਡਾ. ਹਰਬੰਸ ਸਿੰਘ ਜੀ ਆਪਣੇ ਪੁੱਤਰ ਨਾਲ



ਡਾ. ਇੰਦਰਜੀਤ ਕੌਰ ਦੇ ਮਾਤਾ ਜੀ ਸ. ਰਣਜੀਤ ਕੌਰ



ਸੀ । ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ । ਪਰ ਸਿੰਜਾਈ ਦੀਆਂ ਵਧੀਆ ਸਹੂਲਤਾਂ ਦੀ ਅਣਹੋਂਦ ਕਾਰਨ ਤੇ ਖੇਤੀਬਾੜੀ ਕਰਨ ਦੇ ਪੁਰਾਣੇ ਢੰਗ-ਤਰੀਕਿਆਂ ਕਾਰਨ, ਇਹ ਕਿੱਤਾ ਲਾਭਦਾਇਕ ਨਹੀਂ ਸੀ। ਮਹਾਰਾਜੇ ਦੀ ਇੱਛਾ ਆਪਣੇ ਲੋਕਾਂ ਨੂੰ ਆਧੁਨਿਕ ਸਿੱਖਿਆ ਦਾ ਪ੍ਰਬੰਧ ਕਰਨ ਦੀ ਸੀ, ਇਸ ਲਈ ਉਸਨੇ ਸੰਗਰੂਰ 'ਚ ਇਕ ਸਕੂਲ ਤੇ ਕਾਲਜ ਖੋਲ੍ਹ ਦਿੱਤਾ ਅਤੇ ਰਿਆਸਤ ਦੇ ਹੋਰ ਹਿੱਸਿਆਂ 'ਚ ਵੀ ਪੜ੍ਹਾਈ ਲਈ ਇਹੋ ਜਿਹੀਆਂ ਕੋਸ਼ਿਸ਼ਾਂ ਕੀਤੀਆਂ । ਪਰ ਹਾਲੀ ਵੀ ਉੱਥੇ ਕਈ ਵਿਕਾਸ ਵਾਲੇ ਕੰਮ ਕਰਨੇ ਬਾਕੀ ਸਨ। ਲੋਕੀਂ ਗ਼ਰੀਬ ਤੇ ਅਨਪੜ੍ਹ ਸਨ । ਉਸ ਇਲਾਕੇ 'ਚ ਕੁਝ ਹਕੀਮ ਤੇ ਕੁਝ ਵੈਦ ਸਨ ਤੇ ਅਜਿਹੇ ਡਾਕਟਰਾਂ ਦੇ ਹਸਪਤਾਲਾਂ 'ਚ ਲੋਕਾਂ ਦੀ ਵੱਡੀ ਭੀੜ ਰਹਿੰਦੀ ਸੀ । ਦਵਾਈਆਂ ਦੇ ਕਾਫ਼ੀ ਪੈਸੇ ਲਏ ਜਾਂਦੇ ਸਨ । ਪਰ ਜਦੋਂ ਇਕ ਵਾਰੀ ਹਰਬੰਸ ਸਿੰਘ ਨੇ ਪ੍ਰੈਕਟਿਸ ਸ਼ੁਰੂ ਕੀਤੀ, ਉਹ ਉਹਨਾਂ ਲੋਕਾਂ ਲਈ ਇਕ ਫ਼ਰਿਸ਼ਤਾ ਬਣ ਗਿਆ ਤੇ ਖ਼ਾਸ ਕਰਕੇ ਉਸਦੀ ਸੇਵਾ-ਭਾਵਨਾ ਤੇ ਦਿਆਲੂ ਸੁਭਾਅ ਦਾ ਹੋਣਾ, ਲੋਕਾਂ ਲਈ ਖ਼ਾਸ ਅਕਰਸ਼ਣ ਸੀ, ਇਸ ਕਰਕੇ ਉਹ ਨਿਰਸਵਾਰਥ ਸੇਵਾ ਤੇ ਆਪਣੀ ਉਦਾਰਤਾ ਕਰਕੇ, ਲੋਕਾਂ 'ਚ ਹਰਮਨ-ਪਿਆਰਾ ਹੋ ਗਿਆ ।

ਡਾ. ਹਰਬੰਸ ਸਿੰਘ ਦੀ ਹਵੇਲੀ ਬਹੁਤ ਵੱਡੀ ਸੀ, ਇਸ ਲਈ, ਉਸਨੇ ਮੱਝਾਂ ਤੇ ਗਾਈਆਂ ਰੱਖੀਆਂ ਹੋਈਆਂ ਸਨ । ਇਹਨਾਂ ਦਾ ਦੁੱਧ ਉਹਨਾਂ ਦੇ ਪਰਿਵਾਰ ਲਈ ਤੇ ਦਾਖ਼ਲ ਕੀਤੇ ਮਰੀਜ਼ਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫ਼ੀ ਸੀ । ਡਾ. ਸਾਹਿਬ ਦੀ ਮਾਤਾ, ਇਹਨਾਂ ਗਾਈਆਂ-ਮੱਝਾਂ ਦੀ ਦੇਖ-ਭਾਲ ਕਰਦੀ ਸੀ । ਇਸੇ ਤਰ੍ਹਾਂ, ਉਹ ਉਹਨਾਂ ਰਿਸ਼ਤੇਦਾਰਾਂ ਦੀ ਵੀ ਦੇਖ-ਭਾਲ ਕਰਦੀ ਸੀ, ਜਿਹੜੇ ਉਹਨਾਂ ਦੇ ਘਰ 'ਚ ਆਉਂਦੇ ਸਨ । ਇਹਨਾਂ ਰਿਸ਼ਤੇਦਾਰਾਂ ਦਾ ਉਹ ਖ਼ਾਸ ਧਿਆਨ ਰੱਖਦੀ ਸੀ ।

1947 ਵਿੱਚ, ਭਾਰਤ ਆਜ਼ਾਦ ਹੋ ਗਿਆ, ਪਰ ਦੇਸ਼ ਵੰਡਿਆ ਗਿਆ । ਪੰਜਾਬ ਪੂਰਬ ਤੇ ਪੱਛਮ 'ਚ ਵੰਡਿਆ ਗਿਆ । ਪੂਰਬੀ ਪੰਜਾਬ ਦੇ ਮੁਸਲਮਾਨ ਨਵੇਂ ਬਣੇ ਪਾਕਿਸਤਾਨ 'ਚ ਜਾਣ ਲੱਗ ਪਏ ਅਤੇ ਇਸੇ ਤਰ੍ਹਾਂ ਪੱਛਮੀ ਪੰਜਾਬ ਦੇ ਹਿੰਦੂ ਤੇ ਸਿੱਖ, ਭਾਰਤ 'ਚ, ਆਉਣੇ ਸ਼ੁਰੂ ਹੋ ਗਏ । ਸੰਗਰੂਰ ਵਿੱਚ, ਮੁਸਲਮਾਨਾਂ ਦੀ ਕਾਫ਼ੀ ਅਬਾਦੀ ਸੀ ਅਤੇ ਉੱਥੇ ਦੰਗੇ ਭੜਕ ਉੱਠੇ ਸਨ । ਉਸ ਸਮੇਂ ਡਾ. ਹਰਬੰਸ ਸਿੰਘ ਗੁਰਦੁਆਰਾ ਸਿੰਘ ਸਭਾ ਸੰਗਰੂਰ ਦੇ ਪ੍ਰਧਾਨ ਸਨ । ਡਾ. ਹਰਬੰਸ ਸਿੰਘ ਨੇ ਗੁਰਦੁਆਰਾ ਕਮੇਟੀ ਦੇ

ਮੈਂਬਰਾਂ ਤੇ ਆਪਣੇ ਵਿਸ਼ਵਾਸ-ਪਾਤਰ ਦੋਸਤਾਂ ਦੀ ਇੱਕ ਰੱਖਿਆ ਕਮੇਟੀ ਬਣਾਈ ਤੇ ਇਲਾਕੇ ਦੇ ਮੁਸਲਮਾਨਾਂ ਦੀ ਰੱਖਿਆ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ । ਉਹਨਾਂ ਨੇ ਸੁਰੱਖਿਅਤ ਢੰਗ ਨਾਲ ਮੁਸਲਮਾਨਾਂ ਨੂੰ ਉਹਨਾਂ ਕੈਂਪਾਂ 'ਚ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਜਿਹੜੇ ਕਿ ਉਹਨਾਂ ਲਈ ਬਣਾਏ ਗਏ ਸਨ । ਇਸ ਕੰਮ 'ਚ, ਉਹਨਾਂ ਨੂੰ ਆਪਣੀ ਜਾਨ ਵੀ ਖ਼ਤਰੇ 'ਚ ਪਾਉਣੀ ਪੈਂਦੀ ਸੀ । ਬਹੁਤ ਵਾਰੀ ਉਹਨਾਂ ਦਾ ਸਾਹਮਣਾ ਦੰਗਾਕਾਰੀਆਂ ਨਾਲ ਵੀ ਹੁੰਦਾ ਰਿਹਾ, ਪਰ ਉਹਨਾਂ ਦੀ ਪਹਿਚਾਣ ਕਰਕੇ ਕਿ ਉਹ ਡਾ. ਹਰਬੰਸ ਸਿੰਘ ਹੈ, ਉਹਨਾਂ ਨੂੰ ਛੱਡ ਦਿੰਦੇ ਰਹੇ । ਭਾਵੇਂ ਉਹਨਾਂ ਦੇ ਸ਼ੁਭ ਚਿੰਤਕਾਂ ਨੇ ਉਹਨਾਂ ਨੂੰ ਚਿਤਾਵਨੀ ਵੀ ਦਿੱਤੀ ਸੀ, ਪਰ ਉਹਨਾਂ ਨੇ ਆਪਣਾ ਕੰਮ ਜਾਰੀ ਰੱਖਿਆ । ਪੱਛਮੀ ਪੰਜਾਬ 'ਚੋਂ ਆਏ ਹੋਏ ਸ਼ਰਨਾਰਥੀਆਂ ਦੀ ਮਦਦ ਵੀ ਉਹ ਕਰਦੇ ਸਨ ।

ਸੰਗਰੂਰ ਵਿੱਚ, ਬਹੁਤ ਵਾਰੀ ਕਰਫ਼ਿਊ ਲਾਇਆ ਜਾਂਦਾ ਰਿਹਾ । ਡਾ. ਹਰਬੰਸ ਸਿੰਘ ਦੀ ਮਾਤਾ ਹਸਪਤਾਲ ਤੇ ਆਪਣੇ ਘਰ ਦੇ ਨੇੜੇ ਰਹਿੰਦੇ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦੀ ਸੇਵਾ ਕਰਦੇ ਰਹਿੰਦੇ । ਜਦੋਂ ਵੀ ਕਰਫ਼ਿਊ 'ਚ ਢਿੱਲ ਮਿਲਦੀ, ਉਹਨਾਂ ਦੇ ਘਰ ਦੇ ਸਾਹਮਣੇ ਬਹੁਤ ਸਾਰੇ ਲੋਕ ਆ ਜਾਂਦੇ । ਹਰਬੰਸ ਸਿੰਘ ਦੀ ਮਾਤਾ ਉਹਨਾਂ ਨੂੰ ਭੋਜਨ ਛਕਾਉਂਦੀ । ਕਈ ਪੁਲਿਸ ਕਰਮਚਾਰੀ ਵੀ ਉੱਥੇ ਭੋਜਨ ਕਰਨ ਆ ਜਾਂਦੇ । ਕਈ ਲੋਕ ਉਹਨਾਂ ਦੀਆਂ ਮੱਝਾਂ, ਗਾਈਆਂ ਲਈ ਚਾਰਾ ਤੇ ਤੂੜੀ ਵਗੈਰਾ ਲੈ ਕੇ ਆਉਂਦੇ, ਕਿਉਂਕਿ ਉਹਨਾਂ ਲੋਕਾਂ ਨੂੰ, ਉਹਨਾਂ ਦੇ ਪਸ਼ੂਆਂ ਦਾ ਫ਼ਿਕਰ ਸੀ । ਇਸ ਗੱਲ ਨਾਲ ਘਰ ਦੇ ਜੀਆਂ ਨੂੰ ਖ਼ੁਸ਼ੀ ਵੀ ਹੁੰਦੀ, ਕਿਉਂਕਿ ਉਹ ਲੋਕ ਕਰਫ਼ਿਊ ਦੌਰਾਨ, ਪਸ਼ੂਆਂ ਦੇ ਪੱਠਿਆਂ ਵਗੈਰਾ ਦੀ ਮੁਸ਼ਕਲ ਸਮਝਦੇ ਹੋਏ ਆਪਣੀ ਜ਼ਿੰਮੇਵਾਰੀ ਨਾਲ ਹੀ ਪਸ਼ੂਆਂ ਦਾ ਚਾਰਾ ਲੈ ਕੇ ਆਉਂਦੇ ਸਨ ।

ਦੂਸਰੇ ਪਾਸੇ, ਜਿਹੜੇ ਲੋਕ ਗੁਜਰਾਂਵਾਲਾ, ਲਾਹੌਰ ਤੇ ਪੰਜਾਬ ਦੇ ਪੱਛਮੀ ਹਿੱਸਿਆਂ ਤੋਂ ਹਿਜਰਤ ਕਰਕੇ ਆਏ ਸਨ, ਉਹਨਾਂ ਨੇ ਸੰਗਰੂਰ 'ਚ, ਉਹਨਾਂ ਦੇ ਘਰ ਆਉਣਾ ਸ਼ੁਰੂ ਕਰ ਦਿੱਤਾ । ਇਹਨਾਂ ਵਿੱਚ ਰਿਸ਼ਤੇਦਾਰ, ਦੋਸਤ, ਮਿੱਤਰ ਤੇ ਇੱਥੋਂ ਤਕ ਕਿ ਅਨਜਾਣ ਲੋਕ ਵੀ ਸਨ। ਜੋ ਵੀ ਉਹਨਾਂ ਦੀ ਰਿਹਾਇਸ਼ ਵਿੱਚ ਰਹਿਣ ਲਈ ਆਉਂਦਾ, ਡਾ. ਹਰਬੰਸ ਸਿੰਘ, ਉਹਨਾਂ ਦੀ ਪਤਨੀ ਤੇ ਖ਼ਾਸ ਕਰਕੇ ਡਾ. ਹਰਬੰਸ ਸਿੰਘ ਦੀ ਮਾਤਾ ਉਹਨਾਂ ਲੋਕਾਂ ਦਾ ਸੁਆਗਤ ਕਰਦੇ । ਅਜਿਹੇ ਪਰਿਵਾਰ, ਉੱਥੇ ਓਨੀ ਦੇਰ ਤਕ ਰਹਿੰਦੇ, ਜਦੋਂ




ਤਕ ਉਹਨਾਂ ਨੂੰ ਕੋਈ ਪੱਕਾ ਟਿਕਾਣਾ ਨਾ ਮਿਲ ਜਾਂਦਾ ਅਤੇ ਉਹ ਆਪਣੇ ਜ਼ਮੀਨ ਦੇ ਕਿੱਤੇ ਨੂੰ ਜਾਂ ਹੋਰ ਕਿਸੇ ਕਿੱਤੇ ਨੂੰ ਨਹੀਂ ਅਪਣਾ ਲੈਂਦੇ ਸਨ । ਇਹਨਾਂ ਨੂੰ ਇਸ ਘਰ ਚੋਂ ਭੋਜਨ ਵੀ ਮਿਲਦਾ, ਰਹਿਣ ਨੂੰ ਥਾਂ ਵੀ ਮਿਲਦੀ ਤੇ ਕਈਆਂ ਦੀ ਪੈਸੇ ਨਾਲ ਵੀ ਮਦਦ ਕੀਤੀ ਜਾਂਦੀ । ਡਾ. ਹਰਬੰਸ ਸਿੰਘ ਉਹਨਾਂ ਦੀਆਂ ਸਮੱਸਿਆਵਾਂ ਹੱਲ ਕਰਨ 'ਚ ਵੀ ਮਦਦ ਕਰਦੇ ਸਨ । ਉਹ ਬਹੁਤ ਵਾਰੀ ਵੱਖਰੇ-ਵੱਖਰੇ ਦਫ਼ਤਰਾਂ 'ਚ ਜਾਂਦੇ ਤੇ ਜਦੋਂ ਉਹਨਾਂ ਨੂੰ ਲੋਕਾਂ ਦੀ ਪੱਕੀ ਰਿਹਾਇਸ਼ ਦੇ ਕਾਗ਼ਜ਼ ਮਿਲ ਜਾਂਦੇ ਤਾਂ ਉਹ ਲੋਕ ਉਸ ਥਾਂ 'ਤੇ ਚਲੇ ਜਾਂਦੇ । ਇਹ ਕਿਹਾ ਜਾਂਦਾ ਸੀ ਕਿ ਡਾ. ਹਰਬੰਸ ਸਿੰਘ ਦਾ ਘਰ ਗੈਰ-ਸਰਕਾਰੀ ਸ਼ਰਨਾਰਥੀ ਕੈਂਪ ਸੀ । 1948 ਤਕ, ਇਸੇ ਤਰ੍ਹਾਂ ਹੀ ਕੰਮ ਜਾਰੀ ਰਿਹਾ ਤੇ ਇਹ ਸਾਰਾ ਕੰਮ, ਬਿਨਾਂ ਕਿਸੇ ਸਰਕਾਰੀ ਮਦਦ ਤੋਂ ਹੁੰਦਾ ਰਿਹਾ ਪਰ ਡਾ. ਸਾਹਿਬ ਦੀ ਮਾਤਾ, ਪਤਨੀ ਤੇ ਡਾ. ਹਰਬੰਸ ਸਿੰਘ ਲਈ ਔਖੇ ਸਮੇਂ, ਲੋਕਾਂ ਦੀ ਮਦਦ ਕਰਨਾ ਇਕ ਸ਼ੁਭ-ਅਵਸਰ ਹੀ ਸੀ । ਇਹਨਾਂ ਲੋਕਾਂ ਨੇ ਉਹਨਾਂ ਦੀ ਮਦਦ ਤੇ ਪਿਆਰ ਨੂੰ ਆਪਣੀ ਸਾਰੀ ਜ਼ਿੰਦਗੀ ਯਾਦ ਰੱਖਿਆ ਤੇ ਕਈ ਵਾਰੀ, ਏਸ ਬਾਰੇ, ਬਹੁਤ ਸਾਰੇ ਲੋਕਾਂ ਨੂੰ ਦੱਸਦੇ ਰਹੇ ।

# ਸਕੂਲ ਅਤੇ ਕਾਲਜ ਦੀ ਪੜ੍ਹਾਈ

1948 ਵਿੱਚ ਇੰਦਰਜੀਤ ਨੂੰ ਪ੍ਰਾਇਮਰੀ ਸਕੂਲ 'ਚ ਦਾਖ਼ਲ ਕਰਵਾਇਆ ਗਿਆ। ਉਹਨਾਂ ਦਿਨਾਂ 'ਚ, ਰੱਜੇ-ਪੁੱਜੇ ਲੋਕ ਆਪਣੇ ਬੱਚਿਆਂ ਨੂੰ ਮਹਿੰਗੇ ਪਬਲਿਕ ਸਕੂਲਾਂ ਵਿੱਚ ਭੇਜਦੇ ਸਨ; ਪਰ, ਡਾ. ਹਰਬੰਸ ਸਿੰਘ ਦਾ ਖ਼ਿਆਲ ਸੀ ਕਿ ਹਰ ਵਿਦਿਆਰਥੀ ਦਾ ਪਾਠ-ਕ੍ਰਮ ਤਾਂ ਇਕੋ ਜਿਹਾ ਹੀ ਸੀ ਤੇ ਇਕੋ ਜਿਹੇ ਹੀ ਇਮਤਿਹਾਨ ਦੇਣੇ ਪੈਂਦੇ ਹਨ, ਇਸ ਲਈ, ਦੋਹਾਂ ਤਰ੍ਹਾਂ ਦੇ ਸਕੂਲਾਂ ਦੀ ਪੜ੍ਹਾਈ 'ਚ ਕੋਈ ਫ਼ਰਕ ਨਹੀਂ ਸੀ। ਇਸ ਤੋਂ ਇਲਾਵਾ, ਉਹ ਆਪਣੀ ਬੇਟੀ 'ਚ ਧਾਰਮਿਕ ਤੇ ਨੈਤਿਕ ਕਦਰਾਂ ਕੀਮਤਾਂ ਦਾ ਵਿਕਾਸ ਕਰਨਾ ਵੀ ਚਾਹੁੰਦੇ ਸਨ ਤੇ ਉਹ ਮਹਿਸੂਸ ਕਰਦੇ ਸਨ ਕਿ ਹੋਸਟਲ 'ਚ ਰਹਿੰਦਿਆਂ ਅਜਿਹੇ ਗੁਣਾਂ ਦਾ ਵਿਕਾਸ ਨਹੀਂ ਹੋ ਸਕਦਾ। ਪਹਿਲਾ ਸਬਕ ਜੋ ਉਹਨਾਂ ਨੇ ਆਪਣੀ ਬੇਟੀ ਨੂੰ ਦਿੱਤਾ, ਉਹ ਸੀ,—"ਇੰਦਰਜੀਤ, ਜਿੰਨਾਂ ਚਾਹੋ ਆਪਣਾ ਮਨੋਰੰਜਨ ਕਰੋ, ਪਰ, ਆਪਣੇ ਫ਼ਰਜ਼ਾਂ ਦੀ ਕੀਮਤ 'ਤੇ ਇਹ ਕੰਮ ਕਦੀ ਨਹੀਂ ਕਰਨਾ।" ਉਸਨੇ ਆਪਣੀ ਬੇਟੀ ਨੂੰ ਸ਼ੁਰੂ ਤੋਂ ਹੀ ਫ਼ਰਜ਼ ਨੂੰ ਪਹਿਲ ਦੇਣ ਦੇ ਸਮਰੱਥ ਬਣਾ ਦਿੱਤਾ ਤੇ ਬਾਕੀ ਸਾਰੇ ਕੰਮ ਬਾਅਦ 'ਚ। ਉਸਦੀ ਆਦਤ ਬਣ ਗਈ ਕਿ ਆਪਣਾ ਫ਼ਰਜ਼ ਪਹਿਲਾਂ ਪੂਰਾ ਕਰਨਾ ਤੇ ਹੋਰ ਕੋਈ ਕੰਮ ਉਸ ਤੋਂ ਬਾਅਦ 'ਚ ਕਰਨਾ। ਉਹ ਆਪਣੀ ਪੜ੍ਹਾਈ 'ਚ ਬੜੀ ਹੁਸ਼ਿਆਰ ਸੀ। ਜਦੋਂ ਉਹ ਹਾਲੀ ਤੀਸਰੀ ਜਮਾਤ 'ਚ ਸੀ, ਉਸਨੂੰ ਆਪਣੇ ਪਾਠ-ਕ੍ਰਮ ਦੀਆਂ ਕਿਤਾਬਾਂ ਪੜ੍ਹਨ ਤੋਂ ਇਲਾਵਾ, ਇਤਿਹਾਸ, ਧਰਮ ਤੇ ਸਾਹਿਤ ਪੜ੍ਹਨ ਦੀ ਆਦਤ ਵੀ ਪੈ ਗਈ ਸੀ। ਕਈ ਵਾਰੀ ਉਹ ਧਾਰਮਿਕ ਤੇ ਇਤਿਹਾਸਿਕ ਕਿਤਾਬਾਂ ਪੜ੍ਹਨ 'ਚ ਏਦਾਂ ਲੀਨ ਹੋ ਜਾਂਦੀ ਸੀ ਕਿ ਉਸਨੂੰ ਨੇੜੇ-ਤੇੜੇ ਕਿਸੇ ਦੇ ਹੋਣ ਦਾ ਪਤਾ ਹੀ ਨਹੀਂ ਸੀ ਲੱਗਦਾ।

ਦਸਵੀਂ ਜਮਾਤ ਦੀ ਪੜ੍ਹਾਈ ਲਈ, ਉਸਨੇ ਸਰਕਾਰੀ ਸਕੂਲ 'ਚ ਦਾਖ਼ਲਾ ਲਿਆ। ਉਸ ਸਮੇਂ ਉਹ ਆਪਣੀ ਪੜ੍ਹਾਈ ਤੋਂ ਇਲਾਵਾ ਖੇਡਾਂ, ਖ਼ਾਸ ਕਰਕੇ ਦੌੜਾਂ 'ਚ ਹਿੱਸਾ ਲੈਣ ਲੱਗ ਪਈ ਸੀ। ਉਹ ਦੌੜਨ 'ਚ ਏਨੀ ਤੇਜ਼ ਸੀ ਕਿ ਜਦੋਂ ਵੀ ਉਹ ਕਿਸੇ ਮੁਕਾਬਲੇ 'ਚ ਹਿੱਸਾ ਲੈਂਦੀ, ਤਾਂ ਉਹ ਹੀ ਪਹਿਲੇ ਸਥਾਨ 'ਤੇ ਆਉਂਦੀ। ਅਕਸਰ ਏਦਾਂ ਹੁੰਦਾ ਸੀ ਕਿ ਜਦੋਂ ਵੀ ਉਹ ਕਿਸੇ ਦੌੜ ਮੁਕਾਬਲੇ ਲਈ Starting line 'ਤੇ ਖੜ੍ਹੀ ਹੁੰਦੀ ਤਾਂ, ਕੁਝ ਲੜਕੀਆਂ ਤਾਂ ਦੌੜ ਤੋਂ ਪਹਿਲਾਂ ਹੀ ਇਹ ਕਹਿੰਦੀਆਂ ਪਰ੍ਹੇ ਹੋ ਜਾਂਦੀਆਂ ਕਿ ਇਸ





ਵਿਦਿਆਰਥੀ ਜੀਵਨ ਵਿੱਚ ਡਾ. ਇੰਦਰਜੀਤ ਕੌਰ

ਮੁਕਾਬਲੇ ’ਚ, ਹਿੱਸਾ ਲੈਣ ਦਾ ਕੋਈ ਫ਼ਾਇਦਾ ਨਹੀਂ, ਕਿਉਂਕਿ ਜਿੱਤਣਾ ਤਾਂ ਇੰਦਰਜੀਤ ਨੇ ਹੀ ਹੈ । ਉਹ ਆਪਣੇ ਘਰ ਵਿੱਚ ਵੀ ਆਪਣੀ ਮਾਤਾ ਤੇ ਦਾਦੀ ਦੀ ਖਾਣਾ ਬਨਾਉਣ, ਭਾਂਡੇ ਸਾਫ਼ ਕਰਨ, ਗਾਈਆਂ ਤੇ ਮੱਝਾਂ ਦਾ ਦੁੱਧ ਚੋਣ ਤੇ ਇੱਥੋਂ ਤਕ ਕਿ ਪਸ਼ੂਆਂ ਨੂੰ ਪਾਣੀ ਪਿਆਉਣ ਦੇ ਕੰਮ ’ਚ ਵੀ ਮਦਦ ਕਰਦੀ । ਉਸਦੇ ਪਿਤਾ ਜੀ ਕਿਰਤ ਦੇ ਸਨਮਾਨ ’ਚ ਵਿਸ਼ਵਾਸ ਰੱਖਦੇ ਸਨ । ਉਹਨਾਂ ਦਾ ਵਿਸ਼ਵਾਸ ਸੀ ਕਿ ਸਰੀਰਕ ਕੰਮ ਕਰਕੇ ਹੀ ਸਿਹਤ ਚੰਗੀ ਰੱਖੀ ਜਾ ਸਕਦੀ ਹੈ। ਦੂਸਰੀ ਗੱਲ ਇਹ ਕਿ ਘਰ ਜਾਂ ਗੁਰਦੁਆਰਾ ਸਾਹਿਬ ’ਚ ਛੋਟੇ ਮੋਟੇ ਕੰਮ ਕਰਦਿਆਂ ਮਨ ’ਚ ਨਿਮਰਤਾ ਆਉਂਦੀ ਹੈ ।

ਪੜ੍ਹਨਾ ਉਸਦਾ ਸ਼ੌਂਕ ਸੀ । ਹੁਣ ਉਹ ਸਮਾਜਵਾਦ, ਲੋਕ-ਤੰਤਰ, ਸਮਾਜਿਕ ਸੁਰੱਖਿਆ ਤੇ ਪੂੰਜੀਵਾਦ ਦੇ ਵਿਸ਼ਿਆਂ ਬਾਰੇ ਚੰਗੀ ਤਰ੍ਹਾਂ ਸਮਝਦੀ ਸੀ । ਉਹ ਕਾਲ ਪੈਣ ਦੇ ਕਾਰਨ ਤੇ ਤਨਖ਼ਾਹਾਂ ਤੇ ਪੈਸੇ ਦੀ ਨਾ-ਬਰਬਰਤਾ ਬਾਰੇ ਸਮਝਦੀ ਸੀ । ਵਿਦੇਸ਼ੀ ਸਾਮਰਾਜਾਂ ਦੀਆਂ ਬਸਤੀਆਂ ਦੇ ਸਿਪਾਹੀ ਉਹਨਾਂ ਦੇਸ਼ਾਂ ਨਾਲ ਲੜਾਈਆਂ ਲੜ ਰਹੇ ਸਨ, ਜਿਹਨਾਂ ਨਾਲ ਨਾ ਤਾਂ ਉਹਨਾਂ ਦੀ ਕੋਈ ਦੁਸ਼ਮਣੀ ਸੀ ਤੇ ਨਾ ਹੀ ਉਹਨਾਂ ਲੋਕਾਂ ਨੂੰ ਉਹ ਜਾਣਦੇ ਸਨ; ਪਰ ਅਜਿਹੀਆਂ ਲੜਾਈਆਂ ’ਚ ਬਹੁਤ ਸਾਰੇ ਸਿਪਾਹੀ ਮਾਰੇ ਜਾ ਰਹੇ ਸਨ। ਉਸ ਦੇਸ਼ ਦੀ ਜਿੱਤ ਜਾਂ ਹਾਰ ਦਾ ਅਸਰ, ਉਹਨਾਂ ਦੇ ਆਪਣੇ ਦੇਸ਼ ਦੇ ਲੋਕਾਂ ਦੀ ਹਾਲਤ ’ਤੇ ਨਹੀਂ ਸੀ ਪੈਂਦਾ । ਉਦੋਂ ਹੀ ਉਸਨੇ ਇਕ ਨਾਵਲ ਪੜ੍ਹਿਆ, ਜਿਸ ’ਚ ਇਹ ਦੱਸਿਆ ਗਿਆ ਸੀ ਕਿ ਬਹੁਤ ਸਾਰੇ ਸਿਪਾਹੀ ਜੋ ਫ਼ੌਜ ’ਚ, ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਦਾਖ਼ਲ ਹੁੰਦੇ ਹਨ, ਉਹਨਾਂ ਨੂੰ ਦੂਸਰੇ ਦੇਸ਼ਾਂ ’ਚ ਲੜ੍ਹਾਈ ਲਈ ਭੇਜਿਆ ਜਾਂਦਾ ਸੀ, ਜਿੱਥੇ ਕਿ ਉਹ ਮਾਰੇ ਜਾਂਦੇ ਸਨ । ਬਾਅਦ ’ਚ, ਉਹਨਾਂ ਦੇ ਪਰਿਵਾਰਾਂ ਨੂੰ ਬਹੁਤ ਮੁਸ਼ਕਲਾਂ ਪੇਸ਼ ਆਉਂਦੀਆਂ ਤੇ ਇਸ ਤਰ੍ਹਾਂ ਦੇਸ਼ ਅਤੇ ਸੰਸਾਰ ਦੇ ਬਹੁਤ ਹਿੱਸਿਆਂ ’ਚ ਹੋ ਰਿਹਾ ਸੀ। ਉਸਨੂੰ ਲੜਾਈ ਨਾਲ ਨਫ਼ਰਤ ਹੋ ਗਈ । ਕਿਸੇ ਹੋਰ ਪੁਸਤਕ ’ਚ ਉਸਨੇ ਪੜ੍ਹਿਆ ਕਿ ਕਾਲ ਦੇ ਦੌਰਾਨ ਬਹੁਤ ਸਾਰੇ ਲੋਕ ਅਨਾਜ ਦੀ ਕਮੀ ਕਾਰਨ ਨਹੀਂ, ਬਲਕਿ ਅਨਾਜ ਖ਼ਰੀਦਣ ਲਈ ਪੈਸੇ ਦੀ ਕਮੀ ਹੋਣ ਕਾਰਨ ਮਰ ਜਾਂਦੇ ਹਨ ।

ਅਜਿਹੇ ਸਾਹਿਤ ਨੇ ਉਸ ਦੇ ਮਨ ਅੰਦਰ ਇਹ ਜਾਨਣ ਦੀ ਇੱਛਾ ਪੈਦਾ ਕਰ ਦਿੱਤੀ ਕਿ ਉਹ ਸਮਾਜਿਕ ਤੇ ਆਰਥਿਕ ਹਾਲਤਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਪ੍ਰਾਪਤ ਕਰੇ ਤੇ ਆਰਥਿਕ ਮਜਬੂਰੀਆਂ ਦੇ ਕਾਰਨਾਂ ਤੇ ਅਜਿਹੀਆਂ ਸਮੱਸਿਆਵਾਂ ਦੇ ਹੱਲ ਕਰਨ ਦੇ ਤਰੀਕਿਆਂ ਬਾਰੇ ਵੀ ਜਾਣੇ। ਕਈ ਵਾਰੀ ਉਹ ਦੇਖਦੀ ਕਿ ਕੁਝ ਮਰੀਜ਼ ਤੇ ਉਹਨਾਂ ਦੀ ਦੇਖ-ਭਾਲ ਕਰਨ



ਵਾਲੇ ਹਸਪਤਾਲ ਵਿੱਚ ਠੰਢ ਨਾਲ ਕੰਬਦੇ ਹੋਏ, ਨੰਗੇ ਪੈਰੀਂ ਤੇ ਫ਼ਟੇ-ਪੁਰਾਣੇ ਕੱਪੜਿਆਂ ’ਚ ਹੀ ਆ ਜਾਂਦੇ । ਉਸਨੂੰ ਇਕ ਖ਼ਾਸ ਘਟਨਾ ਯਾਦ ਆਉਂਦੀ, ਜਦੋਂ ਇਕ ਮਰੀਜ਼ ਕੰਬਦਾ ਹੋਇਆ, ਨੰਗੇ ਪੈਰੀਂ ਹਸਪਤਾਲ ਆਇਆ ਸੀ । ਇੰਦਰਜੀਤ ਦੇ ਪਿਤਾ ਜੀ ਨੇ ਸਭ ਤੋਂ ਪਹਿਲਾਂ ਉਸ ਮਰੀਜ਼ ਨੂੰ ਇਕ ਗਰਮ ਕੰਬਲ ਤੇ ਬੂਟਾਂ ਦਾ ਜੋੜਾ ਦਿੱਤਾ । ਫੇਰ ਉਹ ਮਰੀਜ਼ ਲੱਕੜ ਦੇ ਬਣੇ ਹੋਏ ਬੈਂਚ ’ਤੇ ਸੌਂ ਗਿਆ । ਜਦੋਂ ਉਹ ਬਾਅਦ ’ਚ ਜਾਗਿਆ, ਉਸਨੇ ਉਸਦੇ ਪਿਤਾ ਜੀ ਦੇ ਪੈਰਾਂ ਨੂੰ ਹੱਥ ਲਾਇਆ ਤੇ ਉਸਦੀ ਦਾਹੜੀ ਉਸਦੇ ਅੱਥਰੂਆਂ ਨਾਲ ਭਿੱਜ ਗਈ । ਪਰ ਇਕ ਅਜੀਬ ਗੱਲ ਸੀ ਕਿ ਇੰਦਰਜੀਤ ਦੇ ਪਿਤਾ ਜੀ ਦੀਆਂ ਅੱਖਾਂ ’ਚ ਵੀ ਅੱਥਰੂ ਸਨ । ਉਹ ਉਦੋਂ ਤਾਂ ਚੁੱਪ ਰਹੀ ਪਰ ਕੁਝ ਦਿਨਾਂ ਬਾਅਦ ਉਸਨੇ ਆਪਣੇ ਪਿਤਾ ਜੀ ਕੋਲੋਂ ਪੁੱਛਣ ਦਾ ਹੌਂਸਲਾ ਕੀਤਾ ਕਿ ਉਹਨਾਂ ਦੀਆਂ ਅੱਖਾਂ ’ਚ ਉਸ ਦਿਨ ਅੱਥਰੂ ਕਿਉਂ ਸਨ ਤਾਂ ਉਹਨਾਂ ਨੇ ਜੁਆਬ ਦਿੱਤਾ ਕਿ ਉਸ ਵਰਗੇ ਕਰੋੜਾਂ ਹੀ ਲੋਕ ਹਨ ਤੇ ਉਹ ਸਾਰਿਆਂ ਲਈ ਕੁਝ ਵੀ ਨਹੀਂ ਕਰ ਸਕਦੇ...। ਉਹਨਾਂ ਦੀਆਂ ਅੱਖਾਂ ਵਿੱਚ ਇਸ ਲਈ ਅੱਥਰੂ ਸਨ, ਕਿਉਂਕਿ ਉਹ ਮਜਬੂਰੀ ਵੱਸ ਅਜਿਹੇ ਲੋਕਾਂ ’ਚੋਂ ਕੁਝ ਲੋਕਾਂ ਦੀ ਹੀ ਸੇਵਾ ਕਰ ਸਕਦੇ ਸਨ । ਫੇਰ, ਇੰਦਰਜੀਤ ਨੇ ਪੁੱਛਿਆ ਕਿ ਉਸ ਆਦਮੀ ਦੀਆਂ ਅੱਖਾਂ ਵਿੱਚ ਅੱਥਰੂ ਕਿਉਂ ਸਨ । ਪਿਤਾ ਜੀ ਕੁਝ ਚਿਰ ਲਈ ਚੁੱਪ ਰਹੇ ਤੇ ਫੇਰ ਜੁਆਬ ਦਿੱਤਾ ਕਿ ਉਸਦੀਆਂ ਅੱਖਾਂ ਵਿੱਚ ਧੰਨਵਾਦ ਦੇ ਭਾਵ ਦੇ ਅੱਥਰੂ ਸਨ ।

ਭਾਵੇਂ ਉਹਨਾਂ ਦੇ ਹਸਪਤਾਲ ’ਚ, ਬੜੀ ਥੋੜ੍ਹੀ ਫੀਸ ਲਈ ਜਾਂਦੀ ਸੀ, ਪਰ ਤਾਂ ਵੀ ਉਸਨੂੰ ਪਤਾ ਲੱਗਦਾ ਸੀ ਕਿ ਬਹੁਤ ਸਾਰੇ ਮਰੀਜ਼ ਵਧੀਆ ਦੇਖ-ਭਾਲ ਨਾ ਹੋਣ ਕਾਰਨ ਤੇ ਲੰਬੀ ਬਿਮਾਰੀ ਕਾਰਨ ਜਾਂ ਫੇਰ ਇਲਾਜ ’ਚ ਦੇਰੀ ਹੋਣ ਨਾਲ ਮਰ ਰਹੇ ਸਨ। ਉਸਨੂੰ ਇਹ ਵੀ ਪਤਾ ਲੱਗਾ ਕਿ ਜਿਹੜੇ ਮਰੀਜ਼ਾਂ ਨੂੰ ਇਲਾਜ ਲਈ ਪਟਿਆਲੇ ਜਾਂ ਲੁਧਿਆਣੇ ਜਾਣ ਦੀ ਸਲਾਹ ਦਿੱਤੀ ਜਾਂਦੀ ਸੀ, ਉਹ ਉੱਥੇ ਜਾਣ ਲਈ ਤਿਆਰ ਨਹੀਂ ਸਨ, ਕਿਉਂਕਿ ਉੱਥੇ ਪਹੁੰਚਣ ਲਈ ਉਹਨਾਂ ਕੋਲ ਕਿਰਾਇਆ ਨਹੀਂ ਸੀ ਹੁੰਦਾ ਤੇ ਇਲਾਜ ਲਈ ਪੈਸੇ ਹੋਣੇ ਤਾਂ ਬੜੀ ਦੂਰ ਦੀ ਗੱਲ ਸੀ । ਬਹੁਤ ਸਾਰੇ ਬੱਚੇ ਬਚਪਨ ’ਚ ਹੀ ਇਸ ਕਰਕੇ ਹੀ ਯਤੀਮ ਹੋ ਜਾਂਦੇ ਸਨ, ਕਿਉਂਕਿ ਉਹਨਾਂ ਦੇ ਮਾਪੇ ਕਿਸੇ ਬਿਮਾਰੀ ਕਾਰਨ ਅਤੇ ਇਲਾਜ ਕਰਾਉਣ ਲਈ ਪੈਸੇ ਦੀ ਘਾਟ ਕਾਰਨ ਮਰ ਜਾਂਦੇ ਸਨ ਤੇ ਇਹਨਾਂ ਬੱਚਿਆਂ ਨੂੰ ਬਾਕੀ ਸਾਰੀ ਉਮਰ ਦੁੱਖ ਭੋਗਣਾ ਪੈਂਦਾ ਸੀ । ਅਜਿਹੇ ਪਰਿਵਾਰਾਂ ਲਈ ਸਭ ਤੋਂ ਵੱਡੀ ਸਮੱਸਿਆ ਆਰਥਿਕ ਸੰਕਟ ਹੀ ਸੀ

ਤੇ ਇੱਥੋਂ ਤਕ ਕਿ ਕਈ ਲੋਕ ਤਾਂ ਜੀਵਨ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਨਾ ਕਰ ਸਕਣ ਕਾਰਨ ਆਪਣਾ ਮਾਨਸਿਕ ਸੰਤੁਲਨ ਗੁਆ ਲੈਂਦੇ ਸਨ ।

ਇੰਦਰਜੀਤ ਨੂੰ ਇਕ ਘਟਨਾ ਯਾਦ ਸੀ, ਜਦੋਂ ਕਿ ਵੰਡ ਦੇ ਵੇਲੇ ਇਕ ਬਹੁਤ ਹੀ ਬਿਮਾਰ ਜੋੜਾ ਉਹਨਾਂ ਦੇ ਪਿਤਾ ਜੀ ਕੋਲ ਆਇਆ, ਜਿਹਨਾਂ ਦਾ ਪੁੱਤਰ ਹਿਜ਼ਰਤ ਦੇ ਸਮੇਂ ਉਹਨਾਂ ਤੋਂ ਵਿੱਛੜ ਗਿਆ ਸੀ । ਉਸ ਜੋੜੇ ਵੱਲੋਂ ਆਪਣੇ ਪੁੱਤ ਦੀਆਂ ਦੱਸੀਆਂ ਨਿਸ਼ਾਨੀਆਂ ਦੇ ਅਧਾਰ 'ਤੇ, ਡਾ. ਇੰਦਰਜੀਤ ਦੇ ਪਿਤਾ ਵੱਲੋਂ ਬਣਾਈ ਰੱਖਿਆ ਕਮੇਟੀ ਨੇ ਉਸ ਲੜਕੇ ਦੀ ਭਾਲ ਕੀਤੀ ਤੇ ਇਹਨਾਂ ਲੋਕਾਂ ਦੀਆਂ ਸਖ਼ਤ ਕੋਸ਼ਿਸ਼ਾਂ ਦੇ ਮਗਰੋਂ ਉਹ ਲੜਕਾ ਮਿਲ ਗਿਆ, ਜਿਸਨੂੰ ਵਾਪਸ ਲਿਆ ਕੇ, ਉਸ ਜੋੜੇ ਦੇ ਹਵਾਲੇ ਕਰ ਦਿੱਤਾ । ਉਹ ਜੋੜਾ ਬੜੀ ਦੇਰ ਤਕ ਰੋਂਦਾ ਰਿਹਾ ਤੇ ਡਾ. ਇੰਦਰਜੀਤ ਦੇ ਪਿਤਾ ਵੀ ਸਾਰਾ ਸਮਾਂ ਉਹਨਾਂ ਵੱਲ ਭਾਵ-ਪੂਰਨ ਢੰਗ ਨਾਲ ਦੇਖਦੇ ਹੋਏ, ਰੋਂਦੇ ਰਹੇ । ਬਹੁਤ ਵਾਰੀ ਉਹ ਦੇਸ਼ ਵੰਡ ਦੌਰਾਨ ਮੱਚੀ ਤਬਾਹੀ 'ਚ ਕਈ ਲੋਕਾਂ ਦੇ ਵਿੱਛੜੇ ਹੋਏ ਪੁੱਤਰਾਂ, ਧੀਆਂ, ਤੇ ਕਈਆਂ ਦੇ ਪੁੱਤਰਾਂ, ਧੀਆਂ, ਮਾਪਿਆਂ ਅਤੇ ਭਰਾਵਾਂ ਦੇ ਕਤਲਾਂ ਬਾਰੇ ਦੱਸਦੇ ਰਹਿੰਦੇ ਸਨ, ਜਿਹਨਾਂ ਨੂੰ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਕਤਲ ਕਰ ਦਿੱਤਾ ਗਿਆ ਸੀ, ਤੇ ਇਹ ਦੱਸਦਿਆਂ ਹੋਇਆਂ, ਉਹਨਾਂ ਦੀਆਂ ਅੱਖਾਂ 'ਚੋਂ ਕਈ ਵਾਰੀ ਅੱਥਰੂ ਵਗਣ ਲੱਗ ਪੈਂਦੇ ਸਨ ਤੇ ਉਹਨਾਂ ਕੋਲੋਂ ਪੂਰੀ ਘਟਨਾ ਸੁਣਾਈ ਨਹੀਂ ਸੀ ਜਾਂਦੀ । ਇੰਦਰਜੀਤ ਇਹਨਾਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਦੀ, ਦੇਖਦੀ ਤੇ ਮਹਿਸੂਸ ਕਰਦੀ ਕਿ ਉਸਦੇ ਪਿਤਾ ਦੇ ਦਿਲ ਅੰਦਰ ਮਨੁੱਖਤਾ ਲਈ ਕਿੰਨਾ ਪਿਆਰ ਤੇ ਦਰਦ ਹੈ । ਉਸਦੇ ਪਿਤਾ ਅਕਸਰ ਕਹਿੰਦੇ ਰਹਿੰਦੇ, "ਇਕੱਲਾ ਆਦਮੀ ਸਮਾਜ ਲਈ ਕੀ ਕਰ ਸਕਦਾ ਹੈ...?"—ਤੇ ਇਹ ਗੱਲ ਇੰਦਰਜੀਤ ਦੀ ਰੂਹ ਨੂੰ ਧੁਰ ਤਕ ਛੂਹ ਜਾਂਦੀ ਸੀ । ਉਹ ਮਹਿਸੂਸ ਕਰਦੀ ਕਿ ਜੇ ਹਰ ਆਦਮੀ ਉਸਦੇ ਪਿਤਾ ਵਾਂਗ ਸੋਚਣਾ ਸ਼ੁਰੂ ਕਰ ਦੇਵੇ ਤਾਂ ਇਸ ਦੁਨੀਆਂ 'ਚ ਕੋਈ ਸਮੱਸਿਆ ਬਾਕੀ ਨਾ ਰਹੇ । ਪਰ ਮਨ 'ਚ ਇਸ ਤਰ੍ਹਾਂ ਦਾ ਬਦਲਾਅ ਲਿਆਉਣਾ ਤੇ ਇਸ ਤਰ੍ਹਾਂ ਦਾ ਬਨਾਉਣਾ ਇਕ ਚੁਣੌਤੀ ਸੀ ।

1957 ਵਿੱਚ ਇੰਦਰਜੀਤ ਨੇ ਦਸਵੀਂ ਦਾ ਇਮਤਿਹਾਨ ਪਹਿਲੇ ਦਰਜੇ 'ਚ ਪਾਸ ਕਰ ਲਿਆ ਸੀ ਤੇ ਰਣਬੀਰ ਗੌਰਮਿੰਟ ਕਾਲਜ, ਸੰਗਰੂਰ 'ਚ F.Sc. Medical 'ਚ ਦਾਖ਼ਲਾ ਲੈ ਲਿਆ ਸੀ । ਇਸ ਸਮੇਂ ਤਕ, ਉਸਦੇ ਪੰਜ ਛੋਟੇ ਭੈਣ-ਭਰਾ ਸਕੂਲ ਦੀਆਂ ਵੱਖਰੀਆਂ-ਵੱਖਰੀਆਂ ਜਮਾਤਾਂ 'ਚ



ਪੜ੍ਹ ਰਹੇ ਸਨ । ਕਾਲਜ ਵਿੱਚ ਉਸਦੀ ਆਪਣੇ ਸਹਿਪਾਠੀਆਂ ਨਾਲ ਗੱਲ-ਬਾਤ ਹੁੰਦੀ ਰਹਿੰਦੀ ਸੀ ਤੇ ਅਕਸਰ ਉਹ ਉਸਦੇ ਘਰ ਵੀ ਆਉਂਦੇ ਰਹਿੰਦੇ ਸਨ । ਉਹ ਉਸਦੇ ਘਰ 'ਚ ਰਿਸ਼ਤੇਦਾਰਾਂ ਦੀ ਭੀੜ ਦੇਖ ਕੇ ਅਤੇ ਰੋਟੀਆਂ ਛੋਟੇ ਤਵੇ 'ਤੇ ਪੱਕਣ ਦੀ ਬਜਾਏ, ਵੱਡੀ ਲੋਹ 'ਤੇ ਪੱਕਦੀਆਂ ਦੇਖ ਕੇ ਹੈਰਾਨ ਹੁੰਦੇ ਸਨ । ਉਹ ਇੰਦਰਜੀਤ ਦੇ ਘਰ ਦੀ ਮਹਿਮਾਨ ਨਿਵਾਜ਼ੀ ਦਾ ਆਪਣੇ ਘਰਾਂ ਦੀ ਮਹਿਮਾਨ-ਨਿਵਾਜ਼ੀ ਨਾਲ ਮੁਕਾਬਲਾ ਕਰਦੇ । ਦੂਸਰੇ ਪਾਸੇ, ਜਦੋਂ ਇੰਦਰਜੀਤ ਆਪਣੇ ਦੋਸਤਾਂ ਦੇ ਘਰ ਜਾਂਦੀ ਤਾਂ ਉਹਨਾਂ ਦੇ ਮਾਪਿਆਂ ਨੂੰ ਜਦੋਂ ਪਤਾ ਲੱਗਦਾ ਕਿ ਇੰਦਰਜੀਤ ਡਾ. ਹਰਬੰਸ ਸਿੰਘ ਦੀ ਬੇਟੀ ਹੈ, ਤਾਂ ਉਹ ਉਸਦਾ ਖ਼ਾਸ ਸੁਆਗਤ ਤੇ ਪਿਆਰ ਕਰਦੇ । ਉਹ ਉਹਨਾਂ ਦੀਆਂ ਗੱਲਾਂ ਬੜੀ ਦਿਲਚਸਪੀ ਨਾਲ ਸੁਣਦੀ ਕਿ ਕਿਵੇਂ ਉਸਦੇ ਪਿਤਾ ਜੀ ਨੇ ਉਹਨਾਂ ਦੀ ਦੇਸ਼-ਵੰਡ ਸਮੇਂ ਮਦਦ ਕੀਤੀ ਸੀ ਜਾਂ ਕਿਸੇ ਦੁਰਘਟਨਾ ਹੋਣ ਸਮੇਂ ਮਦਦ ਕੀਤੀ ਸੀ ਜਾਂ ਫੇਰ ਕਿਸੇ ਬਿਮਾਰੀ ਦੇ ਦੌਰਾਨ ਮਦਦ ਕੀਤੀ ਸੀ । ਉਸਦੇ ਪਿਤਾ ਕਰਕੇ ਉਸਨੂੰ ਜਿਹੜਾ ਆਦਰ-ਮਾਣ ਮਿਲਦਾ ਸੀ, ਇਸ ਨਾਲ ਉਸ ਨੂੰ ਪ੍ਰੇਰਣਾ ਮਿਲਦੀ ਸੀ । ਉਸਨੂੰ ਪਤਾ ਲੱਗ ਗਿਆ ਸੀ ਕਿ ਮਨੁੱਖਤਾ ਦੀ ਸੇਵਾ 'ਚ ਬਿਤਾਏ ਸਮੇਂ ਨਾਲ ਸਮਾਜ 'ਚ ਅਲੱਗ ਕਿਸਮ ਦੀ ਹੀ ਖ਼ੁਸ਼ੀ ਤੇ ਸਤਿਕਾਰ ਮਿਲਦਾ ਹੈ, ਜੋ ਕਿ ਕਿਸੇ ਹੋਰ ਤਰ੍ਹਾਂ ਦੀ ਪੂੰਜੀ ਨਿਵੇਸ਼ ਕਰਨ ਤੋਂ ਨਹੀਂ ਮਿਲ ਸਕਦਾ ।

ਇੰਦਰਜੀਤ ਆਪਣੇ ਭੈਣ ਭਰਾਵਾਂ ਦਾ ਖ਼ਾਸ ਧਿਆਨ ਰੱਖਦੀ ਸੀ । ਉਸਦੇ ਭੈਣ-ਭਰਾ ਉਸ ਕੋਲੋਂ ਕੋਈ ਵੀ ਮਦਦ ਚਾਹੁੰਦੇ ਤਾਂ ਉਹ ਉਹਨਾਂ ਦੀ ਮਦਦ ਕਰਕੇ ਹਮੇਸ਼ਾਂ ਖ਼ੁਸ਼ ਹੁੰਦੀ ਸੀ, ਚਾਹੇ ਇਹ ਮਦਦ ਉਹਨਾਂ ਦੀ ਪੜ੍ਹਾਈ ਬਾਰੇ ਹੋਵੇ ਜਾਂ ਫੇਰ ਕਿਸੇ ਹੋਰ ਲੋੜ ਬਾਰੇ ਹੋਵੇ । ਇਸੇ ਕਰਕੇ ਹੀ, ਉਸਦੇ ਛੋਟੇ ਭੈਣ-ਭਰਾ ਵੀ ਉਸਦਾ ਸਤਿਕਾਰ ਕਰਦੇ ਸਨ ਤੇ ਉਸਦੀ ਹਰ ਗੱਲ ਮੰਨਦੇ ਸਨ । ਜ਼ਿਆਦਾ ਰਿਸ਼ਤੇਦਾਰਾਂ ਦੇ ਆਉਣ ਕਾਰਨ ਤੇ ਪਰਿਵਾਰ ਦੀ ਮਹਿਮਾਨ-ਨਿਵਾਜ਼ੀ ਕਾਰਨ, ਉਹ ਜ਼ਿਆਦਾ ਚਿਰ ਘਰ ਦੇ ਕੰਮਾਂ 'ਚ ਰੁੱਝੀ ਰਹਿੰਦੀ ਤੇ ਇਸ ਕਰਕੇ ਉਸਨੂੰ ਪੜ੍ਹਾਈ ਲਈ ਘੱਟ ਸਮਾਂ ਮਿਲਦਾ ਸੀ, ਪਰ ਉਹ ਇਸ ਦੀ ਕਸਰ ਪੂਰੀ ਕਰ ਲੈਂਦੀ ਸੀ ਕਿਉਂਕਿ ਉਹ ਪੜਾਈ 'ਚ ਵਧੀਆ ਰਿਕਾਰਡ ਬਨਾਉਣ ਲਈ ਦ੍ਰਿੜ੍ਹ ਸੀ ।

ਇਕ ਦਿਨ, ਉਸਦੀ ਦਾਦੀ ਉਸਦੇ ਕਮਰੇ 'ਚ ਗਈ ਤੇ ਉੱਥੇ ਬੈਠ ਗਈ, ਕੁਝ ਚਿਰ ਬੈਠ ਕੇ ਤੇ ਗੱਲਾਂ ਬਾਤਾਂ ਕਰਕੇ, ਉਸਨੇ ਕਹਿਣਾ ਸ਼ੁਰੂ

ਕੀਤਾ, "ਦੇਖ ਇੰਦਰਜੀਤ ਤੂੰ, ਆਪਣੇ ਭੈਣ-ਭਰਾਵਾਂ 'ਚੋਂ ਸਭ ਤੋਂ ਵੱਡੀ ਹੈਂ, ਤੇ ਉਹਨਾਂ ਤੇਰੇ ਪਿੱਛੇ ਹੀ ਲੱਗਣਾ ਹੈ । ਤੈਨੂੰ ਉਹਨਾਂ ਲਈ ਇਕ ਆਦਰਸ਼ ਬਣਨਾ ਪੈਣਾ ਹੈ ਤੇ ਇਸ ਲਈ ਤੈਨੂੰ ਅਜਿਹਾ ਕੋਈ ਵੀ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਉਹਨਾਂ 'ਤੇ ਮਾੜਾ ਅਸਰ ਪਵੇ—ਤੇ ਮੈਨੂੰ ਪੂਰੀ ਉਮੀਦ ਹੈ ਕਿ ਤੂੰ ਕੋਈ ਵੀ ਅਜਿਹਾ ਕੰਮ ਨਹੀਂ ਕਰੇਂਗੀ । ਉਸਨੇ ਸਾਰੀ ਗੱਲ ਇਕੋ ਸਾਹ 'ਚ ਹੀ ਕਹਿ ਦਿੱਤੀ । ਇੰਦਰਜੀਤ ਨੇ ਉਸ ਵੇਲੇ ਆਪਣੀ ਦਾਦੀ ਵੱਲ ਦੇਖਿਆ, ਤੇ ਉਸਦਾ ਹੱਥ ਆਪਣੇ ਹੱਥ 'ਚ ਲਿਆ, ਉਸਨੂੰ ਘੁੱਟਿਆ ਤੇ ਉਸਦੀਆਂ ਅੱਖਾਂ 'ਚ ਦੇਖਿਆ । ਭਾਵੇਂ, ਉਸਨੇ ਕੁਝ ਵੀ ਨਹੀਂ ਸੀ ਕਿਹਾ, ਪਰ ਇਸ ਤਰ੍ਹਾਂ ਕਰਕੇ ਉਸਨੇ ਆਪਣੀ ਦਾਦੀ ਨੂੰ ਯਕੀਨ ਦਿਵਾਇਆ ਸੀ ਕਿ ਉਹ ਆਪਣੇ ਭੈਣ-ਭਰਾਵਾਂ ਲਈ ਆਦਰਸ਼ ਹੀ ਬਣੇਗੀ । ਅਸਲ 'ਚ, ਉਹ ਆਪਣੀ ਦਾਦੀ ਦਾ ਦਿਲੋਂ ਸਤਿਕਾਰ ਕਰਦੀ ਸੀ। ਬਚਪਨ ਤੋਂ ਹੀ, ਉਹ ਉਸਨੂੰ ਕਦੀ ਇਕ ਕੰਮ ਤੇ ਕਦੀ ਦੂਜਾ ਕੰਮ ਕਰਦੀ ਦੇਖ ਰਹੀ ਸੀ ਤੇ ਉਸਦਾ ਆਪਣੇ ਪੁੱਤਰ, ਨੂੰਹ ਤੇ ਪੋਤਰੇ, ਪੋਤਰੀਆਂ ਨਾਲ ਬਹੁਤ ਪਿਆਰ ਸੀ ਅਤੇ ਸਾਰਾ ਪਰਿਵਾਰ ਹੀ ਉਸਦੀ ਬਹੁਤ ਇੱਜ਼ਤ ਕਰਦਾ ਸੀ। ਇੰਦਰਜੀਤ ਦੇਖਦੀ ਸੀ ਕਿ ਉਸਦੇ ਪਿਤਾ ਜੀ ਜੋ ਵੀ ਕਮਾਈ ਕਰਦੇ ਸਨ, ਉਹ ਉਸਦੀ ਦਾਦੀ ਨੂੰ ਹੀ ਦਿੰਦੇ ਸਨ ਨਾ ਕਿ ਮਾਂ ਨੂੰ ਅਤੇ ਉਸਦੀ ਮਾਂ ਨੇ ਵੀ ਕਦੀ ਕੋਈ ਸ਼ਿਕਾਇਤ ਨਹੀਂ ਸੀ ਕੀਤੀ, ਕਿਉਂਕਿ ਦਾਦੀ ਜੀ ਸਾਰੇ ਪਰਿਵਾਰ ਨੂੰ ਬੜਾ ਸਤਿਕਾਰ ਤੇ ਪਿਆਰ ਦਿੰਦੀ ਸੀ ।

ਉਹਨਾਂ ਦਿਨਾਂ 'ਚ, ਉਸਨੇ ਮਹਾਤਮਾ ਬੁੱਧ ਦੇ ਜੀਵਨ ਬਾਰੇ ਪੜ੍ਹਿਆ । ਉਹ ਇਕ ਵੱਡੇ ਰਾਜ ਦੇ ਬਾਦਸ਼ਾਹ ਸਨ, ਜਿਹਨਾਂ ਕੋਲ ਜੀਵਨ ਦੇ ਹਰ ਤਰ੍ਹਾਂ ਦੇ ਸੁੱਖ ਤੇ ਅਰਾਮ ਸਨ, ਪਰ ਉਹਨਾਂ ਨੂੰ ਤਿੰਨ ਪ੍ਰਸ਼ਨ ਬੇਚੈਨ ਕਰ ਰਹੇ ਸਨ, ਕੋਈ ਆਦਮੀ ਬਿਮਾਰ ਕਿਉਂ ਹੁੰਦਾ ਹੈ, ਉਹ ਬੁੱਢਾ ਕਿਉਂ ਹੁੰਦਾ ਹੈ ਅਤੇ ਕਿਸੇ ਸਮੇਂ ਬਾਅਦ ਉਹ ਮਰ ਕਿਉਂ ਜਾਂਦਾ ਹੈ। ਇਹਨਾਂ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ, ਇਕ ਰਾਤ ਉਹ ਆਪਣੇ ਮਹੱਲ ਨੂੰ ਛੱਡ ਕੇ ਚਲੇ ਗਏ । ਮਹੱਲ 'ਚੋਂ ਨਿਕਲਣ ਤੋਂ ਪਹਿਲਾਂ, ਉਹਨਾਂ ਨੇ ਆਪਣੇ ਪੁੱਤਰ ਨੂੰ ਆਪਣੇ ਹੱਥਾਂ 'ਚ ਲਿਆ, ਉਸਨੂੰ ਗਲ ਨਾਲ ਲਾਇਆ ਤੇ ਫੇਰ ਚਲੇ ਗਏ । ਬੜੇ ਸਾਲਾਂ ਤਕ ਉਹ ਜੰਗਲਾਂ 'ਚ ਘੁੰਮਦੇ ਰਹੇ, ਕਈ ਸੰਤਾਂ ਨੂੰ ਮਿਲੇ ਤੇ ਕਈ ਸਾਲਾਂ ਤਕ ਆਪਣੇ ਪਸ਼ਨਾਂ ਦੇ ਉੱਤਰ ਲੱਭਣ 'ਚ ਲੱਗੇ ਰਹੇ । ਉਹ ਇਹ ਸੋਚ ਕੇ ਬੜਾ ਪ੍ਰੇਸ਼ਾਨ ਸਨ ਕਿ ਹਰ ਚੀਜ਼ ਨਾਸ਼ਵਾਨ ਹੈ ਤੇ ਕੁਝ ਵੀ ਸਥਾਈ ਨਹੀਂ ਹੈ। ਬਹੁਤ ਲੰਬਾ ਸਮਾਂ, ਏਦਾਂ ਹੀ ਭਟਕਦਿਆਂ ਹੋਇਆਂ, ਉਹ ਬਹੁਤ



ਕਮਜ਼ੋਰ ਹੋ ਗਏ, ਪਰ ਉਹ ਆਪਣੇ ਮਿਸ਼ਨ ਵੱਲ ਉਦੋਂ ਤਕ ਲੱਗੇ ਰਹੇ, ਜਦੋਂ ਤੱਕ ਉਹਨਾਂ ਨੂੰ ਆਪਣੇ ਪ੍ਰਸ਼ਨਾਂ ਦੇ ਉੱਤਰ ਨਾ ਮਿਲ ਗਏ ਤੇ ਉਹਨਾਂ ਨੂੰ ਗਿਆਨ ਦੀ ਪ੍ਰਾਪਤੀ ਨਾ ਹੋ ਗਈ ।

ਪਰ ਇੰਦਰਜੀਤ ਦੇ ਮਨ 'ਚ ਇਕ ਪ੍ਰਸ਼ਨ ਉੱਠਿਆ ਕਿ, ਜੇ ਲੋਕ ਬਿਮਾਰ ਨਾ ਹੋਣ, ਜਾਂ ਬੁੱਢੇ ਨਾ ਹੋਣ ਅਤੇ ਜੇ ਉਹ ਅਮਰ ਹੋ ਜਾਣ ਤਾਂ ਸਾਰੀ ਦੁਨੀਆਂ 'ਚ ਘੜਮੱਸ ਜਿਹੀ ਮੱਚ ਜਾਏਗੀ । ਇਹ ਇਕ ਸਰਵ-ਵਿਆਪਕ ਸੱਚਾਈ ਹੈ ਤੇ ਕੋਈ ਵੀ ਇਸ ਤੋਂ ਬਚ ਨਹੀਂ ਸਕਦਾ । ਬੁੱਧ ਆਪ ਵੀ ਆਪਣੇ ਬੁਢਾਪੇ ਤੇ ਮੌਤ ਨੂੰ ਨਹੀਂ ਸੀ ਰੋਕ ਸਕਿਆ ਤੇ ਇਸ ਤਰ੍ਹਾਂ ਇਹ ਕ੍ਰਿਆ ਚੱਲਦੀ ਰਹਿੰਦੀ ਹੈ ।

ਜਦੋਂ ਉਹ ਆਪਣੇ ਪਿਤਾ ਜੀ ਦੇ ਜੀਵਨ ਵੱਲ ਦੇਖਦੀ ਸੀ ਤਾਂ ਉਸਨੂੰ ਇਕ ਅਜੀਬ ਤਰ੍ਹਾਂ ਦਾ ਆਨੰਦ ਮਿਲਦਾ ਸੀ । ਉਹਨਾਂ ਨੂੰ ਬਹੁਤ ਲੋਕ ਪਿਆਰ ਕਰਦੇ ਸਨ ਤੇ ਬਹੁਤ ਵਾਰੀ, ਉਸ ਨੂੰ ਵੀ ਉਹਨਾਂ ਕਰਕੇ ਹੀ ਇਜ਼ਤ-ਮਾਣ ਮਿਲਿਆ ਸੀ । ਉਸਦੇ ਪਿਤਾ ਜੀ ਵੱਲੋਂ ਉਸ ਇਲਾਕੇ ਦੇ ਲੋਕਾਂ ਦੀ ਅਣਥੱਕ ਸੇਵਾ ਨੇ ਸਮਾਜ 'ਚ ਉਹਨਾਂ ਦਾ ਕੱਦ ਏਨਾ ਉੱਚਾ ਕਰ ਦਿੱਤਾ ਸੀ ਕਿ ਉਸ ਇਲਾਕੇ 'ਚ ਉਹ ਜਾਣੀ-ਪਛਾਣੀ ਹਸਤੀ ਬਣ ਗਏ ਸਨ ।

ਕਈ ਵਾਰੀ, ਉਹ ਉਹਨਾਂ ਲੋਕਾਂ ਬਾਰੇ ਸੋਚਦੀ ਜਿਹੜੇ ਕਿ ਆਪਣੇ ਮਾਂ, ਪਿਉ, ਭੈਣ, ਭਰਾ ਦੇ ਠੀਕ ਹੋਣ ਮਗਰੋਂ, ਉਸਦੇ ਪਿਤਾ ਜੀ ਵੱਲ ਦੇਖਦੇ ਤੇ ਕਿਵੇਂ ਉਹ ਤੇ ਉਹਨਾਂ ਦੇ ਬੱਚੇ ਉਹਨਾਂ ਲਈ ਸ਼ੁਭ ਇਛਾਵਾਂ ਦੀ ਝੜੀ ਲਗਾ ਦਿੰਦੇ ਤੇ ਉਹਨਾਂ ਦੇ ਭੋਲੇ-ਭਾਲੇ ਚਿਹਰਿਆਂ ਨੂੰ ਯਾਦ ਕਰਦੀ, ਜੋ ਸਰਦੀਆਂ 'ਚ ਉਹਨਾਂ ਦੇ ਹਸਪਤਾਲ 'ਚ ਬਹੁਤ ਥੋੜ੍ਹੇ, ਕੱਪੜੇ ਪਾ ਕੇ ਤੇ ਕੰਬਦੇ ਹੋਏ ਆਉਂਦੇ, ਪਰ ਆਪਣੇ ਸਿਰਾਂ 'ਤੇ ਗੁੜ, ਗੰਨੇ ਤੇ ਸਾਗ ਆਦਿ ਦੀਆਂ ਗੰਢਾਂ ਬੰਨ੍ਹ ਕੇ ਨਾਲ ਲਈ ਆਉਂਦੇ ਤੇ ਉਸਦੇ ਪਿਤਾ ਜੀ ਨੂੰ ਯਾਦ ਕਰਾਉਂਦੇ ਕਿ ਉਹ ਸਭ ਕੁਝ ਇਸ ਲਈ ਲੈ ਕੇ ਆਏ ਹਨ ਕਿ ਉਹਨਾਂ ਦੇ ਕਾਰਨ ਹੀ, ਉਹਨਾਂ ਦਾ ਪੁੱਤਰ ਜਾਂ ਧੀ ਬਚ ਸਕੇ ਹਨ ਅਤੇ ਭਾਪਾ ਜੀ (ਡਾ. ਹਰਬੰਸ ਸਿੰਘ) ਇਹ ਕੁਦਰਤੀ ਤੋਹਫ਼ੇ ਆਪਣੇ ਮੱਥੇ ਨਾਲ ਛੁਹਾ ਕੇ ਪ੍ਰਵਾਨ ਕਰਦੇ ਤੇ ਉਹਨਾਂ ਨੂੰ ਹਦਾਇਤ ਕਰਦੇ ਕਿ ਉਹ ਅੱਗੇ ਤੋਂ ਏਦਾਂ ਨਾ ਕਰਨ, ਪਰ ਜਦੋਂ ਵੀ ਹੋ ਸਕੇ ਉਹਨਾਂ ਨੂੰ ਮਿਲਣ ਆਉਂਦੇ ਰਹਿਣ ।

ਫੇਰ ਉਹ ਉਹਨਾਂ ਲੋਕਾਂ ਦੇ ਚਿਹਰਿਆਂ ਨੂੰ ਯਾਦ ਕਰਦੀ, ਜਿਹੜੇ ਆਪਣੇ, ਪਿਤਾ, ਮਾਤਾ, ਭੈਣ, ਪੁੱਤਰ ਜਾਂ ਪੁੱਤਰੀ ਨੂੰ ਗੰਭੀਰ ਬਿਮਾਰੀ ਦੇ

ਦੌਰਾਨ ਜਾਂ ਦੁਰਘਟਨਾ ਹੋਣ 'ਤੇ ਉੱਥੇ ਲਿਆਉਂਦੇ ਤੇ ਉਹਨਾਂ ਨੂੰ ਰਾਜ਼ੀ ਕਰਨ ਲਈ ਕਿਵੇਂ ਰੋਂਦੇ, ਚਿਲਾਉਂਦੇ ਤੇ ਉਹਨਾਂ ਦਾ ਇਲਾਜ ਕਰਨ ਲਈ ਕੁਝ ਕਰਨ ਵਾਸਤੇ ਉਹਨਾਂ ਦੇ ਪੈਰਾਂ ਨੂੰ ਛੂੰਹਦੇ। ਪਰ ਉਹਨਾਂ ਦਾ ਇਲਾਜ ਹੋਣ ਦੇ ਬਾਵਜੂਦ, ਜਦੋਂ ਉਹ ਨਾ ਬਚਦੇ ਤਾਂ ਉਹਨਾਂ ਦਾ ਦੁਖ ਤੇ ਤਕਲੀਫ਼ ਉਸ ਕੋਲੋਂ ਦੇਖਿਆ ਨਹੀਂ ਸੀ ਜਾਂਦਾ ਅਤੇ ਬੁੱਧ ਦਾ ਪ੍ਰਸ਼ਨ ਉਸਦੇ ਮਨ ਵਿੱਚ ਉੱਠਦਾ ਕਿ ਦੁਨੀਆਂ 'ਚ ਹਰ ਚੀਜ਼ ਹੀ ਅਸਥਾਈ ਹੈ। ਫੇਰ ਉਹ ਉਹਨਾਂ ਲੋਕਾਂ ਬਾਰੇ ਸੋਚਦੀ ਜਿਹੜੇ ਹਜ਼ਾਰਾਂ ਹੀ ਕੋਸ਼ਿਸ਼ਾਂ ਦੇ ਬਾਵਜੂਦ ਨਹੀਂ ਸਨ ਬਚਦੇ ਤੇ ਮਰ ਜਾਂਦੇ ਸਨ।

ਉਸਦੀ ਮਾਤਾ ਰਣਜੀਤ ਕੌਰ ਬਹਾਦਰ ਤੇ ਨਿਡਰ ਔਰਤ ਸੀ। ਉਸਦੀ ਘਰ 'ਚ ਤੇ ਬਾਹਰ ਵੀ ਬੜੀ ਇੱਜ਼ਤ ਸੀ। ਉਹ ਆਪਣੀ ਸੱਸ ਨਾਲ ਆਪਣੀ ਮਾਂ ਵਾਂਗ ਹੀ ਪਿਆਰ ਕਰਦੀ ਸੀ ਅਤੇ ਇਸਦੇ ਬਦਲੇ, ਉਸਨੂੰ ਵੀ ਉਸ ਕੋਲੋਂ ਮਾਂ ਵਾਲਾ ਪਿਆਰ ਹੀ ਮਿਲਦਾ ਸੀ। ਕਈ ਵਾਰੀ ਉਸਦੀ ਦਾਦੀ ਆਪਣੇ ਪਤੀ ਦੇ ਛੋਟੇ ਭਰਾ ਨੂੰ ਯਾਦ ਕਰਦੀ ਸੀ, ਜਿਹੜਾ ਕਿ ਮਲੇਸ਼ੀਆ ਚਲਾ ਗਿਆ ਸੀ ਅਤੇ ਹਰਬੰਸ ਸਿੰਘ ਨੂੰ ਪੁੱਛਦੀ ਰਹਿੰਦੀ ਸੀ ਕਿ ਕੀ ਉਸਨੇ ਆਪਣੇ ਚਾਚਾ ਜੀ ਨੂੰ ਚਿੱਠੀ ਲਿਖੀ ਹੈ ਤੇ ਉਸਦੀ ਰਾਜ਼ੀ ਖ਼ੁਸ਼ੀ ਬਾਰੇ ਪੁੱਛਿਆ ਹੈ ? ਘਰ ਹਮੇਸ਼ਾਂ ਮਹਿਮਾਨਾਂ ਨਾਲ ਭਰਿਆ ਰਹਿੰਦਾ ਸੀ ਤੇ ਸਾਰੇ ਮਹਿਮਾਨਾਂ ਦੀ ਖ਼ੁਸ਼ੀ ਨਾਲ ਸੇਵਾ ਕੀਤੀ ਜਾਂਦੀ ਸੀ। ਹਰਬੰਸ ਸਿੰਘ ਹਮੇਸ਼ਾਂ ਆਪਣੇ ਚਾਚਾ ਜੀ ਨੂੰ ਯਾਦ ਰੱਖਦੇ ਸਨ ਕਿ ਕਿਵੇਂ ਉਹਨਾਂ ਨੇ ਆਪਣੇ ਵੱਡੇ ਭਰਾ ਦੀ ਮੌਤ ਤੋਂ ਬਾਅਦ, ਉਹਨਾਂ ਦਾ ਧਿਆਨ ਰੱਖਿਆ ਸੀ। ਉਹਨਾਂ ਦੇ ਚਾਚਾ ਜੀ ਨੇ ਪਰਿਵਾਰ ਦੀ ਬਹੁਤ ਮਦਦ ਕੀਤੀ ਸੀ ਤੇ ਉਹ ਸੱਚਮੁੱਚ ਹੀ ਉਹਨਾਂ ਨੂੰ ਯਾਦ ਕਰਦੇ ਸਨ। ਉਹ ਆਪਣੇ ਚਾਚਾ ਜੀ ਦੀ ਇਸ ਨੇਕੀ ਦਾ ਬਦਲਾ ਚੁਕਾਉਣਾ ਚਾਹੁੰਦੇ ਸਨ। ਉਹਨਾਂ ਦੇ ਚਾਚਾ ਜੀ ਦਾ ਇਕ ਪੁੱਤਰ ਸੀ, ਜਿਸਦਾ ਨਾਮ ਜਗਜੀਤ ਸਿੰਘ ਸੀ। ਜਗਜੀਤ ਸਿੰਘ ਦਾ ਵਿਆਹ ਮਲੇਸ਼ੀਆ ਵਿੱਚ ਹੋਇਆ ਸੀ, ਪਰ ਉਸਦੀ ਪਤਨੀ ਨੇ ਉਸਨੂੰ ਤਲਾਕ ਦੇ ਦਿੱਤਾ ਸੀ। ਡਾ. ਹਰਬੰਸ ਸਿੰਘ ਨੇ ਆਪਣੀ ਬੇਟੀ ਇੰਦਰਜੀਤ ਨੂੰ ਆਪਣੇ ਚਾਚਾ ਜੀ ਨੂੰ ਚਿੱਠੀ ਲਿਖਣ ਲਈ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਭਾਰਤ ਭੇਜ ਦੇਣ ਤਾਂ ਕਿ ਹਰਬੰਸ ਸਿੰਘ ਉਸਦਾ ਦੁਬਾਰਾ ਵਿਆਹ ਕਰਾਉਣ 'ਚ ਮਦਦ ਕਰ ਸਕਣ। ਜਗਜੀਤ ਸਿੰਘ, ਜੋ ਕਿ ਹਰਬੰਸ ਸਿੰਘ ਦਾ ਚਚੇਰਾ ਭਰਾ ਸੀ, ਉਹ ਭਾਰਤ ਆ ਗਿਆ ਤੇ ਡਾ. ਹਰਬੰਸ ਸਿੰਘ ਨੇ ਆਪਣੀ ਪਤਨੀ ਦੀ ਚਚੇਰੀ ਭੈਣ ਨਾਲ ਉਸਦਾ ਵਿਆਹ ਕਰਵਾ ਦਿੱਤਾ ਅਤੇ ਫੇਰ ਉਸਨੂੰ ਮਲੇਸ਼ੀਆ ਵਾਪਸ ਭੇਜ ਦਿੱਤਾ।



ਉਸਦੇ ਚਾਚਾ ਜੀ ਨੇ ਉਹਨਾਂ ਨੂੰ ਅਸੀਸਾਂ ਦਿੱਤੀਆਂ। ਉਹਨਾਂ ਨੇ ਆਪਣੀ ਖ਼ੁਸ਼ੀ ਇਕ ਚਿੱਠੀ ਰਾਹੀਂ ਜ਼ਾਹਰ ਕੀਤੀ ਸੀ ਤੇ ਕਿਹਾ ਸੀ, "ਹਰਬੰਸ ਸਿੰਘ ਤੂੰ ਕਲਿਯੁਗ ਵਿੱਚ ਸਤਿਯੁਗ ਪੈਦਾ ਕਰ ਦਿੱਤਾ ਹੈ।" ਇਕ ਦਿਨ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਸਦੇ ਚਾਚਾ ਜੀ ਦੀ ਮੌਤ ਹੋ ਗਈ ਹੈ। ਭਾਵੇਂ ਉਹ ਕਾਫ਼ੀ ਚਿਰ ਤੋਂ ਉਹਨਾਂ ਨੂੰ ਮਿਲੇ ਨਹੀਂ ਸਨ, ਪਰ ਹਮੇਸ਼ਾਂ ਉਹਨਾਂ ਨੂੰ ਮਿਲਣ ਦੀ ਇੱਛਾ ਰੱਖਦੇ ਸਨ। ਪਰ ਕੁਦਰਤ ਦੇ ਨੇਮ ਅਨੋਖੇ ਹਨ। ਉਹਨਾਂ ਨੂੰ ਆਪਣੇ ਚਾਚਾ ਜੀ ਦੇ ਮਰਨ ਨਾਲ ਬਹੁਤ ਵੱਡਾ ਘਾਟਾ ਪਿਆ।

ਡਾ. ਹਰਬੰਸ ਸਿੰਘ ਦੇ ਕੋਲ, ਬੜੇ ਸਾਲਾਂ ਤੋਂ ਪਿੰਗਲਵਾੜੇ ਦੇ ਭਗਤ ਪੂਰਨ ਸਿੰਘ ਦੁਆਰਾ ਛਾਪਿਆ ਹੋਇਆ ਸਾਹਿਤ ਆ ਰਿਹਾ ਸੀ। ਇਹ ਸਾਹਿਤ ਸਮੱਗਰੀ ਬੜੀ ਪ੍ਰਭਾਵਸ਼ਾਲੀ ਸੀ, ਖ਼ਾਸ ਕਰਕੇ, ਖੇਤੀ-ਬਾੜੀ ਵਿੱਚ ਜ਼ਿਆਦਾ ਫ਼ਸਲ ਪ੍ਰਾਪਤ ਕਰਨ ਲਈ ਖਾਦਾਂ ਤੇ ਹੋਰ ਰਸਾਇਣਿਕ ਪਦਾਰਥਾਂ ਦੇ ਪ੍ਰਯੋਗ ਕਾਰਨ ਵਾਤਾਵਰਣ 'ਚ ਫੈਲ ਰਹੇ ਪ੍ਰਦੂਸ਼ਣ ਬਾਰੇ ਚਿਤਾਵਨੀ ਦੇਣਾ। ਇਸ ਵਿੱਚ ਲਿਖਿਆ ਹੁੰਦਾ ਸੀ "ਇਹ ਰਸਾਇਣ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਹੇ ਹਨ ਤੇ ਇਹਨਾਂ ਦੇ ਜ਼ਹਿਰ ਪਾਣੀ ਵਿੱਚ ਘੁਲ ਕੇ ਧਰਤੀ ਅੰਦਰ ਜਾ ਰਹੇ ਹਨ ਤੇ ਹਵਾ 'ਚ ਘੁਲ ਕੇ ਉਸਨੂੰ ਵੀ ਪ੍ਰਦੂਸ਼ਿਤ ਕਰ ਰਹੇ ਹਨ। ਇਹ ਪ੍ਰਦੂਸ਼ਣ ਤੇ ਜ਼ਹਿਰੀਲੇ ਪਦਾਰਥ ਭੋਜਨ ਅੰਦਰ ਪ੍ਰਵੇਸ਼ ਕਰ ਰਹੇ ਹਨ ਤੇ ਬਹੁਤ ਸਾਰੀਆਂ ਬਿਮਾਰੀਆਂ ਪੈਦਾ ਕਰ ਰਹੇ ਹਨ। ਜ਼ਹਿਰੀਲੇ ਰਸਾਇਣਾਂ ਦੀ ਵਧਦੀ ਹੋਈ ਵਰਤੋਂ ਮਨੁੱਖਤਾ ਲਈ ਬਹੁਤ ਹੀ ਘਾਤਕ ਹੈ।" ਇਸ ਤਰ੍ਹਾਂ ਭਗਤ ਪੂਰਨ ਸਿੰਘ ਜੀ ਦੀ ਸਮਾਜ ਪ੍ਰਤੀ ਸੇਵਾ ਬਾਰੇ ਸਾਰੇ ਦੇਸ਼ 'ਚ ਪ੍ਰਸ਼ੰਸਾ ਕੀਤੀ ਜਾਂਦੀ ਸੀ। ਭਗਤ ਪੂਰਨ ਸਿੰਘ ਆਪਣਾ ਜ਼ਿਆਦਾ ਸਮਾਂ ਪੜ੍ਹਨ 'ਚ ਬਤੀਤ ਕਰਦੇ ਸਨ। ਉਹਨਾਂ 'ਤੇ ਭਾਰਤ ਤੇ ਕਈ ਵਿਦੇਸ਼ੀ ਲੇਖਕਾਂ ਦਾ ਅਸਰ ਸੀ। ਉਹ ਕਈ ਮਹੱਤਵਪੂਰਨ ਲੇਖਾਂ ਦੀ ਚੋਣ ਕਰਕੇ ਤੇ ਆਪਣੇ ਖ਼ਰਚੇ 'ਤੇ ਛਪਵਾ ਕੇ ਲੋਕਾਂ 'ਚ ਮੁਫ਼ਤ ਵੰਡਿਆ ਕਰਦੇ ਸਨ।

ਉਹਨਾਂ ਨੇ ਇਕ ਵਾਰੀ ਕਿਸੇ ਅਖ਼ਬਾਰ 'ਚੋਂ ਇਕ ਕਹਾਣੀ ਪੜ੍ਹੀ। ਇਹ ਕਿਸੇ ਅੰਗਰੇਜ਼ ਔਰਤ ਨੇ ਲਿਖੀ ਸੀ। ਉਸਨੇ ਲਿਖਿਆ ਸੀ, "ਮੈਂ ਬੰਬਈ ਤੋਂ ਅੰਮ੍ਰਿਤਸਰ ਤਕ ਰੇਲ ਰਾਹੀਂ ਸਫ਼ਰ ਕੀਤਾ। ਉਸੇ ਪਹਿਲੇ ਦਰਜੇ ਦੇ ਡੱਬੇ ਵਿੱਚ ਇਕ ਸਿੱਖ ਨੌਜਵਾਨ ਵੀ ਸਫ਼ਰ ਕਰ ਰਿਹਾ ਸੀ। ਮੈਂ ਦੇਖਿਆ ਕਿ ਤਿੰਨ ਦਿਨਾਂ ਦੇ ਸਾਡੇ ਇਸ ਇਕੱਠਿਆਂ ਸਫ਼ਰ ਦੇ ਦੌਰਾਨ ਉਸ ਆਦਮੀ

ਨੇ ਮੇਰੇ ਵੱਲ ਇਕ ਵਾਰੀ ਵੀ ਨਹੀਂ ਦੇਖਿਆ । ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਉਸ ਆਦਮੀ ਦਾ ਭਾਰੀ ਇਕੱਠ ਵੱਲੋਂ ਉਸਨੂੰ ਹਾਰ ਪਾ ਕੇ ਸੁਆਗਤ ਕੀਤਾ ਗਿਆ । ਫੇਰ ਮੈਂ ਪੁੱਛਿਆ ਕਿ ਇਹ ਆਦਮੀ ਕੌਣ ਸੀ—ਤੇ ਮੈਨੂੰ ਦੱਸਿਆ ਗਿਆ ਕਿ ਉਹ ਇਕ ਸਿੱਖ ਲੀਡਰ ਸੀ, ਜਿਸਦਾ ਨਾਮ ਤਾਰਾ ਸਿੰਘ ਸੀ ।" ਭਗਤ ਜੀ ਇਸ ਕਹਾਣੀ ਤੋਂ ਬੜੇ ਪ੍ਰਭਾਵਿਤ ਹੋਏ ਸਨ ।

ਭਗਤ ਪੂਰਨ ਸਿੰਘ ਜੀ, ਜੋ ਕਿ ਲਾਹੌਰ 'ਚ ਡੇਰਾ ਸਾਹਿਬ ਗੁਰਦੁਆਰੇ 'ਚ ਸੇਵਾਦਾਰ ਸਨ, ਉਹਨਾਂ ਨੂੰ ਗੁਰਦੁਆਰੇ ਦੇ ਮੁੱਖ ਦਰਵਾਜ਼ੇ 'ਤੇ ਇਕ ਮੰਦ-ਬੁੱਧੀ ਬੱਚਾ ਪਿਆ ਹੋਇਆ ਮਿਲਿਆ । ਉਹ ਤੁਰ ਫਿਰ ਨਹੀਂ ਸੀ ਸਕਦਾ । ਭਗਤ ਜੀ ਉਸਨੂੰ ਚੁੱਕ ਕੇ ਆਪਣੇ ਟੀਨ ਦੀ ਛੱਤ ਦੇ ਬਣੇ ਹੋਏ ਸਾਈਕਲ ਸਟੈਂਡ 'ਤੇ ਲੈ ਆਏ । ਉਹ ਬੱਚੇ ਨੂੰ ਕੁਝ ਨਾ ਕੁਝ ਖਾਣ ਨੂੰ ਦੇਣ ਲੱਗੇ ਤੇ ਉਸਦੀ ਬਿਮਾਰੀ ਦਾ ਇਲਾਜ ਵੀ ਸ਼ੁਰੂ ਕਰ ਦਿੱਤਾ। ਉਹ ਬੱਚੇ ਦੀ ਸੇਵਾ ਵਿੱਚ ਲਗਾਤਾਰ ਲੱਗ ਗਏ । ਦੇਸ਼ ਦੀ ਵੰਡ ਵੇਲੇ ਉਹ ਬੱਚੇ ਨੂੰ ਚੁੱਕ ਕੇ ਅੰਮ੍ਰਿਤਸਰ ਲੈ ਆਏ । ਇੱਥੇ ਉਹਨਾਂ ਨੂੰ ਦੋ ਹੋਰ ਬਿਮਾਰ ਆਦਮੀ ਮਿਲੇ, ਜਿਹਨਾਂ ਨੂੰ ਦਵਾਈ ਦੀ ਅਤੇ ਭੋਜਨ ਦੀ ਬਹੁਤ ਜ਼ਰੂਰਤ ਸੀ । ਉਹਨਾਂ ਨੂੰ ਉਹਨਾਂ ਬਾਰੇ ਕੁਝ ਵੀ ਪਤਾ ਨਹੀਂ ਸੀ ਪਰ ਉਹਨਾਂ ਨੇ ਉਹਨਾਂ ਦੋਹਾਂ ਬਿਮਾਰ ਆਦਮੀਆਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਤੇ ਨਾਲ ਹੀ ਤਿੰਨਾਂ ਜਣਿਆਂ ਵਾਸਤੇ ਰੋਟੀ ਮੰਗ ਕੇ ਲਿਆਉਣੀ ਸ਼ੁਰੂ ਕਰ ਦਿੱਤੀ । ਉਹ ਉਹਨਾਂ ਨੂੰ ਸਰਕਾਰੀ ਹਸਪਤਾਲ ਲੈ ਕੇ ਜਾਂਦੇ ਅਤੇ ਉਹ ਭਗਤ ਜੀ ਕੋਲ ਲੰਮਾਂ ਸਮਾਂ ਰਹਿੰਦੇ ਰਹੇ । ਉਸ ਤੋਂ ਬਾਅਦ ਉਹ ਹੋਰ ਲੋਕਾਂ ਨੂੰ ਵੀ ਲੈ ਕੇ ਆਉਂਦੇ ਰਹੇ। ਉਹਨਾਂ ਲੋਕਾਂ 'ਚ ਇਕ ਕੁੜੀ ਵੀ ਸੀ, ਜਿਸਨੂੰ ਟੀ. ਬੀ. ਦੀ ਬਿਮਾਰੀ ਸੀ । ਉਸਦਾ ਇਕ ਪੁੱਤਰ ਸੀ, ਪਰ ਉਸ ਕੋਲ ਕਮਾਈ ਦਾ ਕੋਈ ਸਾਧਨ ਨਹੀਂ ਸੀ, ਬੱਸ ਉਹਨਾਂ ਨੂੰ ਇਕ ਰੱਬ ਦਾ ਹੀ ਆਸਰਾ ਸੀ । ਉਹਨਾਂ ਨੇ ਇਕ ਆਸ਼ਰਮ ਸ਼ੁਰੂ ਕੀਤਾ, ਜਿਸ 'ਚ, ਬੇਸਹਾਰਾ, ਗੰਭੀਰ ਰੋਗਾਂ ਨਾਲ ਪੀੜਿਤ ਅਤੇ ਅਨਾਥ ਲੋਕ ਆਉਂਦੇ ਸਨ ਤੇ ਕਈ ਜਣੇ ਬਿਮਾਰੀ ਤੋਂ ਰਾਜ਼ੀ ਹੋ ਕੇ, ਭਗਤ ਪੂਰਨ ਸਿੰਘ ਦੀਆਂ ਉਹਨਾਂ ਲਈ ਕੀਤੀਆਂ ਕੋਸ਼ਿਸ਼ਾਂ ਦਾ ਧੰਨਵਾਦ ਕਰਕੇ, ਆਸ਼ਰਮ 'ਚੋਂ ਚਲੇ ਜਾਂਦੇ ਸਨ ।

1956 ਤਕ ਭਗਤ ਪੂਰਨ ਸਿੰਘ ਜੀ ਦੇ ਕੰਮਾਂ ਨੂੰ ਅੰਮ੍ਰਿਤਸਰ ਤੇ ਨੇੜੇ-ਤੇੜੇ ਦੇ ਇਲਾਕਿਆਂ 'ਚ ਮਾਣਤਾ ਮਿਲਣੀ ਸ਼ੁਰੂ ਹੋ ਗਈ ਸੀ । ਲੋਕਾਂ ਨੇ ਉਹਨਾਂ ਦੇ ਮਿਸ਼ਨ ਨੂੰ ਧਿਆਨ 'ਚ ਰੱਖਦਿਆਂ ਹੋਇਆਂ, ਉਹਨਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਸੀ । ਪਰ ਪਹਿਲੇ ਨੌਂ ਸਾਲਾਂ ਦਾ ਸਮਾਂ 1947 ਤੋਂ ਲੈ ਕੇ 1956 ਤਕ, ਭਗਤ ਜੀ ਲਈ ਸਖ਼ਤ ਮਿਹਨਤ ਤੇ ਦੁੱਖ ਦਾ ਸਮਾਂ



ਸੀ । ਇਸ ਲਈ, ਕਈ ਵਾਰੀ ਉਹਨਾਂ ਨੂੰ ਭੁੱਖਿਆਂ ਹੀ ਸੌਣਾ ਪੈਂਦਾ; ਪਰ ਉਹ ਆਪਣੇ ਨਾਲ ਆਸ਼ਰਮ 'ਚ ਰਹਿੰਦੇ ਲੋਕਾਂ ਨੂੰ ਭੋਜਨ ਖੁਆਉਂਦੇ ਸਨ ਤੇ ਉਹਨਾਂ ਨੂੰ ਆਪਣਾ ਆਸ਼ਰਮ ਵੀ ਇਕ ਥਾਂ ਤੋਂ ਦੂਜੀ ਥਾਂ 'ਤੇ ਬਦਲਣਾ ਪੈਂਦਾ ਸੀ । ਭਗਤ ਜੀ ਕਿਸੇ ਨੂੰ ਵੀ ਮਦਦ ਦੇਣ ਤੋਂ ਇਨਕਾਰ ਨਹੀਂ ਸਨ ਕਰਦੇ ।

ਸੰਗਰੂਰ 'ਚ, ਉਗਰਾਹੀ ਕਰਨ ਵਾਲਾ ਇਕ ਆਦਮੀ ਆਉਂਦਾ ਹੁੰਦਾ ਸੀ ਜੋ ਪਿੰਗਲਵਾੜੇ ਦਾ ਸਾਹਿਤ ਵੀ ਵੰਡਦਾ ਹੁੰਦਾ ਸੀ । ਭਾਵੇਂ ਉਹ ਫੰਡ ਤਾਂ ਇਕੱਠਾ ਕਰਦਾ ਹੀ ਸੀ, ਪਰ ਉਸਨੇ ਕਦੀ ਵੀ ਕਿਸੇ ਨੂੰ ਦਾਨ ਕਰਨ ਲਈ ਨਹੀਂ ਸੀ ਕਿਹਾ । ਲੋਕਾਂ ਨੇ ਆਪ ਹੀ ਉਸਨੂੰ ਕੁਝ ਦਾਨ ਦੇਣਾ ਸ਼ੁਰੂ ਕਰ ਦਿੱਤਾ ਸੀ । ਡਾ. ਹਰਬੰਸ ਸਿੰਘ ਨੇਮ ਨਾਲ ਪਿੰਗਲਵਾੜੇ ਨੂੰ ਦਾਨ ਦਿੰਦੇ ਹੁੰਦੇ ਸਨ, ਪਰ ਉਹਨਾਂ ਦੀ ਭਗਤ ਜੀ ਨਾਲ ਚਿੱਠੀ-ਪੱਤਰੀ ਵੀ ਸ਼ੁਰੂ ਹੋ ਗਈ ਸੀ । ਉਹ ਉਹਨਾਂ ਦੀਆਂ ਚਿੱਠੀਆਂ ਦਾ ਜੁਆਬ ਵੀ ਦਿੰਦੇ ਹੁੰਦੇ ਸਨ ।

1956 ਤਕ ਪਿੰਗਲਵਾੜਾ ਲੋਕਾਂ 'ਚ ਬੜਾ ਹਰਮਨ-ਪਿਆਰਾ ਹੋ ਗਿਆ ਸੀ । ਕਈ ਲੋਕ ਭਗਤ ਜੀ ਦੀ ਮਦਦ ਕਰਨ ਲੱਗ ਪਏ ਸਨ । ਫੇਰ ਕਈ ਲੋਕਾਂ ਨੇ ਉਹਨਾਂ ਨੂੰ ਸਲਾਹ ਦਿੱਤੀ ਕਿ ਉਹ ਇਸਨੂੰ ਇਕ ਸੰਸਥਾ ਦੇ ਤੌਰ 'ਤੇ ਰਜਿਸਟਰ ਕਰਵਾ ਲੈਣ । ਭਾਵੇਂ ਭਗਤ ਜੀ ਇਸ ਗੱਲ ਦੇ ਪੱਖ 'ਚ ਨਹੀਂ ਸਨ, ਪਰ ਜਦੋਂ ਕੁਝ ਲੋਕਾਂ ਨੇ ਉਹਨਾਂ ਨੂੰ ਇਸਦੇ ਫ਼ਾਇਦਿਆਂ ਬਾਰੇ ਸਮਝਾਇਆ ਕਿ ਇਸ ਤਰ੍ਹਾਂ ਕਰਨ ਨਾਲ ਸੰਸਥਾ ਨੂੰ ਚੰਗੀ ਤਰ੍ਹਾਂ ਚਲਾਉਣ ਲਈ ਸਰਕਾਰੀ ਤੇ ਗ਼ੈਰ-ਸਰਕਾਰੀ ਮਦਦ ਵੀ ਮਿਲ ਜਾਇਆ ਕਰੇਗੀ, ਤਾਂ ਫੇਰ ਅਖ਼ੀਰ ਇਸਦੀ ਰਜਿਸਟਰੀ 1957 ਵਿੱਚ All India Pingalwara Society ਦੇ ਤੌਰ 'ਤੇ ਕਰਵਾ ਲਈ ਗਈ ।

ਡਾ. ਹਰਬੰਸ ਸਿੰਘ, ਭਾਈ ਵੀਰ ਸਿੰਘ ਦੇ ਬਹੁਤ ਪ੍ਰਸ਼ੰਸਕ ਸਨ । ਉਹਨਾਂ ਦੀਆਂ ਕਿਤਾਬਾਂ ਨੇ ਡਾ. ਸਾਹਿਬ ਨੂੰ ਇਸ ਹੱਦ ਤਕ ਪ੍ਰਭਾਵਿਤ ਕੀਤਾ ਸੀ ਕਿ ਉਹਨਾਂ ਨੂੰ ਜਦੋਂ ਵੀ ਕਿਸੇ ਵਿਆਹ-ਸ਼ਾਦੀ 'ਤੇ ਬੁਲਾਇਆ ਜਾਂਦਾ ਤਾਂ, ਉਹ ਭਾਈ ਵੀਰ ਸਿੰਘ ਦੀਆਂ ਕਿਤਾਬਾਂ, ਤੋਹਫ਼ੇ ਦੇ ਤੌਰ 'ਤੇ ਲਾੜੀ ਤੇ ਲਾੜੇ ਨੂੰ ਦੇ ਕੇ ਆਉਂਦੇ । ਉਹ ਭਾਈ ਵੀਰ ਸਿੰਘ ਨੂੰ ਅੰਮ੍ਰਿਤਸਰ 'ਚ ਵੀ ਮਿਲੇ ਸਨ । ਉਹਨਾਂ ਦੇ ਦਿਲ 'ਚ ਭਾਈ ਵੀਰ ਸਿੰਘ ਜੀ ਲਈ ਬਹੁਤ ਸਤਿਕਾਰ ਸੀ। ਪਰ ਭਾਈ ਜੀ ਦੀ ਸੰਨ 1957 ਵਿੱਚ ਮੌਤ ਹੋ ਗਈ, ਜਿਸ ਨਾਲ ਡਾ. ਹਰਬੰਸ ਸਿੰਘ ਨੂੰ ਬੜਾ ਸਦਮਾ ਲੱਗਾ ।

ਇੰਦਰਜੀਤ ਨੇ ਆਪਣੀ B.Sc. Medical ਦੀ ਪੜ੍ਹਾਈ 1960

ਵਿੱਚ ਪੂਰੀ ਕਰ ਲਈ ਸੀ ਅਤੇ ਲੁਧਿਆਣੇ 'ਚ L.S.M.F. ਕੋਰਸ ਵਿੱਚ ਦਾਖ਼ਲਾ ਲੈ ਲਿਆ ਸੀ । ਲੁਧਿਆਣੇ 'ਚ ਆਪਣੀ ਪੜ੍ਹਾਈ ਦੇ ਦੌਰਾਨ, ਉਹ ਆਪਣੀਆਂ ਛੁੱਟੀਆਂ 'ਚ ਹੀ ਸੰਗਰੂਰ ਜਾਂਦੀ ਸੀ । ਜਦੋਂ ਵੀ ਸੰਗਰੂਰ ਜਾਂਦੀ, ਉਹ ਆਪਣੇ ਪਿਤਾ ਦੇ ਹਸਪਤਾਲ 'ਚ ਬਹੁਤ ਦਿਲਚਸਪੀ ਲੈਂਦੀ । ਇਸ ਵੇਲੇ ਉਸਦਾ ਬਹੁਤਾ ਧਿਆਨ ਮਰੀਜ਼ਾਂ ਦੀਆਂ ਬਿਮਾਰੀਆਂ ਦੇ ਕਾਰਨਾਂ ਵੱਲ ਸੀ, ਜਿਸ ਤੋਂ ਉਸਨੇ ਸਿੱਟਾ ਕੱਢਿਆ ਕਿ 90% ਲੋਕਾਂ 'ਚ, ਗ਼ਰੀਬੀ ਤੇ ਮਾੜੇ ਆਰਥਿਕ ਹਾਲਾਤ ਹੀ ਉਹਨਾਂ ਦੀਆਂ ਬਿਮਾਰੀਆਂ ਤੇ ਸਰੀਰਕ ਸਮੱਸਿਆਵਾਂ ਦੇ ਕਾਰਨ ਹਨ। ਗ਼ਰੀਬੀ ਦਾ ਸੰਬੰਧ ਉਹਨਾਂ ਦੀ ਅਗਿਆਨਤਾ ਨਾਲ ਵੀ ਸੀ । ਬਹੁਤ ਸਾਰੇ ਲੋਕ ਠੀਕ ਤਰ੍ਹਾਂ ਨਾਲ ਇਲਾਜ ਨਹੀਂ ਸਨ ਕਰਾਉਂਦੇ, ਬਲਕਿ ਉਹ ਕਈ ਤਰ੍ਹਾਂ ਦੇ ਉਪਾਅ ਕਰਾਉਣ ਲੱਗ ਪੈਂਦੇ ਤੇ ਇਸ ਤਰ੍ਹਾਂ, ਉਹ ਆਪਣੀਆਂ ਮੁਸ਼ਕਲਾਂ ਆਪ ਹੀ ਵਧਾ ਲੈਂਦੇ । ਇਕ ਵਾਰੀ ਉਸਨੇ ਭਾਪਾ ਜੀ ਦੇ ਕਮਰੇ 'ਚ ਪਿਆ ਹੋਇਆ ਭਗਤ ਪੂਰਨ ਸਿੰਘ ਜੀ ਵੱਲੋਂ ਛਾਪਿਆ ਹੋਇਆ ਸਾਹਿਤ ਪੜ੍ਹਿਆ । ਉਸਨੇ ਉਸ ਸਮੇਂ ਤਕ ਭਗਤ ਪੂਰਨ ਸਿੰਘ ਜੀ ਬਾਰੇ ਕਾਫ਼ੀ ਕੁਝ ਸੁਣ ਲਿਆ ਹੋਇਆ ਸੀ । ਉਹਨਾਂ ਦੇ ਸਾਹਿਤ ਦਾ ਉਸ 'ਤੇ ਬੜਾ ਅਸਰ ਹੋਇਆ । ਸੱਚਮੁੱਚ, ਇਹ ਹਰ ਕਿਸੇ ਲਈ ਲਾਭਦਾਇਕ ਜਾਣਕਾਰੀ ਸੀ, ਖ਼ਾਸ ਕਰਕੇ ਉਹਨਾਂ ਲੋਕਾਂ ਲਈ ਜੋ ਦੇਸ਼ ਲਈ ਆਰਥਿਕ, ਸਮਾਜਿਕ ਤੇ ਵਾਤਾਵਰਨ ਸੰਬੰਧੀ ਨੀਤੀਆਂ ਬਣਾਉਂਦੇ ਸਨ । ਡਾ. ਇੰਦਰਜੀਤ ਵੀ ਵਾਤਾਵਰਨ 'ਚ ਛੇਤੀ ਨਾਲ ਹੋ ਰਹੇ ਪ੍ਰਦੂਸ਼ਣ ਬਾਰੇ ਬੜੀ ਚੇਤੰਨ ਹੋ ਗਈ ਸੀ । ਭਗਤ ਪੂਰਨ ਸਿੰਘ ਜੀ ਸਮਾਜ 'ਚ ਆਉਣ ਵਾਲੀਆਂ ਵਾਤਾਵਰਨ ਸੰਬੰਧੀ ਮੁਸ਼ਕਲਾਂ ਬਾਰੇ ਸਮਾਜ ਨੂੰ ਜਾਗਰੂਕ ਕਰ ਰਹੇ ਸਨ ।

ਭਗਤ ਪੂਰਨ ਸਿੰਘ ਜੀ ਪੜ੍ਹਦੇ ਬਹੁਤ ਸਨ । ਉਹ ਲਗਭਗ ਸੱਤ ਅਖ਼ਬਾਰਾਂ ਤੇ ਵਾਤਾਵਰਨ ਸੰਬੰਧੀ ਵਿਗਿਆਨੀਆਂ ਦੇ ਲੇਖ ਰੋਜ਼ ਪੜ੍ਹਦੇ ਸਨ । ਇਸ ਤੋਂ ਇਲਾਵਾ, ਉਹ ਬਹੁਤ ਸਾਰਾ ਸਮਾਂ ਵਿਦਵਾਨਾਂ ਨਾਲ ਬਤੀਤ ਕਰਦੇ ਸਨ; ਜਿਵੇਂ—ਪ੍ਰੋਫ਼ੈਸਰ ਨਰਾਇਣ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰੋਫ਼ੈਸਰ ਪ੍ਰੀਤਮ ਸਿੰਘ, ਇਤਿਹਾਸਕਾਰ ਗੰਡਾ ਸਿੰਘ ਅਤੇ ਹੋਰ ਅਜਿਹੇ ਲੋਕਾਂ ਨਾਲ । ਉਹਨਾਂ ਦੇ ਮਨ 'ਚ ਲੋਕਾਂ ਨੂੰ ਵਾਤਾਵਰਣ ਤੇ ਸਮਾਜਿਕ ਮੁਸ਼ਕਲਾਂ ਬਾਰੇ ਸੁਚੇਤ ਕਰਨ ਦੀ ਬੜੀ ਇੱਛਾ ਸੀ ।

ਇਕ ਵਾਰੀ, ਇੰਦਰਜੀਤ ਨੂੰ ਐਲਬ੍ਰਟ ਸਵਿਟਜ਼ਰ (Albert Schweitzer) ਦੀ ਲਿਖੀ ਹੋਈ ਇਕ ਕਿਤਾਬ ਮਿਲੀ । ਇਹ ਇਕ ਬਹੁਤ



ਹੀ ਦਿਲਚਸਪ ਕਿਤਾਬ ਸੀ, ਜਿਸ 'ਚ ਉਸਨੇ ਲਿਖਿਆ ਸੀ ਕਿ ਉਸਨੇ ਮਹਿਸੂਸ ਕੀਤਾ ਹੈ ਕਿ ਕੋਈ ਵੀ ਜਿਊਂਦਾ ਪ੍ਰਾਣੀ ਆਪਣੀ ਮੌਤ ਤੋਂ ਬਹੁਤ ਭੈ-ਭੀਤ ਰਹਿੰਦਾ ਹੈ ਤੇ ਹਮੇਸ਼ਾਂ ਲਈ ਜਿਊਂਦਾ ਰਹਿਣਾ ਚਾਹੁੰਦਾ ਹੈ। ਇਸ ਲਈ, ਉਸ ਨੇ ਆਪਣਾ ਮਿਸ਼ਨ ਬਣਾ ਲਿਆ ਕਿ ਉਹ ਹਰ ਜਿਊਂਦੇ ਪ੍ਰਾਣੀ ਦੇ ਜੀਵਨ ਨੂੰ ਸੰਭਾਲ ਕੇ ਰੱਖਣ ਦਾ ਹਰ ਯਤਨ ਕਰਨਗੇ । ਇਹਨਾਂ ਸ਼ਬਦਾਂ ਨੇ ਇੰਦਰਜੀਤ ਨੂੰ ਬਹੁਤ ਪ੍ਰਭਾਵਿਤ ਕੀਤਾ । ਉਹਨਾਂ ਨੂੰ ਜਾਪਿਆ ਕਿ ਭਗਤ ਪੂਰਨ ਸਿੰਘ ਤੇ ਐਲਬ੍ਰਟ ਸਵਿਟਜ਼ਰ ਦੇ ਮਿਸ਼ਨ ਵਿੱਚ ਕਈ ਬਰਾਬਰਤਾਵਾਂ ਹਨ । ਸੱਚਮੁੱਚ ਇਹ ਵਧੀਆ ਮਿਸ਼ਨ ਹੈ ਤੇ ਹਰ ਮਨੁੱਖ ਦਾ ਹੀ ਇਹ ਮਿਸ਼ਨ ਹੋਣ ਚਾਹੀਦਾ ਹੈ ।

1965 ਵਿੱਚ, ਇੰਦਰਜੀਤ ਨੇ L.S.M.F. ਦੀ ਪੜ੍ਹਾਈ ਖ਼ਤਮ ਕਰ ਲਈ ਤੇ M.B.B.S ਕਰਨ ਲਈ ਦੋ ਸਾਲਾਂ ਦੇ ਇਕ ਸੰਖੇਪ ਕੋਰਸ ਵਿੱਚ, ਰਜਿੰਦਰਾ ਮੈਡੀਕਲ ਕਾਲਜ, ਪਟਿਆਲਾ 'ਚ ਦਾਖ਼ਲਾ ਲੈ ਲਿਆ । ਜਦੋਂ ਵੀ ਉਹ ਛੁੱਟੀਆਂ 'ਚ ਸੰਗਰੂਰ ਜਾਂਦੀ, ਉਹ ਛੋਟੇ-ਛੋਟੇ ਕੰਮਾਂ 'ਚ ਆਪਣੇ ਪਿਤਾ ਦੀ ਮਦਦ ਕਰਦੀ । ਇੱਥੇ ਫਿਰ, ਆਮ ਆਦਮੀ ਦੀਆਂ ਸਮਾਜਿਕ ਤੇ ਆਰਥਿਕ ਮੁਸ਼ਕਲਾਂ ਬਾਰੇ ਡੂੰਘਿਆਈ ਨਾਲ ਸੋਚਣ ਲੱਗ ਪੈਂਦੀ ਤੇ ਉਹਨਾਂ ਲੋਕਾਂ ਬਾਰੇ ਵੀ ਫ਼ਿਕਰਮੰਦ ਹੁੰਦੀ ਜੋ ਕਿਸੇ ਕਾਰਨ ਆਪਣਾ ਇਲਾਜ ਅਧੂਰਾ ਹੀ ਛੱਡ ਜਾਂਦੇ ਸਨ । ਉਸਨੇ ਅਜਿਹੇ ਦੋ ਮਰੀਜ਼ ਆਪਣੇ ਹਸਪਤਾਲ 'ਚ ਲਿਆਂਦੇ ਤੇ ਉਹਨਾਂ ਦਾ ਉੱਥੇ ਇਲਾਜ ਕੀਤਾ । ਉਹ ਮਹਿਸੂਸ ਕਰਦੀ ਕਿ ਬਹੁਤ ਸਾਰੀਆਂ ਔਰਤਾਂ ਨੂੰ ਏਨੀ ਜ਼ਿਆਦਾ ਸਰਦੀ 'ਚ, ਬਹੁਤ ਘੱਟ ਕੱਪੜੇ ਪਾਉਣ ਕਾਰਨ ਠੰਢ ਲੱਗ ਜਾਂਦੀ, ਉਹ ਬਿਮਾਰ ਹੋ ਜਾਂਦੀਆਂ ਤੇ ਅਖ਼ੀਰ ਇਲਾਜ ਦੀ ਘਾਟ ਕਰਕੇ, ਉਹਨਾਂ ਦੀ ਮੌਤ ਹੋ ਜਾਂਦੀ । ਪਰ ਉਸਨੇ ਇਹ ਵੀ ਦੇਖਿਆ ਕਿ ਕੁਝ ਔਰਤਾਂ ਆਪਣੇ ਪਤੀ ਤੇ ਬੱਚਿਆਂ ਲਈ ਤਾਂ ਬਹੁਤ ਫ਼ਿਕਰਮੰਦ ਹੁੰਦੀਆਂ, ਪਰ ਆਪਣੀ ਸਿਹਤ ਵੱਲ, ਉਹ ਕੋਈ ਧਿਆਨ ਨਹੀਂ ਸਨ ਕਰਦੀਆਂ ।

# ਸਰਕਾਰੀ ਨੌਕਰੀ

ਉਸ ਨੇ ਸੰਨ 1967 ਵਿੱਚ ਐਮ. ਬੀ. ਬੀ. ਐਸ. ਦੀ ਪੜ੍ਹਾਈ ਪੂਰੀ ਕੀਤੀ ਤੇ ਉਸਨੂੰ ਸਰਕਾਰੀ ਨੌਕਰੀ ਮਿਲ ਗਈ । ਉਸ ਦੀ ਪਹਿਲੀ ਨਿਯੁਕਤੀ ਬਰਨਾਲਾ ਵਿਖੇ ਹੋਈ । ਉਸ ਸਮੇਂ, ਉਸ ਦੀ ਤਨਖ਼ਾਹ ਲੱਗਭਗ ਸਿਰਫ਼ 700 ਰੁਪਏ ਮਹੀਨਾ ਹੀ ਸੀ । ਡਾਕਟਰ ਹਰਬੰਸ ਸਿੰਘ ਚਾਹੁੰਦੇ ਸਨ ਕਿ ਉਹਨਾਂ ਦੀ ਪੁੱਤਰੀ ਸਰਕਾਰੀ ਨੌਕਰੀ ਹੀ ਕਰੇ । ਉਹਨਾਂ ਦਿਨਾਂ 'ਚ ਲੇਡੀ ਡਾਕਟਰਾਂ ਆਪਣੀ ਪ੍ਰਾਈਵੇਟ ਪ੍ਰੈਕਟਿਸ ਨਹੀਂ ਸਨ ਕਰਦੀਆਂ । ਇਸ ਲਈ ਉਹ ਸੋਚਦੇ ਸਨ ਕਿ ਸਰਕਾਰੀ ਨੌਕਰੀ ਕਰਨਾ ਜ਼ਿਆਦਾ ਸਨਮਾਨਜਨਕ ਕੰਮ ਸੀ । ਸਰਕਾਰੀ ਹਸਪਤਾਲ ਵਿੱਚ ਉਹ ਹਮੇਸ਼ਾਂ ਹੀ ਸਾਰਾ ਦਿਨ ਮਰੀਜ਼ਾਂ ਨੂੰ ਦੇਖਣ, ਦਾਖ਼ਲ ਕੀਤੇ ਰੋਗੀਆਂ ਦਾ ਨਿਰੀਖਣ ਕਰਨ ਤੇ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਗੱਲ ਬਾਤ ਕਰਨ ਵਿੱਚ ਰੁੱਝੀ ਰਹਿੰਦੀ । ਬਰਨਾਲਾ, ਸੰਗਰੂਰ ਦੇ ਨੇੜੇ ਹੀ ਸੀ। ਇਸ ਲਈ, ਉਹ ਕਈ ਉਹਨਾਂ ਲੋਕਾਂ ਦਾ ਵੀ ਨਿਰੀਖਣ ਕਰਦੀ ਜਿਹਨਾਂ ਨੇ ਉਹਨਾਂ ਦੇ ਪਿਤਾ ਜੀ ਕੋਲੋਂ, ਪਾਕਿਸਤਾਨ ਤੋਂ ਪ੍ਰਵਾਸ ਕਰਦਿਆਂ ਕਿਸੇ ਨਾ ਕਿਸੇ ਤਰ੍ਹਾਂ ਦੀ ਸਹਾਇਤਾ ਪ੍ਰਾਪਤ ਕੀਤੀ ਸੀ। ਉਹਨਾਂ 'ਚੋਂ ਬਹੁਤ ਸਾਰੇ ਲੋਕਾਂ ਦਾ ਇਲਾਜ, ਉਹਨਾਂ ਦੇ ਪਿਤਾ ਜੀ ਕਰ ਰਹੇ ਸਨ । ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਡਾਕਟਰ ਹਰਬੰਸ ਸਿੰਘ ਦੀ ਪੁੱਤਰੀ ਬਰਨਾਲਾ ਵਿਖੇ ਨੌਕਰੀ ਕਰਨ ਲੱਗ ਪਈ ਹੈ ਤਾਂ ਉਹਨਾਂ 'ਚੋਂ ਕਈ ਲੋਕ ਉਤਸੁਕਤਾ ਵੱਸ ਬਿਨਾਂ ਕਿਸੇ ਬਿਮਾਰੀ ਜਾਂ ਹੋਰ ਕਿਸੇ ਸਮੱਸਿਆਵਾਂ ਤੋਂ ਬਿਨਾਂ ਹੀ ਉਸ ਨੂੰ ਮਿਲਣ ਆਉਣ ਲੱਗ ਪਏ, ਤੇ ਇੱਥੋਂ ਤਕ ਕਿ ਉਸਨੂੰ ਆਪਣੇ ਘਰਾਂ 'ਚ ਆਉਣ ਲਈ ਕਹਿਣ ਲੱਗ ਪਏ । ਕਈ ਲੋਕ ਉਸਨੂੰ ਹਰ ਪ੍ਰਕਾਰ ਦੀ ਮਦਦ ਦੇਣ ਲਈ ਤਿਆਰ ਰਹਿੰਦੇ ਸਨ, ਕਿਉਂਕਿ ਉਹ ਵੰਡ ਦੇ ਸਮੇਂ, ਡਾਕਟਰ ਹਰਬੰਸ ਸਿੰਘ ਦੁਆਰਾ ਕੀਤੀ ਮਦਦ ਲਈ ਅਹਿਸਾਨਮੰਦ ਸਨ ।

ਬਿਮਾਰੀ ਦੇ ਠੀਕ ਤੇ ਵਧੀਆ ਇਲਾਜ ਲਈ, ਉਹ ਆਪਣੇ ਰੋਗੀਆਂ ਨੂੰ ਕੁਝ ਅਜਿਹੀ ਜਾਂਚ ਕਰਾਉਣ ਦੀ ਸਲਾਹ ਦਿੰਦੀ, ਜਿਸ ਨਾਲ ਰੋਗ ਦੀ ਪਹਿਚਾਣ ਠੀਕ ਤਰ੍ਹਾਂ ਹੋ ਸਕੇ । ਪਰ ਉਸ ਹਸਪਤਾਲ 'ਚ ਅਜਿਹੀ ਜਾਂਚ ਕਰਨ ਦਾ ਉੱਚਿਤ ਪ੍ਰਬੰਧ ਨਹੀਂ ਸੀ। ਇਸ ਲਈ, ਅਜਿਹੇ ਰੋਗੀਆਂ ਨੂੰ ਪ੍ਰਾਈਵੇਟ ਪ੍ਰਯੋਗਸ਼ਾਲਾ 'ਚ ਜਾਣਾ ਪੈਂਦਾ ਸੀ, ਜਿੱਥੇ ਉਹਨਾਂ ਨੂੰ ਕਾਫ਼ੀ ਫ਼ੀਸ ਦੇਣੀ ਪੈਂਦੀ ਸੀ; ਪਰ ਬਹੁਤੇ ਰੋਗੀ ਤਾਂ ਏਨੀ ਫ਼ੀਸ ਭਰਨ ਤੋਂ ਅਸਮਰਥ ਹੁੰਦੇ ਸਨ । ਉਹ ਕਈਆਂ ਦੀ ਫ਼ੀਸ ਆਪਣੇ ਕੋਲੋਂ ਦੇ ਕੇ ਮਦਦ ਕਰਦੀ ਤੇ



ਕਈਆਂ ਲਈ ਦਵਾਈਆਂ ਖ਼ਰੀਦ ਕੇ ਵੀ ਉਹਨਾਂ ਦੀ ਮਦਦ ਕਰਦੀ । ਉਹ ਉਸ ਖੇਤਰ ਦੀ ਹਰਮਨ ਪਿਆਰੀ ਡਾਕਟਰ ਬਣ ਗਈ । ਹਸਪਤਾਲ 'ਚ ਮਰੀਜ਼ਾਂ ਦੀ ਗਿਣਤੀ ਉਸ ਕਰਕੇ ਕਈ ਗੁਣਾਂ ਜ਼ਿਆਦਾ ਹੋ ਗਈ । ਉਹ ਦਿਨ ਰਾਤ, ਕਿਸੇ ਵੀ ਵੇਲੇ ਮਰੀਜ਼ਾਂ ਲਈ ਉਪਲੱਬਧ ਰਹਿੰਦੀ, ਕਿਉਂਕਿ ਉਸ ਦੀ ਰਿਹਾਇਸ਼ ਹਸਪਤਾਲ ਦੇ ਵਿੱਚ ਹੀ ਸੀ ।

ਲੋਕਾਂ ਨੂੰ ਉਸ ਦੇ ਉੱਥੇ ਹਾਜ਼ਰ ਰਹਿਣ ਨਾਲ, ਬੜੀ ਰਾਹਤ ਮਿਲਦੀ । ਉਸ ਦੀ ਸੰਗਤ 'ਚ, ਲੋਕਾਂ ਨੂੰ ਖ਼ੁਸ਼ੀ ਮਿਲਦੀ। ਕਈ ਲੋਕ, ਜੋ ਉਸ ਦੇ ਪਿਤਾ ਜੀ ਦੇ ਜਾਣਕਾਰ ਸਨ, ਉਸ ਨੂੰ ਮਿਲਣ ਆਉਣ ਸਮੇਂ, ਉਸ ਲਈ ਤੋਹਫ਼ੇ ਲੈ ਕੇ ਆਉਂਦੇ । ਇਹਨਾਂ 'ਚੋਂ ਕਈ ਲੋਕ ਤਾਂ ਆਪਣੇ ਖ਼ੇਤਰ 'ਚ ਕਾਫ਼ੀ ਤਰੱਕੀ ਕਰ ਚੁੱਕੇ ਸਨ ਤੇ ਕਈ ਉਸ ਖ਼ੇਤਰ ਦੀਆਂ ਰਾਜਨੀਤਿਕ ਹਸਤੀਆਂ ਬਣ ਚੁੱਕੇ ਸਨ । ਭਾਵੇਂ ਕੁਝ ਤੋਹਫ਼ੇ ਤਾਂ ਉਹ ਸਵੀਕਾਰ ਕਰ ਲੈਂਦੀ, ਪਰ ਆਮ ਤੌਰ 'ਤੇ ਉਹ ਤੋਹਫ਼ੇ ਲਿਆਉਣ ਤੋਂ ਲੋਕਾਂ ਨੂੰ ਰੋਕਦੀ। ਉਸ ਨੂੰ ਇਹ ਗੱਲ ਯਾਦ ਸੀ ਕਿ ਉਸ ਦਾ ਸਤਿਕਾਰ, ਉਸ ਦੇ ਮਾਪਿਆਂ ਦੀ ਉਸ ਸੇਵਾ ਕਰਕੇ ਹੀ ਕੀਤਾ ਜਾਂਦਾ ਹੈ ਜੋ ਸੇਵਾ ਉਹਨਾਂ ਵੰਡ ਦੇ ਸਮੇਂ ਲੋਕਾਂ ਦੀ ਕੀਤੀ ਸੀ । ਲੋਕਾਂ ਨੂੰ ਇਹ ਸੇਵਾ ਨਹੀਂ ਸੀ ਭੁੱਲੀ ਤੇ ਉਹ ਆਪਣੇ ਦਿਲਾਂ ਦੀਆਂ ਡੂੰਘਿਆਈਆਂ 'ਚੋਂ ਉਹਨਾਂ ਦੇ ਅਹਿਸਾਨਮੰਦ ਸਨ । ਉਹਨਾਂ ਦਾ ਖ਼ਿਆਲ ਸੀ ਕਿ ਅਜਿਹਾ ਪਿਆਰ, ਸਨੇਹ, ਸਨਮਾਨ ਤੇ ਖ਼ੁਸ਼ੀ ਭੌਤਿਕਵਾਦੀ ਪਦਾਰਥਾਂ ਨਾਲ ਨਹੀਂ ਮਾਪੀ ਜਾ ਸਕਦੀ । ਇਸ ਪ੍ਰਕਾਰ ਦੀ ਸੇਵਾ ਦੀ ਖ਼ੁਸ਼ੀ ਦਾ ਬਿਲਕੁਲ ਵੱਖਰਾ ਹੀ ਅਨੁਭਵ ਹੈ, ਜਿਸਦਾ ਉਹਨਾਂ ਲੋਕਾਂ ਨੂੰ ਹੀ ਪਤਾ ਹੈ, ਜਿਹਨਾਂ ਕੋਲ ਇਸ ਤਰ੍ਹਾਂ ਦੀ ਖ਼ੁਸ਼ੀ ਹੈ ।

ਉਹ ਤਨਖ਼ਾਹ ਲਈ ਜਾਂ ਤਰੱਕੀ ਲਈ ਹੋਰ ਕਿਤੇ ਜਾਣ ਦੀ ਬਜਾਏ, ਇਸੇ ਖੇਤਰ ਦੇ ਲੋਕਾਂ ਦੀ ਸੇਵਾ ਕਰਨ 'ਚ ਹੀ ਖ਼ੁਸ਼ ਸੀ, ਉਸ ਨੂੰ ਆਪਣੇ ਕੰਮ 'ਚ ਤਸੱਲੀ ਸੀ । ਉਸ ਨੂੰ ਸੰਗਰੂਰ ਦੀ ਬਦਲੀ ਹੋਣ ਦੇ ਹੁਕਮ ਮਿਲ ਗਏ— ਤੇ ਉਹ ਉਸ ਲਈ ਤਿਆਰੀ ਕਰਨ ਲੱਗੀ । ਪਰ ਜਦੋਂ ਉਸ ਖੇਤਰ ਦੇ ਲੋਕਾਂ ਨੂੰ ਇਹ ਜਾਣਕਾਰੀ ਮਿਲੀ ਤਾਂ ਉਹਨਾਂ 'ਚੋਂ ਬਹੁਤ ਸਾਰੇ ਲੋਕ ਉਸ ਦੀ ਬਦਲੀ ਕੈਂਸਲ ਕਰਵਾਉਣ ਲਈ ਤਿਆਰੀ ਕਰਨ ਲੱਗੇ । ਉਹ ਉਸ ਦੀਆਂ ਸੇਵਾਵਾਂ ਤੋਂ ਏਨੇ ਖ਼ੁਸ਼ ਸਨ ਕਿ ਉਹ ਉਸ ਨੂੰ ਆਪਣਾ ਪ੍ਰਵਾਰਿਕ ਮੈਂਬਰ ਹੀ ਸਮਝਦੇ ਸਨ । ਲੋਕਾਂ ਨੂੰ ਸਰਕਾਰੀ ਡਾਕਟਰੀ ਸੇਵਾਵਾਂ 'ਚ ਵਿਸ਼ਵਾਸ ਪੱਕਾ ਹੋ ਗਿਆ ਸੀ । ਮਰੀਜ਼ਾਂ ਦੀ ਗਿਣਤੀ ਡਾਕਟਰ ਇੰਦਰਜੀਤ ਕੌਰ ਕਰਕੇ

ਕਈ ਗੁਣਾਂ ਵਧ ਗਈ ਸੀ । ਪਰ ਉਸ ਦੀ ਬਦਲੀ ਰੁਕ ਨਾ ਸਕੀ, ਤਾਂ ਉੱਥੋਂ ਦੇ ਲੋਕਾਂ ਨੇ ਉਸ ਨੂੰ ਸਰਵਜਨਕ ਵਿਦਾਇਗੀ ਪਾਰਟੀ ਦੇਣ ਦਾ ਪ੍ਰਬੰਧ ਕੀਤਾ । ਇਹ ਪਹਿਲੀ ਵਾਰੀ ਸੀ ਕਿ ਕਿਸੇ ਹਸਪਤਾਲ ਦੇ ਡਾਕਟਰ ਨੂੰ ਸਰਵਜਨਕ ਵਿਦਾਇਗੀ ਦਿੱਤੀ ਗਈ ।

ਸੋ ਬਹੁਤ ਸਾਰੇ ਲੋਕ ਉਸ ਲਈ ਤੋਹਫ਼ੇ ਲੈ ਕੇ ਆਏ । ਅੰਤ ਵਿੱਚ ਡਾਕਟਰ ਇੰਦਰਜੀਤ ਕੌਰ ਨੇ ਕਿਹਾ ਕਿ ਸੰਗਰੂਰ ਇੱਥੋਂ ਬਹੁਤ ਦੂਰ ਨਹੀਂ ਹੈ ਤੇ ਉਹ ਇਸ ਖੇਤਰ ਨਾਲ ਜੁੜੇ ਰਹਿਣਗੇ ਤੇ ਕੋਈ ਵੀ ਸੰਗਰੂਰ 'ਚ ਕਿਸੇ ਵੇਲੇ ਵੀ ਉਹਨਾਂ ਨਾਲ ਸੰਪਰਕ ਕਰ ਸਕਦਾ ਹੈ । ਬਲਕਿ ਉਹ ਕਿਸੇ ਦੀ, ਕਿਸੇ ਪ੍ਰਕਾਰ ਦੀ ਸੇਵਾ ਖਿੜ੍ਹੇ ਮੱਥੇ ਕਰਨਗੇ । ਬੀਤੇ ਸਮੇਂ 'ਚ ਕਈ ਡਾਕਟਰਾਂ ਦੀਆਂ ਨਿਯੁਕਤੀਆਂ ਹੋਈਆਂ ਹੋਣਗੀਆਂ ਤੇ ਕਈਆਂ ਦੀਆਂ ਬਦਲੀਆਂ ਵੀ ਹੋਈਆਂ ਹੋਣਗੀਆਂ; ਪਰ ਇਹੋ ਜਿਹੀ ਜਜ਼ਬਾਤੀ ਵਿਦਾਇਗੀ ਪਾਰਟੀ ਕਿਸੇ ਨੇ ਵੀ ਨਹੀਂ ਦੇਖੀ ਹੋਵੇਗੀ । ਕਈ ਡਾਕਟਰ, ਉਸ ਨਾਲ ਉਸਦੇ ਸੇਵਾ-ਭਾਵ ਤੇ ਹਰਮਨ-ਪਿਆਰਤਾ ਕਰਕੇ ਈਰਖ਼ਾ ਕਰਨ ਲੱਗੇ । ਬੜੀ ਵਾਰੀ ਇੰਵ ਹੁੰਦਾ ਕਿ ਕਈ ਮਰੀਜ਼ ਉਸ ਦਾ ਸਲਾਹ-ਮਸ਼ਵਰਾ ਲੈਣ ਆਉਂਦੇ, ਪਰ ਜੇ ਉਹ ਨਾ ਮਿਲਦੀ ਤਾਂ ਉਹ ਇਹ ਕਹਿੰਦੇ ਹੋਏ ਵਾਪਸ ਆ ਜਾਂਦੇ ਕਿ ਉਹ ਤਾਂ ਡਾਕਟਰ ਇੰਦਰਜੀਤ ਕੌਰ ਹੁਰਾਂ ਕੋਲੋਂ ਹੀ ਆਪਣਾ ਨਿਰੀਖਣ ਕਰਾਉਣਗੇ ।

ਉਹ ਆਪਣੇ ਘਰ ਵਾਪਸ ਆ ਕੇ ਆਪਣੀ ਨਵੀਂ ਨੌਕਰੀ 'ਤੇ ਆ ਗਈ । ਉਹ ਦਿਨ ਰਾਤ ਲੋਕਾਂ ਦੀ ਸੇਵਾ 'ਚ ਰਹਿੰਦੀ । ਉਹਨਾਂ ਦੀ ਬਦਲੀ ਹਸਪਤਾਲ ਦੇ ਪਰਿਵਾਰ ਨਿਯੋਜਨ ਵਿਭਾਗ 'ਚ ਕਰ ਦਿੱਤੀ ਗਈ । ਜ਼ਨਾਨਾ ਹਸਪਤਾਲ ਦੀ ਮੁਖੀ ਡਾਕਟਰ ਰਣਜੀਤ ਕੌਰ ਸੀ ਜੋ ਕਿ ਪਟਿਆਲੇ ਤੋਂ ਸਨ । ਪਟਿਆਲੇ ਦੇ ਪ੍ਰਸਿੱਧ ਡਾਕਟਰ ਅਮਰਜੀਤ ਸਿੰਘ ਤੇ ਡਾਕਟਰ ਜਗਦੀਸ਼ ਸਿੰਘ ਉਸਦੇ ਭਰਾ ਸਨ । ਉਹ ਵੀ ਆਪੋ ਆਪਣੇ ਵਿਭਾਗਾਂ ਦੇ ਮੁਖੀ ਸਨ ਤੇ ਆਪੋ ਆਪਣੇ ਵਿਸ਼ਿਆਂ ਦੇ ਮਾਹਰ ਸਨ । ਕੁਝ ਦਿਨਾਂ ਵਿੱਚ ਹੀ, ਰਣਜੀਤ ਕੌਰ ਨੂੰ ਡਾਕਟਰ ਇੰਦਰਜੀਤ ਦੀ ਯੋਗਤਾ ਦਾ, ਭਾਵਨਾ ਦਾ ਤੇ ਲੋਕਾਂ ਪ੍ਰਤੀ ਸੇਵਾ-ਭਾਵ ਦੇ ਸਮਰਪਣ ਦਾ ਪਤਾ ਲੱਗ ਗਿਆ । ਉਸਨੂੰ ਇੰਦਰਜੀਤ ਕੌਰ 'ਚ ਪੂਰਾ ਵਿਸ਼ਵਾਸ ਹੋ ਗਿਆ । ਕਈ ਵਾਰੀ ਉਹ ਇੰਦਰਜੀਤ ਕੌਰ 'ਚ ਪੂਰਾ ਭਰੋਸਾ ਕਰਕੇ ਪਟਿਆਲੇ ਚਲੀ ਜਾਂਦੀ ਕਿ ਉਸ ਦੀ ਗ਼ੈਰ-ਹਾਜ਼ਰੀ 'ਚ ਉਹ ਹਰ ਤਰ੍ਹਾਂ ਦੇ ਕੰਮ ਨੂੰ ਸੰਭਾਲ ਲਵੇਗੀ । ਦੂਜੇ ਪਾਸੇ ਡਾਕਟਰ ਇੰਦਰਜੀਤ ਕੌਰ ਹਮੇਸ਼ਾਂ ਲੋਕਾਂ ਦੀਆਂ ਸੇਵਾਵਾਂ 'ਚ ਲੱਗੀ ਰਹਿੰਦੀ । ਇੱਥੋਂ ਤਕ ਕਿ ਉਹ ਆਪਣੀ ਰਿਹਾਇਸ਼ 'ਤੇ ਵੀ ਮਰੀਜ਼ਾਂ ਨੂੰ ਦੇਖਦੀ । ਕਈ ਵਾਰੀ ਉਹ ਰਾਤ ਦੇ



ਦਸ ਵਜੇ ਘਰ ਮੁੜਦੀ ਤੇ ਕਈ ਵਾਰੀ ਸਰਕਾਰੀ ਹਸਪਤਾਲ 'ਚ ਹੀ ਰਹਿ ਜਾਂਦੀ। ਰਣਜੀਤ ਕੌਰ ਉਸ ਦੀਆਂ ਸੇਵਾਵਾਂ ਤੋਂ ਬਹੁਤ ਖੁਸ਼ ਸੀ ਤੇ ਉਸ ਨੂੰ ਹਰ ਗੱਲ ਦੱਸ ਦਿੰਦੀ ਸੀ । ਕੁਝ ਚਿਰ ਬਾਅਦ, ਜਦੋਂ ਡਾਕਟਰ ਰਣਜੀਤ ਕੌਰ ਨੂੰ ਪਤਾ ਲੱਗਾ ਕਿ ਉਸ ਦੇ ਪਿਤਾ ਦਾ ਪਾਲਣ-ਪੋਸ਼ਣ ਇਕ ਅਨਾਥ ਘਰ 'ਚ ਹੋਇਆ ਸੀ ਤਾਂ ਸਾਰੇ ਪਰਿਵਾਰ ਦੀ ਸਮਰਪਣ ਭਾਵਨਾ, ਸਖ਼ਤ ਮਿਹਨਤ ਤੇ ਖ਼ਾਸ ਕਰਕੇ ਜਿਸ ਮਿਸ਼ਨਰੀ ਉਤਸ਼ਾਹ ਨਾਲ, ਉਹ ਸਾਰੇ ਸਮਾਜ ਦੀ ਸੇਵਾ 'ਚ ਜੁੱਟੇ ਹੋਏ ਸਨ, ਇਹ ਸਭ ਦੇਖ ਕੇ ਉਸਦੇ ਮਨ 'ਚ ਉਸ ਪਰਿਵਾਰ ਦੀ ਇੱਜ਼ਤ ਹੋਰ ਵੀ ਵਧ ਗਈ ਸੀ ।

ਇਕ ਵਾਰੀ ਪੰਚਾਇਤ ਦੀ ਇਕ ਔਰਤ ਮੈਂਬਰ ਪਰਿਵਾਰ ਨਿਯੋਜਨ ਦੇ ਅਪਰੇਸ਼ਨਾਂ ਲਈ ਤਿੰਨ ਕੇਸ ਲੈ ਕੇ ਆਈ । ਉਹ ਔਰਤ ਚਾਹੁੰਦੀ ਸੀ ਕਿ ਉਸਦੇ ਕੇਸਾਂ ਦੇ ਅਪਰੇਸ਼ਨ ਸਿਵਲ ਸਰਜਨ ਹੀ ਕਰੇ। ਉਸ ਸਮੇਂ ਸਿਵਲ ਸਰਜਨ ਟੂਰ 'ਤੇ ਸੀ, ਇਸ ਲਈ ਡਾਕਟਰ ਇੰਦਰਜੀਤ ਕੌਰ ਨੇ ਉਸ ਔਰਤ ਨੂੰ ਅਗਲੇ ਦਿਨ ਕੇਸ ਲੈ ਕੇ ਆਉਣ ਲਈ ਕਿਹਾ, ਕਿਉਂਕਿ ਬੈੱਡ ਵੀ ਖ਼ਾਲੀ ਨਹੀਂ ਸਨ । ਉਸ ਔਰਤ ਨੇ ਇਸ ਗੱਲ 'ਚ ਆਪਣੀ ਬੇਇਜ਼ਤੀ ਮਹਿਸੂਸ ਕੀਤੀ, ਕਿਉਂਕਿ ਉਹ ਸਿਵਲ ਸਰਜਨ ਦੇ ਬਹੁਤ ਨੇੜੇ ਸੀ । ਅਗਲੇ ਦਿਨ ਕੇਸ ਤਾਂ ਆ ਗਏ, ਪਰ ਉਹ ਔਰਤ ਨਾਰਾਜ਼ ਹੀ ਰਹੀ । ਫੇਰ ਉਸਨੇ ਡਾਕਟਰ ਇੰਦਰਜੀਤ ਕੌਰ ਦੇ ਵਿਰੁੱਧ ਸ਼ਿਕਾਇਤ ਕਰ ਦਿੱਤੀ ।

ਜਦੋਂ ਇੰਦਰਜੀਤ ਕੌਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਇਸ ਮਾਮਲੇ ਦਾ ਸਾਹਮਣਾ ਕਰਨ ਦਾ ਮਨ ਬਣਾ ਲਿਆ । ਇਸ ਤੋਂ ਪਹਿਲਾਂ ਵੀ ਕਈ ਵਿਰੋਧਤਾਵਾਂ ਦਾ ਉਸਨੇ ਬੜੇ ਹੌਂਸਲੇ ਨਾਲ ਸਾਹਮਣਾ ਕੀਤਾ ਸੀ ਤੇ ਸਫਲ ਹੋਈ ਸੀ । ਉਹ ਕਿਸੇ ਦੇ ਅਧਿਕਾਰ ਖੇਤਰ 'ਚ ਦਖ਼ਲ ਨਹੀਂ ਸੀ ਦੇ ਰਹੀ । ਇਹ ਤਾਂ ਬਿਲਕੁਲ ਹੀ ਆਧਾਰਹੀਣ ਈਰਖਾ ਦਾ ਮਾਮਲਾ ਸੀ । ਇਸ ਸੰਬੰਧ ਵਿੱਚ ਉਸਨੂੰ ਉਸਦੀ ਦਾਦੀ ਦੁਆਰਾ ਬਚਪਨ 'ਚ ਸੁਣਾਈ ਇਕ ਕਹਾਣੀ ਹਮੇਸ਼ਾਂ ਹੀ ਉਸ ਦੀ ਸਹਾਇਤਾ ਕਰਦੀ । ਇਸ ਕਹਾਣੀ ਅਨੁਸਾਰ ਇਕ ਲੜਕਾ ਕੁਝ ਖ਼ਰੀਦਣ ਲਈ ਬਾਜ਼ਾਰ ਗਿਆ, ਪਰ ਉਹ ਆਪਣੇ ਵੱਲ ਇਕ ਕੁੱਤੇ ਨੂੰ ਭੌਂਕਦੇ ਹੋਇਆਂ ਦੇਖ ਕੇ ਡਰ ਗਿਆ । ਲੜਕਾ ਆਪਣੇ ਘਰ ਵੱਲ ਵਾਪਸ ਦੌੜਿਆ ਅਤੇ ਕੁੱਤਾ ਵੀ ਉਸਦਾ ਪਿੱਛਾ ਕਰਨ ਲੱਗਾ ਅਤੇ ਜਦੋਂ ਉਹ ਲੜਕਾ ਆਪਣੇ ਘਰ ਦੇ ਨੇੜੇ ਪਹੁੰਚਿਆ ਤਾਂ ਉਸਦੀ ਮਾਂ ਇਹ ਦ੍ਰਿਸ਼ ਦੇਖ ਰਹੀ ਸੀ। ਉਹ ਇਕ ਬਹਾਦਰ ਔਰਤ ਸੀ। ਉਸਨੇ ਆਪਣੇ ਲੜਕੇ ਨੂੰ ਉਥੇ

ਹੀ ਖੜ੍ਹੇ ਰਹਿਣ ਦੀ ਹਦਾਇਤ ਕੀਤੀ ਤੇ ਫੇਰ ਕੁੱਤੇ ਦਾ ਸਾਹਮਣਾ ਬਹਾਦਰੀ ਨਾਲ ਕਰਨ ਨੂੰ ਕਿਹਾ । ਜਦੋਂ ਲੜਕੇ ਨੇ ਆਪਣੀ ਮਾਂ ਦੀਆਂ ਹਦਾਇਤਾਂ 'ਤੇ ਅਮਲ ਕੀਤਾ ਤਾਂ ਕੁੱਤਾ ਚੁੱਪ ਕਰਕੇ ਵਾਪਸ ਚਲਾ ਗਿਆ । ਆਪਣੀ ਮਾਂ ਵੱਲੋਂ ਦਿੱਤੀਆਂ ਹਦਾਇਤਾਂ ਦਾ ਲੁਕਿਆ ਹੋਇਆ ਭਾਵ, ਉਹ ਲੜਕਾ ਸਮਝਦਾ ਸੀ ਕਿ ਜੇ ਤੁਸੀਂ ਡਰਪੋਕ ਹੋ ਤਾਂ ਦੁਨੀਆਂ ਦੇ ਲੋਕ ਤੁਹਾਨੂੰ ਡਰਾਉਣਗੇ ਤੇ ਜੇਕਰ ਤੁਸੀਂ ਬਹਾਦਰ ਹੋ ਤਾਂ ਲੋਕ ਤੁਹਾਡੇ ਕੋਲੋਂ ਡਰਨਗੇ ।

ਉਹੀ ਲੜਕਾ ਫ਼ੌਜ ਵਿੱਚ ਜਨਰਲ ਦੇ ਅਹੁਦੇ ਤਕ ਪਹੁੰਚਾ ਤੇ ਕਈ ਲੜਾਈਆਂ ਜਿੱਤੀਆਂ । ਡਾਕਟਰ ਇੰਦਰਜੀਤ ਕੌਰ ਦਾ ਮਾਮਲਾ ਵੀ ਅਜਿਹਾ ਹੀ ਸੀ । ਉਹ ਸੱਚਾਈ 'ਤੇ ਸੀ ਇਸ ਲਈ, ਉਸਨੂੰ ਸਿਵਲ ਸਰਜਨ ਦਾ ਕੋਈ ਡਰ ਨਹੀਂ ਸੀ । ਉਸਦੇ ਵਿਰੁੱਧ ਜਾਂਚ ਦਾ ਹੁਕਮ ਹੋਇਆ, ਪਰ ਸਿਵਲ ਸਰਜਨ ਤੋਂ ਵੱਡਾ ਅਧਿਕਾਰੀ ਕੋਈ ਵੀ ਜਾਂਚ ਕਰਨ ਲਈ ਨਾ ਆਇਆ। ਬਾਅਦ ਵਿੱਚ ਸਿਵਲ ਸਰਜਨ ਦੀ ਡਾਇਰੈਕਟਰ ਦੀ ਪਦਵੀ 'ਤੇ ਤਰੱਕੀ ਹੋ ਗਈ ਤੇ ਉਹਨਾਂ ਨੇ ਇਹ ਕੇਸ ਬੰਦ ਕਰ ਦਿੱਤਾ । ਉਹਨਾਂ ਨੇ ਡਾਕਟਰ ਇੰਦਰਜੀਤ ਕੌਰ ਨੂੰ ਇਕ ਮੀਟਿੰਗ ਦੇ ਦੌਰਾਨ ਇਸ ਗੱਲ ਬਾਰੇ ਮੁਸਕਰਾਉਂਦੇ ਹੋਇਆਂ ਦੱਸਿਆ । ਇਸ ਸਾਰੀ ਘਟਨਾ ਦੌਰਾਨ, ਡਾਕਟਰ ਰਣਜੀਤ ਕੌਰ ਉਸ ਦੀ ਅਧਿਆਤਮਿਕ ਮਾਰਗ-ਦਰਸ਼ਨ ਰਹੀ ।

ਇਸੇ ਸਮੇਂ ਦੇ ਦੌਰਾਨ, ਉਹ ਭਗਤ ਪੂਰਨ ਸਿੰਘ ਤੇ ਉਹਨਾਂ ਦੇ ਕੰਮਾਂ ਬਾਰੇ ਬਹੁਤ ਕੁਝ ਸੁਣਦੀ ਰਹੀ । ਉਹ ਉਹਨਾਂ ਦੇ ਪਰਉਪਕਾਰੀ ਕੰਮਾਂ ਤੋਂ ਬਹੁਤ ਪ੍ਰਭਾਵਿਤ ਸੀ । ਉਸ ਸਮੇਂ ਭਗਤ ਪੂਰਨ ਸਿੰਘ ਲੱਗਭਗ 300 ਮਰੀਜ਼ਾਂ ਦੀ, ਜਿਹੜੇ ਕਿ ਪੁਰਾਣੀਆਂ ਬਿਮਾਰੀਆਂ ਤੋਂ ਪੀੜਤ ਸਨ, ਅਨਾਥਾਂ ਦੀ, ਵਿਧਵਾਵਾਂ ਦੀ, ਬੁੱਢਿਆਂ ਦੀ, ਨੇਤਰ-ਹੀਣਾਂ ਦੀ ਤੇ ਮਾਨਸਿਕ ਸੰਤੁਲਨ ਗੁਆ ਚੁੱਕੇ ਲੋਕਾਂ ਦੀ ਦੇਖ-ਭਾਲ ਕਰ ਰਹੇ ਸਨ । ਇਹ ਇਕ ਵੱਡੇ ਅਚੰਭੇ ਵਾਲੀ ਗੱਲ ਜਾਪਦੀ ਸੀ ਕਿ ਭਗਤ ਪੂਰਨ ਸਿੰਘ ਇਹਨਾਂ ਲੋਕਾਂ ਲਈ ਭੋਜਨ ਦਾ, ਰਹਿਣ ਦਾ, ਕੱਪੜਿਆਂ ਦਾ ਹੀ ਪ੍ਰਬੰਧ ਨਹੀਂ ਸਨ ਕਰਦੇ, ਬਲਕਿ ਉਹਨਾਂ ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਦਾ ਪ੍ਰਬੰਧ ਵੀ ਆਪ ਹੀ ਕਰਦੇ ਸਨ । ਉਹਨਾਂ ਨੇ ਲੋਕਾਂ ਦੀ ਸਹਾਇਤਾ ਨਾਲ, ਬਹੁਤ ਮਿਹਨਤ ਕਰਕੇ ਤੇ ਜ਼ਿੰਦਗੀ 'ਚ ਬਹੁਤ ਸਾਰੀਆਂ ਤਕਲੀਫ਼ਾਂ ਸਹਿ ਕੇ ਆਪਣੇ ਆਸ਼ਰਮ ਨੂੰ ਵੱਡਾ ਕੀਤਾ । ਉਹਨਾਂ ਨੇ ਬਿਨਾਂ ਥਕਾਵਟ ਮਹਿਸੂਸ ਕੀਤਿਆਂ, ਆਪਣਾ ਕੰਮ ਜਾਰੀ ਰੱਖਿਆ ਤੇ ਇੱਥੋਂ ਤਕ ਕਿ ਉਹ ਮਰੀਜ਼ਾਂ ਦੇ ਮਲ-ਮੂਤਰ



ਨਾਲ ਗੰਦੇ ਹੋਏ ਕੱਪੜਿਆਂ ਨੂੰ ਵੀ ਆਪਣੇ ਹੱਥਾਂ ਨਾਲ ਸਾਫ਼ ਕਰਦੇ ਰਹੇ । ਉਹਨਾਂ ਨੇ ਆਪਣਾ ਜੀਵਨ ਬੇਸਹਾਰਾ ਲੋਕਾਂ ਦੇ ਲੇਖੇ ਲਾ ਦਿੱਤਾ ਸੀ । ਬਹੁਤ ਸਾਰੇ ਅਜਿਹੇ ਮਰੀਜ਼ ਸਨ ਜਿਹੜੇ ਕੇਵਲ ਭਗਤ ਪੂਰਨ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਹੀ ਰਾਜ਼ੀ ਹੋਏ ਸਨ । ਬਹੁਤ ਸਾਰੇ ਲੋਕ ਇਹ ਕਹਿੰਦੇ ਸਨ ਕਿ ਉਹ ਸਿਰਫ਼ ਭਗਤ ਪੂਰਨ ਸਿੰਘ ਕਰਕੇ ਹੀ ਜ਼ਿੰਦਾ ਹਨ । ਫੇਰ ਉਹਨਾਂ ਨੂੰ ਸਮਾਜ 'ਚ ਆਉਣ ਵਾਲੇ ਖ਼ਤਰਿਆਂ ਬਾਰੇ ਵੀ ਫ਼ਿਕਰ ਸੀ ਤੇ ਲੋਕਾਂ ਨੂੰ ਉਹਨਾਂ ਬਾਰੇ ਜਾਗਰਿਤ ਕਰਾਉਣਾ ਚਾਹੁੰਦੇ ਸਨ। ਉਹ ਇਹਨਾਂ ਖ਼ਤਰਿਆਂ ਨਾਲ ਸੰਬੰਧਿਤ ਸਾਹਿਤ ਛਪਵਾਉਂਦੇ ਤੇ ਲੋਕਾਂ 'ਚ ਮੁਫ਼ਤ ਹੀ ਵੰਡਦੇ, ਉਹਨਾਂ ਦਾ ਬੱਸ ਇਕੋ ਹੀ ਉਦੇਸ਼ ਸੀ ਕਿ ਮਨੁੱਖਤਾ ਨੂੰ ਇਹ ਜੀਵਨ ਜਿਊਣ ਲਈ ਬਹੁਤ ਵਧੀਆ ਵਾਤਾਵਰਣ ਮਿਲ ਸਕੇ ।

ਭਗਤ ਪੂਰਨ ਸਿੰਘ ਜੀ ਦਾ ਛਪਵਾਇਆ ਹੋਇਆ ਸਾਹਿਤ ਡਾਕਟਰ ਇੰਦਰਜੀਤ ਦੇ ਘਰ ਭਗਤ ਪੂਰਨ ਸਿੰਘ ਦੁਆਰਾ ਨਿਯੁਕਤ ਕੀਤੇ ਗਏ ਫੰਡ ਉਗਰਾਹੁਣ ਵਾਲੇ ਇਕ ਆਦਮੀ ਰਾਹੀਂ ਭਿਜਵਾਇਆ ਜਾਂਦਾ ਸੀ । ਡਾਕਟਰ ਇੰਦਰਜੀਤ ਦੇ ਪਿਤਾ ਉਹਨਾਂ ਨੂੰ ਇਹ ਸਾਹਿਤ ਪੜ੍ਹਨ ਲਈ ਪ੍ਰੇਰਦੇ ਸਨ । ਪਿਤਾ ਜੀ ਦੇ ਅਧਿਆਤਮਕ ਮਾਰਗ ਦਰਸ਼ਨ ਨੇ ਡਾਕਟਰ ਇੰਦਰਜੀਤ ਦੇ ਮਨੁੱਖੀ ਜ਼ਿੰਦਗੀ ਬਾਰੇ ਖ਼ਿਆਲਾਂ ਤੇ ਉਦੇਸ਼ ਨੂੰ ਬਦਲ ਦਿੱਤਾ । ਉਹ ਹੁਣ ਸੱਚੀ ਭਾਵਨਾ ਨਾਲ ਸਮਾਜ ਦੀ ਸੇਵਾ ਕਰਨੀ ਚਾਹੁੰਦੀ ਸੀ ।

ਹੁਣ ਉਸਨੂੰ ਮਨੁੱਖਤਾ ਦੀ ਸੇਵਾ 'ਚ ਹੋਰ ਜ਼ਿਆਦਾ ਆਨੰਦ ਤੇ ਖ਼ੁਸ਼ੀ ਪ੍ਰਾਪਤ ਹੁੰਦੀ ਸੀ । ਉਸਦੇ ਮਨ ਵਿੱਚ ਤਰੱਕੀ, ਸਰੇਸ਼ਟਤਾ ਤੇ ਸੱਤਾ ਦੇ ਅਰਥ ਹੀ ਬਦਲ ਗਏ ਸਨ । ਇਸ ਵੇਲੇ ਦੀ ਉਸਦੀ ਮਾਨਸਿਕਤਾ ਨਾਲ ਸੰਬੰਧਤ ਇਕ ਕਹਾਣੀ ਦੱਸਣੀ ਠੀਕ ਰਹੇਗੀ ।

ਉਸ ਦੇ ਹੁਣ ਆਰਾਮ-ਪ੍ਰਸਤ ਜੀਵਨ, ਸੁਖ-ਸੁਵਿਧਾਵਾਂ, ਅਤੇ ਅਹੁਦਿਆਂ ਦੀ ਤਰੱਕੀ ਬਾਰੇ ਖ਼ਿਆਲ ਬਿਲਕੁਲ ਬਦਲ ਚੁੱਕੇ ਸਨ । ਹੁਣ ਉਸਦੀ ਜ਼ਿੰਦਗੀ 'ਚ ਸਿਰਫ਼ ਸਮਾਜ ਦੀ ਸੇਵਾ ਹੀ ਸੀ, ਜਿਸ 'ਚੋਂ ਉਸਨੂੰ ਆਰਾਮ, ਸੁਖ-ਸੁਵਿਧਾ ਤੇ ਤਰੱਕੀ ਮਿਲ ਸਕਦੀ ਸੀ । ਉਸ ਦੇ ਵਿਚਾਰ ਹੁਣ ਬਿਲਕੁਲ ਵੱਖਰੇ ਸਨ ।

ਇਕ ਕਿਤਾਬ ਵਿੱਚੋਂ ਪੜ੍ਹੀ ਹੋਈ ਇਕ ਕਹਾਣੀ ਨੇ ਉਸਨੂੰ ਬੜਾ ਪ੍ਰਭਾਵਿਤ ਕੀਤਾ ਸੀ "ਇਕ ਵਾਰੀ ਇਕ ਆਦਮੀ ਸੀ, ਜੋ ਕਿ ਅਰਬ ਬਾਦਸ਼ਾਹ ਦੇ ਦਰਬਾਰ 'ਚ ਦਰਬਾਰੀ ਸੀ । ਉਸਦਾ ਪੁੱਤਰ ਪੜ੍ਹਾਈ 'ਚ

ਹੁਸ਼ਿਆਰ ਸੀ, ਪਰ ਉਹ ਧਾਰਮਿਕ ਵਿਚਾਰਾਂ ਵਾਲਾ ਸੀ । ਬਹੁਤਾ ਚਿਰ ਉਹ ਪ੍ਰਭੂ-ਭਗਤੀ 'ਚ ਹੀ ਲੀਨ ਰਹਿੰਦਾ ਸੀ। ਦਰਬਾਰੀ ਦੇ ਬਾਦਸ਼ਾਹ ਨਾਲ ਬੜੇ ਪਿਆਰ ਵਾਲੇ ਸੰਬੰਧ ਸਨ । ਉਸਨੂੰ ਇਸ ਗੱਲ 'ਚ ਬੜੀ ਦਿਲਚਸਪੀ ਸੀ ਕਿ ਉਸਦੇ ਪੁੱਤਰ ਦੀ ਬਾਦਸ਼ਾਹ ਦੇ ਮੰਤਰੀ ਮੰਡਲ 'ਚ ਧਾਰਮਿਕ ਮਾਮਲਿਆਂ ਦੇ ਮੰਤਰੀ ਲਈ ਨਿਯੁਕਤੀ ਹੋ ਜਾਏ, ਉਸਨੇ ਬਾਦਸ਼ਾਹ ਨੂੰ ਇਸ ਗੱਲ ਲਈ ਮਨਾ ਲਿਆ । ਬਾਦਸ਼ਾਹ ਨੇ ਦਰਬਾਰੀ ਨੂੰ ਆਪਣੇ ਪੁੱਤਰ ਨੂੰ ਉਹਦੀ ਹਾਜ਼ਰੀ 'ਚ ਉੱਥੇ ਲਿਆਉਣ ਦਾ ਸਮਾਂ ਦਿੱਤਾ । ਜਦੋਂ ਪਿਉ ਪੁੱਤਰ, ਬਾਦਸ਼ਾਹ ਦੇ ਸਾਹਮਣੇ ਪੇਸ਼ ਹੋਏ ਤਾਂ ਬਾਦਸ਼ਾਹ ਨੇ ਉਹਨਾਂ ਵੱਲ ਬਿਨਾਂ ਦੇਖਣ ਤੋਂ ਹੀ ਦਰਬਾਰੀ ਨੂੰ ਕਿਹਾ, "ਜਾਉ ਤੇ ਇਕ ਸਾਲ ਬਾਅਦ ਆਇਉ ।"

ਪਿਉ-ਪੁੱਤਰ ਘਰ ਆ ਗਏ । ਪੁੱਤਰ ਨੇ ਦਿਨ ਦਾ ਬਹੁਤ ਸਾਰਾ ਹਿੱਸਾ ਪ੍ਰਭੂ-ਭਗਤੀ 'ਚ ਬਿਤਾਉਣਾ ਜਾਰੀ ਰੱਖਿਆ । ਇਕ ਸਾਲ ਬਾਅਦ, ਉਹ ਦੋਵੇਂ ਫੇਰ ਬਾਦਸ਼ਾਹ ਕੋਲ ਗਏ, ਪਰ ਬਾਦਸ਼ਾਹ ਨੇ ਫੇਰ ਇਹਨਾਂ ਪਿਉ-ਪੁੱਤਰਾਂ ਵੱਲ ਕੋਈ ਧਿਆਨ ਨਾ ਦਿੱਤਾ ਤੇ ਇਕ ਪਲ ਬਾਅਦ ਹੀ, ਉਹਨਾਂ ਨੂੰ ਇਕ ਸਾਲ ਬਾਅਦ ਆਉਣ ਲਈ ਕਹਿ ਦਿੱਤਾ । ਪੁੱਤਰ ਨੇ ਉਸ ਸਾਲ ਦਾ ਜ਼ਿਆਦਾ ਸਮਾਂ ਪ੍ਰਭੂ-ਭਗਤੀ 'ਚ ਰਹਿਣਾ ਜਾਰੀ ਰੱਖਿਆ । ਉਹ ਫੇਰ ਬਾਦਸ਼ਾਹ ਕੋਲ ਗਏ, ਪਰ ਉਹਨਾਂ ਨੂੰ ਏਹੋ ਜੁਆਬ ਮਿਲਿਆ ।

ਲੱਗਭਗ, ਤਿੰਨ ਸਾਲਾਂ ਬਾਅਦ, ਬਾਦਸ਼ਾਹ ਨੇ ਦਰਬਾਰੀ ਨੂੰ ਬੁਲਾਇਆ ਤੇ ਉਸਨੂੰ ਆਪਣਾ ਪੁੱਤਰ ਲਿਆਉਣ ਲਈ ਕਿਹਾ ਤੇ ਦੱਸਿਆ ਕਿ ਉਹ ਉਸਦੇ ਮੰਤਰੀ ਮੰਡਲ 'ਚ ਧਾਰਮਿਕ ਮਾਮਲਿਆਂ ਦੇ ਮੰਤਰੀ ਵੱਲੋਂ ਡਿਊਟੀ ਸੰਭਾਲ ਲਵੇ ।

ਪਿਤਾ ਬਹੁਤ ਖੁਸ਼ ਸੀ ਤੇ ਇਹ ਖ਼ਬਰ ਦੱਸਣ ਲਈ, ਆਪਣੇ ਪਰਿਵਾਰ 'ਚ ਆਇਆ । ਪਰ ਪੁੱਤਰ ਇਸ ਨਿਯੁਕਤੀ ਲਈ ਤਿਆਰ ਹੀ ਨਾ ਹੋਇਆ। ਜਦੋਂ ਪਿਤਾ ਨੇ ਬਾਦਸ਼ਾਹ ਨੂੰ ਦੱਸਿਆ ਕਿ ਉਸਦਾ ਪੁੱਤਰ ਇਸ ਅਹੁਦੇ ਲਈ ਕੋਈ ਦਿਲਚਸਪੀ ਨਹੀਂ ਦਿਖਾ ਰਿਹਾ, ਤਾਂ ਬਾਦਸ਼ਾਹ ਲਈ ਇਹ ਬੜੀ ਹੈਰਾਨੀ ਭਰੀ ਖ਼ਬਰ ਸੀ ਕਿ ਉਸਨੂੰ ਇਸ ਨਿਯੁਕਤੀ 'ਚ ਦਿਲਚਸਪੀ ਕਿਉਂ ਨਹੀਂ ਸੀ । ਉਹ ਫੇਰ ਆਪ ਉਸ ਲੜਕੇ ਕੋਲ ਆਇਆ । ਉਸ ਲੜਕੇ ਦੇ ਚਿਹਰੇ 'ਤੇ ਇਕ ਅਧਿਆਤਮਿਕ ਆਭਾ-ਮੰਡਲ ਦਿਖਾਈ ਦਿੱਤਾ । ਰਾਜਾ ਉਸ ਲੜਕੇ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ ਤੇ





ਡਾ. ਇੰਦਰਜੀਤ ਕੌਰ ਦੇ ਪਿਤਾ ਜੀ ਡਾ. ਹਰਬੰਸ ਸਿੰਘ ਜੀ ਆਪਣੇ ਹਸਪਤਾਲ ਵਿੱਚ ਆਪਣੇ ਮਿੱਤਰ ਅਤੇ ਸਹਿਯੋਗੀਆਂ ਨਾਲ ।



ਡਾ. ਇੰਦਰਜੀਤ ਕੌਰ, ਡਾ. ਰਣਜੀਤ ਕੌਰ ਆਪਣੇ ਸਾਥੀਆਂ ਨਾਲ ।

ਉਸਨੂੰ ਧਾਰਮਿਕ ਮਾਮਲਿਆਂ ਦੇ ਮੰਤਰੀ ਵਜੋਂ ਅਹੁਦੇ 'ਤੇ ਨਿਯੁਕਤ ਹੋਣ ਲਈ ਕਿਹਾ । ਪਰ ਲੜਕੇ ਨੇ ਬੜੀ ਨਿਮਰਤਾ ਨਾਲ ਕਿਹਾ, **"ਸ੍ਰੀ ਮਾਨ ਜੀ, ਮੇਰੇ ਮਨ 'ਚ, ਸੱਤਾ, ਆਨੰਦ, ਆਰਾਮ, ਸੁਖ-ਸੁਵਿਧਾਵਾਂ ਦੇ ਅਰਥ ਬਿਲਕੁਲ ਹੀ ਬਦਲ ਗਏ ਹਨ । ਮੈਂ ਤੁਹਾਡਾ ਬਹੁਤ ਬਹੁਤ ਸ਼ੁਕਰਗੁਜ਼ਾਰ ਹਾਂ, ਪਰ ਤੁਸੀਂ ਬੜੀ ਦੇਰ ਨਾਲ ਆਏ ਹੋ ।"**

ਡਾਕਟਰ ਰਣਜੀਤ ਕੌਰ ਦੀ ਬਦਲੀ ਮਾਤਾ ਕੁਸ਼ੱਲਿਆ ਦੇਵੀ ਹਸਪਤਾਲ, ਪਟਿਆਲੇ ਵਿਖੇ ਹੋ ਗਈ ਤੇ ਡਾਕਟਰ ਇੰਦਰਜੀਤ ਕੌਰ ਨੂੰ ਜ਼ਨਾਨਾ ਹਸਪਤਾਲ ਦੇ ਨਾਲ-ਨਾਲ ਪਰਿਵਾਰ ਨਿਯੋਜਨ ਵਿਭਾਗ ਦਾ ਵੀ ਮੁਖੀ ਬਣਾ ਦਿੱਤਾ ਗਿਆ ।

ਡਾਕਟਰ ਹਰਬੰਸ ਸਿੰਘ ਪਿੰਗਲਵਾੜਾ ਨੂੰ ਨੇਮ ਨਾਲ ਚੰਦਾ ਦਿੰਦੇ ਸਨ । ਸੰਨ 1970 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਿਆਨ ਪਿੰਗਲਵਾੜੇ ਦੇ ਕੰਮ ਵੱਲ ਗਿਆ ਅਤੇ ਇਕ ਮੀਟਿੰਗ ਵਿੱਚ ਪਿੰਗਲਵਾੜੇ ਦੀ ਮਦਦ ਕਰਨ ਦਾ ਮਤਾ ਪੇਸ਼ ਕੀਤਾ ਗਿਆ । ਫ਼ੈਸਲਾ ਹੋਇਆ ਕਿ ਹਰ ਮਹੀਨੇ ਇਸ ਸੰਸਥਾ ਨੂੰ 25,000 ਰੁਪਏ ਸਾਲਾਨਾ ਦਿੱਤੇ ਜਾਣਗੇ । ਭਾਵੇਂ ਇਸ ਸਮੇਂ ਤਕ ਪਿੰਗਲਵਾੜਾ ਆਪਣੀ ਸੰਸਥਾ 'ਤੇ ਕਈ ਸੰਸਥਾਵਾਂ ਰਾਹੀਂ ਲੱਖਾਂ ਰੁਪਏ ਖ਼ਰਚ ਕਰ ਰਿਹਾ ਸੀ, ਪਰ ਹਾਲੀ ਵੀ ਇਸ ਸੰਸਥਾ ਕੋਲ ਪੈਸੇ ਦੀ ਘਾਟ ਸੀ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਸ ਮਤੇ ਦਾ ਬੜਾ ਸੁਆਗਤ ਹੋਇਆ ਤੇ ਇਸ ਤਰ੍ਹਾਂ ਇਹ ਸੰਸਥਾ ਬਾਰੇ ਸਾਰੇ ਦੇਸ਼ ਨੂੰ ਜਾਣਕਾਰੀ ਹੋ ਗਈ । ਬਾਅਦ ਵਿੱਚ ਇਹ ਰਾਸ਼ੀ ਵਧਾ ਕੇ 65,000 ਰੁਪਏ ਸਾਲਾਨਾ ਕਰ ਦਿੱਤੀ ਗਈ । ਇਸ ਸਮੇਂ ਦੌਰਾਨ, ਡਾਕਟਰ ਇੰਦਰਜੀਤ ਕੌਰ, ਭਗਤ ਜੀ ਵੱਲੋਂ ਭੇਜਿਆ ਹੋਇਆ ਸਾਹਿਤ ਦਿਲਚਸਪੀ ਨਾਲ ਪੜ੍ਹਦੀ ਰਹੀ । ਸੱਚਮੁੱਚ ਹੀ ਇਹ ਬਹੁਤ ਲਾਭਦਾਇਕ ਸਾਹਿਤ ਸੀ ।

ਹੁਣ ਉਸਦੇ ਸਾਹਮਣੇ ਇਕ ਅਜਿਹਾ ਪ੍ਰਸ਼ਨ ਸੀ, ਜਿਹੜਾ ਕਿ ਆਮ ਹੀ ਹਰ ਜਵਾਨ ਉਮਰ ਦੇ ਲੜਕੇ ਜਾਂ ਲੜਕੀ ਦੀ ਜ਼ਿੰਦਗੀ 'ਚ ਉਹਨਾਂ ਦੇ ਸਾਹਮਣੇ ਆਉਂਦਾ ਹੈ । ਡਾਕਟਰ ਇੰਦਰਜੀਤ ਕੌਰ ਦੇ ਮਾਤਾ ਜੀ ਤੇ ਦਾਦੀ ਜੀ, ਦੋਵੇਂ ਹੀ ਉਹਨਾਂ ਦਾ ਵਿਆਹ ਲੇਟ ਹੋਣ ਕਾਰਨ ਫ਼ਿਕਰਮੰਦ ਸਨ । ਉਹ ਡਾਕਟਰ ਹਰਬੰਸ ਸਿੰਘ ਨਾਲ ਇਸ ਬਾਰੇ ਗੱਲ-ਬਾਤ ਕਰਦੀਆਂ ਰਹਿੰਦੀਆਂ । ਉਹਨਾਂ ਕੋਲ ਵਿਆਹ ਵਾਸਤੇ ਕੁਝ ਪ੍ਰਸਤਾਵ ਵੀ ਸਨ । ਇਕ ਦਿਨ ਜਦੋਂ ਦਾਦੀ ਜੀ ਨੇ ਇੰਦਰਜੀਤ ਨੂੰ ਉਸਦੇ ਵਿਆਹ ਬਾਰੇ ਪੁੱਛਿਆ



ਤਾਂ ਉਹ ਮੁਸਕਰਾਉਣ ਲੱਗ ਪਈ ਤੇ ਕਿਹਾ ਕਿ ਉਸਨੇ ਵਿਆਹ ਨਹੀਂ ਕਰਵਾਉਣਾ, ਉਸਦਾ ਇਸ ਗੱਲ ਲਈ ਪੱਕਾ ਇਰਾਦਾ ਹੈ । ਅਗਲੇ ਦਿਨ, ਜਦੋਂ ਉਸਦੇ ਮਾਪਿਆਂ ਨੇ ਉਸਨੂੰ ਇਹੋ ਪ੍ਰਸ਼ਨ ਪੁੱਛਿਆ, ਤਾਂ ਉਸਨੇ ਦੁਬਾਰਾ ਮੁਸਕਰਾਉਂਦਿਆਂ ਹੋਇਆਂ ਉਹਨਾਂ ਨੂੰ ਇਕ ਕਿੱਸਾ ਸੁਣਾਇਆ ਤੇ ਇਹ ਕਿੱਸਾ ਸੀ ਕਿ ਜਦੋਂ ਫਲੋਰੈਂਸ ਨਾਈਟਿੰਗੇਲ ਤੀਹ ਵਰ੍ਹਿਆਂ ਦੀ ਸੀ ਤਾਂ ਉਸਨੂੰ ਉਸਦੇ ਵਿਆਹ ਬਾਰੇ ਪੁੱਛਿਆ ਗਿਆ ਤੇ ਉਸਨੇ ਜੁਆਬ ਦਿੱਤਾ, "ਈਸਾ ਮਸੀਹ ਨੇ ਤੀਹ ਵਰ੍ਹਿਆਂ ਦੀ ਉਮਰ 'ਚ ਲੋਕਾਂ ਦੀ ਸੇਵਾ ਕਰਨੀ ਸ਼ੁਰੂ ਕੀਤੀ ਸੀ, ਇਸੇ ਤਰ੍ਹਾਂ ਉਸ ਨੇ ਵੀ ਤੀਹ ਵਰ੍ਹਿਆਂ ਦੀ ਉਮਰ 'ਚ ਸਮਾਜ ਦੀ ਸੇਵਾ ਕਰਨੀ ਸ਼ੁਰੂ ਕੀਤੀ ਹੈ—ਤੇ ਨਾਈਟਿੰਗੇਲ ਦੇ ਪਿਤਾ ਨੇ ਉਸਨੂੰ ਕਿਹਾ ਕਿ ਉਹ ਪਾਗਲ ਹੋ ਗਈ ਹੈ? ਉਸਨੇ ਜਵਾਬ 'ਚ ਕਿਹਾ ਕਿ ਉਸਦੇ ਪਿਤਾ ਨੇ ਠੀਕ ਹੀ ਕਿਹਾ ਹੈ ਤੇ ਉਹ ਇਸ ਪਾਗਲਪਨ ਲਈ ਸ਼ੁਕਰਗੁਜ਼ਾਰ ਹੈ।" ਫੇਰ ਇੰਦਰਜੀਤ ਕੌਰ ਨੇ ਆਪਣੇ ਪੱਕੇ ਇਰਾਦੇ ਬਾਰੇ ਉਹਨਾਂ ਨੂੰ ਦੱਸ ਦਿੱਤਾ । ਇਹ ਉਸ ਦੀ ਜ਼ਿੰਦਗੀ ਦਾ ਪਹਿਲਾ ਆਜ਼ਾਦਾਨਾ ਤੌਰ 'ਤੇ ਅਤੇ ਨਿਡਰ ਫ਼ੈਸਲਾ ਸੀ, ਜਿਹੜਾ ਉਸਦੀ ਜ਼ਿੰਦਗੀ 'ਚ ਇਕ ਵੱਡਾ ਪਰਿਵਰਤਨ ਲੈ ਆਇਆ। ਉਸਦੇ ਪਿਤਾ ਜੀ ਨੂੰ ਆਪਣੀ ਪੁੱਤਰੀ ਦੇ ਪੱਕੇ ਇਰਾਦੇ ਬਾਰੇ ਪਤਾ ਸੀ, ਤੇ ਇਹ ਪ੍ਰਸ਼ਨ ਹਮੇਸ਼ਾਂ ਲਈ ਖ਼ਤਮ ਹੋ ਗਿਆ ।

ਜਦੋਂ ਉਹ ਮਰੀਜ਼ਾਂ ਦਾ ਨਿਰੀਖਣ ਕਰਦੀ ਤਾਂ ਉਹ ਉਹਨਾਂ ਦੀਆਂ ਸਮੱਸਿਆਵਾਂ ਨੂੰ ਪੂਰੇ ਧਿਆਨ ਨਾਲ ਸੁਣਦੀ । ਜਿਹੜੀਆਂ ਦਵਾਈਆਂ ਹਸਪਤਾਲ 'ਚੋਂ ਨਾ ਮਿਲਦੀਆਂ, ਉਹ ਉਹਨਾਂ ਨੂੰ ਬਾਜ਼ਾਰ 'ਚੋਂ ਖ਼ਰੀਦ ਕੇ ਦਿੰਦੀ । ਭਾਵੇਂ ਉਸਦੀ ਤਨਖ਼ਾਹ ਬਹੁਤ ਥੋੜ੍ਹੀ ਸੀ, ਪਰ ਤਾਂ ਵੀ ਉਹ ਮਰੀਜ਼ਾਂ ਦੀਆਂ ਦਵਾਈਆਂ 'ਤੇ ਕੁਝ ਪੈਸੇ ਖ਼ਰਚ ਕਰਦੀ । ਇਸ ਤੋਂ ਬਾਅਦ, ਜੋ ਕੁਝ ਵੀ ਉਹ ਬਚਾਉਂਦੀ, ਉਹ ਸਾਰੇ ਪੈਸੇ ਆਪਣੇ ਦਾਦੀ ਜੀ ਨੂੰ ਫੜਾ ਦਿੰਦੀ । ਉਸਦੇ ਦਾਦੀ ਜੀ ਅਕਸਰ ਉਸਨੂੰ ਕਹਿੰਦੇ ਕਿ ਉਸਨੂੰ ਆਪਣੇ ਕੋਲ ਵੀ ਕੁਝ ਰੱਖਣਾ ਚਾਹੀਦਾ ਹੈ, ਪਰ ਉਸਦਾ ਹਮੇਸ਼ਾਂ ਇਹੋ ਜਵਾਬ ਹੁੰਦਾ ਕਿ ਜੇ ਉਸਨੂੰ ਲੋੜ ਪਈ ਤਾਂ ਉਹ ਉਸ ਕੋਲੋਂ ਮੰਗ ਕੇ ਪੈਸੇ ਲੈ ਲਵੇਗੀ ।

ਹੁਣ ਉਹ ਸਮਾਜ ਦੀਆਂ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਦੀਆਂ ਜੜ੍ਹਾਂ ਤੱਕ ਜਾਨਣ ਦੀ ਕੋਸ਼ਿਸ਼ ਕਰ ਰਹੀ ਸੀ । ਬਹੁਤ ਸਾਰੇ ਲੋਕਾਂ ਕੋਲ ਲੋੜੀਂਦੇ ਕੱਪੜੇ ਨਹੀਂ ਸਨ, ਘਰਾਂ ਦੀ ਘਾਟ ਤੇ ਘਰਾਂ ਵਿੱਚ ਵਰਤੀਆਂ ਜਾਣ ਵਾਲੀਆਂ ਜ਼ਰੂਰੀ ਚੀਜ਼ਾਂ ਦੀ ਘਾਟ, ਸਮਾਜ ਦੀ ਹਰ ਤਰ੍ਹਾਂ ਦੀ ਤਰੱਕੀ

ਵਿੱਚ ਰੁਕਾਵਟ ਪਾਉਣ ਵਾਲੀਆਂ ਸਮੱਸਿਆਵਾਂ ਮੌਜੂਦ ਸਨ। ਬੇਰੁਜ਼ਗਾਰੀ ਕਰਕੇ ਵੱਡਿਆਂ ਸ਼ਹਿਰਾਂ ਦੇ ਮੁੱਖ ਚੌਂਕ ਨੌਕਰੀ ਦੀ ਮੰਡੀਆਂ ਵਰਗੇ ਸਨ । ਨੌਕਰੀਆਂ ਲੱਭਣ ਵਾਲੇ ਜਿਹੜੇ ਇਹਨਾਂ ਮੰਡੀਆਂ 'ਚ ਜਾਂਦੇ ਸਨ, ਉਹਨਾਂ ਦੇ ਹੱਥਾਂ ਵਿੱਚ, ਇਕ ਛੋਟੇ ਜਿਹੇ ਕੱਪੜੇ 'ਚ ਲਪੇਟਿਆ ਹੋਇਆ ਦੁਪਹਿਰ ਦਾ ਖਾਣਾ ਫੜਿਆ ਹੁੰਦਾ ਸੀ । ਜਦੋਂ ਉਹਨਾਂ ਨੂੰ ਦਿਹਾੜੀ 'ਤੇ ਕੰਮ ਕਰਨ ਲਈ ਕੋਈ ਵੀ ਨਾ ਲੈ ਕੇ ਜਾਂਦਾ ਤਾਂ ਉਹ ਉਹੀ ਦੁਪਹਿਰ ਦੇ ਖਾਣੇ ਵਾਲਾ ਪੈਕਟ ਫੜੀ ਹੋਈ ਆਪਣੇ ਘਰਾਂ ਨੂੰ ਮੁੜ ਆਉਂਦੇ । ਉਹ ਆਦਮੀ, ਜਿਸਨੂੰ ਕੰਮ ਨਹੀਂ ਸੀ ਮਿਲਦਾ, ਸਿਰਫ਼ ਉਹੋ ਹੀ ਉਦਾਸ ਨਹੀਂ ਸੀ ਹੁੰਦਾ, ਬਲਕਿ ਉਸਦੇ ਨਾਲ ਉਸਦੇ ਸਾਰੇ ਪਰਿਵਾਰਕ ਮੈਂਬਰ ਵੀ ਉਦਾਸ ਹੋ ਜਾਂਦੇ ਸਨ, ਕਿਉਂਕਿ ਕੰਮ ਉਹਨਾਂ ਲਈ ਘਰ ਦੀਆਂ ਜ਼ਰੂਰਤਾਂ ਵਾਸਤੇ ਹੀ ਜ਼ਰੂਰੀ ਨਹੀਂ ਸੀ, ਬਲਕਿ ਉਹਨਾਂ ਦੀਆਂ ਦਵਾਈਆਂ ਵਾਸਤੇ ਵੀ ਉਹਨਾਂ ਨੂੰ ਉਸ ਕੰਮ ਦੀ ਜ਼ਰੂਰਤ ਹੁੰਦੀ ਸੀ । ਪਰ ਬੱਚਿਆਂ ਨੂੰ ਸੌਖਿਆਂ ਹੀ ਮਜ਼ਦੂਰੀ ਦਾ ਕੰਮ ਮਿਲ ਜਾਂਦਾ ਸੀ । ਮਾਲਕ ਬੱਚਿਆਂ ਕੋਲੋਂ ਸਵੇਰ-ਸਾਰ ਤੋਂ ਰਾਤ ਦੇਰ ਤਕ ਕੰਮ ਕਰਵਾ ਕੇ, ਉਹਨਾਂ ਦਾ ਸੋਸ਼ਣ ਕਰਦੇ ਸਨ। ਬੱਚੇ, ਵੱਡਿਆਂ ਨਾਲੋਂ ਜ਼ਿਆਦਾ ਕੰਮ ਕਰਦੇ ਸਨ, ਪਰ ਮਾਲਕਾਂ ਵੱਲੋਂ ਉਹਨਾਂ ਨੂੰ ਮਜ਼ਦੂਰੀ ਥੋੜ੍ਹੀ ਦਿੱਤੀ ਜਾਂਦੀ ਸੀ । ਬਹੁਤ ਵਾਰੀ ਤਾਂ ਬੱਚਿਆਂ ਨੂੰ ਆਪਣੇ ਕੰਮ ਦੇ ਮਿਲਦੇ ਪੈਸਿਆਂ ਬਾਰੇ ਪਤਾ ਹੀ ਨਹੀਂ ਸੀ ਹੁੰਦਾ, ਕਿਉਂਕਿ ਇਹ ਪੈਸੇ ਉਹਨਾਂ ਦੇ ਮਾਪਿਆਂ ਨੂੰ ਦਿੱਤੇ ਜਾਂਦੇ ਸਨ। ਕਈ ਵਾਰੀ ਤਾਂ ਬੱਚੇ ਲੰਮੇ ਸਮੇਂ ਤਕ ਸਿਰਫ਼ ਏਸ ਲਈ ਲਗਾਤਾਰ ਕੰਮ ਕਰੀ ਜਾਂਦੇ, ਕਿਉਂਕਿ ਉਹਨਾਂ ਦੇ ਮਾਪਿਆਂ ਦਾ ਲਿਆ ਹੋਇਆ ਕਰਜ਼ਾ, ਉਹਨਾਂ ਉਤਾਰਨਾ ਹੁੰਦਾ ਸੀ । ਆਪਣੇ ਪਿਆਰੇ ਬੱਚਿਆਂ ਨੂੰ ਕੰਮ 'ਤੇ ਭੇਜਣ ਲਈ ਤੜਕੇ ਉਠਾਉਣਾ ਬੜਾ ਹੀ ਮੁਸ਼ਕਲ ਕੰਮ ਸੀ । ਇਸ ਤਰ੍ਹਾਂ, ਮਾਂ-ਬਾਪ ਬੱਚਿਆਂ 'ਤੇ ਨਿਰਭਰ ਸਨ, ਨਾ ਕਿ ਬੱਚੇ ਆਪਣੇ ਮਾਂ-ਬਾਪ 'ਤੇ ਨਿਰਭਰ ਸਨ । ਇਸ ਤਰ੍ਹਾਂ ਇਹ ਬਾਲ-ਮਜ਼ਦੂਰੀ ਦਾ ਘਟੀਆ ਧੰਦਾ ਪੀੜ੍ਹੀ ਦਰ ਪੀੜ੍ਹੀ ਤੁਰਿਆ ਆ ਰਿਹਾ ਸੀ । ਇਸ ਲਈ ਬਹੁਤ ਸਾਰੀਆਂ ਸਮਾਜਿਕ ਸਮੱਸਿਆਵਾਂ ਦੀ ਜੜ੍ਹ, ਗ਼ਰੀਬੀ ਨੂੰ ਹੀ ਸਮਝਿਆ ਜਾਂਦਾ ਸੀ ।

ਇੰਦਰਜੀਤ ਕੌਰ, ਸਮਾਜ ਦੀਆਂ ਆਰਥਿਕ ਤੇ ਸਮਾਜਿਕ ਹਾਲਤਾਂ ਵੱਲ ਦੇਖ ਕੇ ਉਦਾਸ ਹੋ ਜਾਂਦੀ ਸੀ । ਸਾਰੇ ਪ੍ਰਬੰਧ ਨੂੰ ਹੀ ਠੀਕ ਕਰਨ ਦੀ ਜ਼ਰੂਰਤ ਸੀ, ਪਰ ਇਸ ਲਈ ਉਹ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰਦੀ ਸੀ। ਪਰ ਤਾਂ ਵੀ ਉਸਨੇ ਇਕੱਲੀ ਨੇ ਹੀ ਆਪਣੇ ਉਦੇਸ਼ ਦੀ ਪ੍ਰਾਪਤੀ ਲਈ, ਲੋਕਾਂ ਨੂੰ ਸਮੱਸਿਆਵਾਂ ਤੋਂ ਰਾਹਤ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਨੂੰ ਉਸ ਹੱਦ



ਤਕ ਜਾਰੀ ਰੱਖਿਆ ਜਿਸ ਹੱਦ ਤਕ ਉਹ ਇਹ ਕੰਮ ਕਰ ਸਕਦੀ ਸੀ । ਉਸਨੇ ਦੇਖਿਆ ਕਿ ਬਹੁਤ ਵਾਰੀ ਲੋਕ ਆਪਣੀਆਂ ਦਵਾਈਆਂ ਲੈਣੀਆਂ ਇਸ ਲਈ ਬੰਦ ਕਰ ਦਿੰਦੇ, ਕਿਉਂਕਿ ਉਹਨਾਂ ਦੀ ਤਨਖ਼ਾਹ ਹੀ ਥੋੜ੍ਹੀ ਹੁੰਦੀ ਸੀ। ਬਹੁਤ ਸਾਰੇ ਲੋਕ ਇਲਾਜ ਲਈ ਦਵਾਈਆਂ ਦੇ ਨਾਲ ਦੱਸੀ ਹੋਈ ਜ਼ਰੂਰੀ ਖ਼ੁਰਾਕ ਵੀ ਨਹੀਂ ਸਨ ਲੈ ਸਕਦੇ ਤੇ ਇਸ ਤਰ੍ਹਾਂ ਉਹਨਾਂ ਦੀ ਬਿਮਾਰੀ ਦਾ ਇਲਾਜ ਨਹੀਂ ਸੀ ਹੁੰਦਾ । ਇੱਥੋਂ ਤਕ ਕਿ ਕਈ ਵਾਰੀ ਕਿਸੇ ਪਰਿਵਾਰ ਦੇ ਇਕ ਜੀਅ ਨਾਲ ਕੋਈ ਦੁਰਘਟਨਾ ਵਾਪਰ ਜਾਂਦੀ ਤਾਂ ਅਜਿਹੀ ਦੁਰਘਟਨਾ, ਸਾਰੇ ਪਰਿਵਾਰ ਦੀ ਹੀ ਕਿਸਮਤ ਬਦਲ ਦਿੰਦੀ ਤੇ ਪਰਿਵਾਰ ਦੇ ਸਾਰੇ ਜੀਆਂ 'ਤੇ ਆਫ਼ਤ ਆ ਜਾਂਦੀ । ਪ੍ਰਬੰਧ ਇਸ ਤਰ੍ਹਾਂ ਦਾ ਸੀ ਕਿ ਅਜਿਹੀਆਂ ਦੁਰਘਟਨਾਵਾਂ ਲਈ ਬੀਮੇ ਦੀ ਕੋਈ ਸਕੀਮ ਨਹੀਂ ਸੀ ਤੇ ਜੇ ਕਿਤੇ ਇਹ ਸਕੀਮ ਹੈ ਵੀ ਸੀ ਤਾਂ, ਉਹ ਬਹੁਤ ਥੋੜ੍ਹੇ ਲੋਕਾਂ ਵਾਸਤੇ ਹੀ ਸੀ । ਕਈ ਵਾਰੀ ਉਹ ਮਰੀਜ਼ਾਂ ਨੂੰ ਕਿਸੇ ਖ਼ਾਸ ਇਲਾਜ ਲਈ ਪਟਿਆਲੇ ਜਾਂ ਲੁਧਿਆਣੇ ਭੇਜ ਦਿੰਦੀ ਸੀ । ਪਰ ਲੋਕੀਂ ਪੈਸੇ ਦੀ ਘਾਟ ਕਰਕੇ ਉੱਥੇ ਜਾਣ ਤੋਂ ਝਿਜਕਦੇ ਸਨ, ਕਈਆਂ ਕੋਲ ਤਾਂ ਉੱਥੇ ਜਾਣ ਲਈ ਕਿਰਾਇਆ ਵੀ ਨਹੀਂ ਸੀ ਹੁੰਦਾ । ਇਸ ਤਰ੍ਹਾਂ ਨਾਲ ਦਵਾਈਆਂ ਦਾ ਸੰਬੰਧ ਕਈ ਹੋਰ ਸਮੱਸਿਆਵਾਂ ਨਾਲ ਵੀ ਸੀ, ਜਿਸ ਨਾਲ ਬਿਮਾਰੀ ਤੋਂ ਛੇਤੀ ਠੀਕ ਹੋ ਜਾਣ ਤੇ ਠੀਕ ਇਲਾਜ ਹੋਣ 'ਚ ਰੁਕਾਵਟ ਪੈਂਦੀ ਸੀ । ਇਸ ਲਈ ਕਈ ਵਾਰੀ ਉਸਦੇ ਮਨ 'ਚ ਵਿਚਾਰ ਆਉਂਦਾ ਸੀ ਕਿ ਉਹ ਨੌਕਰੀ ਛੱਡ ਦੇਵੇ ਤੇ ਸਮਾਜ ਦੀਆਂ ਅਜਿਹੀਆਂ ਸਮੱਸਿਆਵਾਂ ਦੇ ਹੱਲ ਲੱਭਣ ਦੀਆਂ ਕੋਸ਼ਿਸ਼ਾਂ 'ਚ ਜੁੱਟ ਜਾਵੇ ।

# ਸਰਕਾਰੀ ਨੌਕਰੀ ਤੋਂ ਅਸਤੀਫ਼ਾ

ਹੁਣ ਡਾ. ਇੰਦਰਜੀਤ ਕੌਰ ਦੇ ਸਾਰੇ ਭੈਣ-ਭਰਾ ਕਾਲਜਾਂ ਤੇ ਸਕੂਲਾਂ 'ਚ ਪੜ੍ਹਦੇ ਸਨ । ਉਹ ਆਪਣੇ ਭੈਣ-ਭਰਾਵਾਂ ਨੂੰ ਪੜ੍ਹਾਈ ਲਈ ਸਖ਼ਤ ਮਿਹਨਤ ਕਰਨ ਲਈ ਜ਼ੋਰ ਦਿੰਦੀ ਸੀ । ਉਸਦੀ ਛੋਟੀ ਭੈਣ ਪੁਸ਼ਪਿੰਦਰ B.A 'ਚ ਪੜ੍ਹ ਰਹੀ ਸੀ ਤੇ B.A. ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸਦਾ ਸੰਨ 1965 'ਚ ਵਿਆਹ ਕਰ ਦਿੱਤਾ ਗਿਆ । ਉਸਦੇ ਵੱਡੇ ਭਰਾ ਗੁਰਦੀਪ ਨੇ B.Sc. (ਮੈਡੀਕਲ) ਤੇ ਲੈਬੌਰਟਰੀ ਟੈਕਨੀਸ਼ੀਅਨ ਦਾ ਡਿਪਲੋਮਾ ਕਰਕੇ Medical diagnostic laboratory (ਬਿਮਾਰੀਆਂ ਸੰਬੰਧੀ ਨਿਰੀਖਣ ਕਰਨ ਵਾਲੀ ਪ੍ਰਯੋਗਸ਼ਾਲਾ) ਖੋਲ੍ਹ ਲਈ, ਕਿਉਂਕਿ ਉਹ ਸਰਕਾਰੀ ਨੌਕਰੀ ਕਰਨ ਦੇ ਪੱਖ 'ਚ ਨਹੀਂ ਸੀ । ਅਜਿਹੀ ਪ੍ਰਯੋਗਸ਼ਾਲਾ ਉਸ ਇਲਾਕੇ ਲਈ ਇਕ ਵੱਡੀ ਜ਼ਰੂਰਤ ਸੀ ਤੇ ਉਹ ਵੀ ਆਪਣੇ ਪਿਤਾ ਜੀ ਦੀਆਂ ਹਦਾਇਤਾਂ ਤੇ ਅਗਵਾਈ 'ਚ ਇਕ ਮਿਸ਼ਨਰੀ ਦੇ ਉਤਸ਼ਾਹ ਨਾਲ ਲੋਕ-ਸੇਵਾ ਕਰਨ ਲੱਗ ਪਿਆ । ਉਹਨਾਂ ਦੇ ਪਿਤਾ ਜੀ ਕਦੀ ਵੀ ਸਮਾਜ ਦਾ ਸੋਸ਼ਣ ਕਰਨ ਦੇ ਪੱਖ 'ਚ ਨਹੀਂ ਸਨ ।

ਡਾ: ਇੰਦਰਜੀਤ ਕੌਰ ਨੂੰ ਪੂਰੇ ਸਮਰਪਿਤ ਭਾਵ ਨਾਲ ਸਮਾਜ-ਸੇਵਾ ਕਰਨ 'ਚ ਦਿਲਚਸਪੀ ਸੀ ਤੇ ਦੂਸਰਾ ਕਾਰਨ ਇਹ ਸੀ ਕਿ ਉਸਦੇ ਪਿਤਾ ਜੀ ਦਿਲ ਦੇ ਰੋਗ ਤੋਂ ਪੀੜਿਤ ਸਨ ਤੇ ਉਹ ਪਰਿਵਾਰ 'ਚੋਂ ਇਕੱਲੇ ਹੀ ਕਮਾਊ ਮੈਂਬਰ ਸਨ । ਉਹਨਾਂ ਉੱਪਰ ਬਹੁਤ ਜਣੇ ਨਿਰਭਰ ਸਨ ।

ਇਸ ਲਈ ਸੰਨ 1974 'ਚ, ਡਾ. ਇੰਦਰਜੀਤ ਕੌਰ ਨੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇਣ ਦਾ ਮਨ ਬਣਾ ਲਿਆ ਅਤੇ ਉਸਦੀ ਜ਼ਿੰਦਗੀ ਦਾ ਇਹ ਦੂਜਾ ਆਤਮ-ਨਿਰਭਰ ਅਤੇ ਦਲੇਰੀ ਵਾਲਾ ਫ਼ੈਸਲਾ ਸੀ। ਭਾਵੇਂ ਸਰਕਾਰੀ ਡਾਕਟਰਾਂ ਦੀ ਕਾਫ਼ੀ ਤਨਖ਼ਾਹ ਸੀ ਅਤੇ ਹੋਰ ਸਹੂਲਤਾਂ ਵੀ ਮਿਲਦੀਆਂ ਸਨ, ਪਰ ਉਸਦੇ ਪਰਿਵਾਰ ਤੇ ਉਦੇਸ਼ਾਂ ਅਨੁਸਾਰ ਇਹ ਸਭ ਕਾਫ਼ੀ ਨਹੀਂ ਸੀ। ਸਰਕਾਰੀ ਨੌਕਰੀ 'ਚ ਉਸਦਾ ਭਵਿੱਖ ਸੁਰੱਖਿਅਤ ਸੀ। ਬਹੁਤ ਸਾਰੇ ਲੋਕ ਸਰਕਾਰੀ ਨੌਕਰੀ ਕਰਨਾ ਚਾਹੁੰਦੇ ਹਨ, ਪਰ ਉਹਨਾਂ ਨੂੰ ਮਿਲਦੀ ਹੀ ਨਹੀਂ; ਪਰ ਇੰਦਰਜੀਤ ਕੌਰ ਇਸਨੂੰ ਆਪਣੀ ਮਰਜ਼ੀ ਨਾਲ ਛੱਡ ਰਹੀ ਸੀ। ਇਹ ਉਸਦੇ ਦੋਸਤਾਂ ਤੇ ਹੋਰ ਸਾਰੇ ਲੋਕਾਂ ਲਈ ਹੈਰਾਨਕੁੰਨ ਫ਼ੈਸਲਾ ਸੀ। ਪਰ ਆਪਣੇ ਪੇਸ਼ੇ ਪ੍ਰਤੀ ਉਸਦੇ ਵੱਖਰੇ ਵਿਚਾਰ ਸਨ ਕਿ ਆਪਣੇ ਸਮਾਜ ਅਤੇ ਪਰਿਵਾਰਕ ਜੀਆਂ ਦੀ ਸੇਵਾ ਕਰਨ ਤੋਂ ਬਿਨਾਂ ਉਸਦੀ ਯੋਗਤਾ ਦਾ ਕੋਈ ਫ਼ਾਇਦਾ ਨਹੀਂ ਸੀ। ਉਹ ਸਮਾਜ ਦੀ ਸੇਵਾ ਆਪਣੇ ਹਿਸਾਬ ਨਾਲ



ਕਰਨਾ ਚਾਹੁੰਦੀ ਸੀ , ਨਾ ਕਿ ਬਹੁਤ ਸਾਰੀਆਂ ਸਰਕਾਰੀ ਪਾਬੰਦੀਆਂ ਦੇ ਹੇਠ ਸਰਕਾਰੀ ਸੇਵਾ ਕਰਨਾ ਚਾਹੁੰਦੀ ਸੀ। ਇਹ ਉਸਦਾ ਦਾ ਦੂਸਰਾ ਦਲੇਰਾਨਾ ਫ਼ੈਸਲਾ ਸੀ। ਉਸਦਾ ਪਹਿਲਾ ਫ਼ੈਸਲਾ ਸਾਰੀ ਉਮਰ ਵਿਆਹ ਨਾ ਕਰਵਾਉਣ ਦਾ ਸੀ ਅਤੇ ਇਹ ਹੁਣ ਦੂਸਰਾ ਫ਼ੈਸਲਾ ਸੀ ਜੋ ਉਸਦੀ ਜ਼ਿੰਦਗੀ ਬਿਤਾਉਣ ਦਾ ਤਰੀਕਾ ਬਦਲਣ ਵਾਲਾ ਸੀ। ਪਰ ਉਸਦੇ ਪਿਤਾ ਜੀ ਨੇ ਉਸਨੂੰ ਇਸ ਬਾਰੇ ਕੁਝ ਨਹੀਂ ਕਿਹਾ, ਕਿਉਂਕਿ ਉਹ ਉਸਦੇ ਮਨ ਦੇ ਦ੍ਰਿੜ੍ਹ ਇਰਾਦੇ ਨੂੰ ਜਾਣਦੇ ਸਨ ਅਤੇ ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਆਪਣਾ ਮਨ ਨਹੀਂ ਬਦਲੇਗੀ। ਉਹ ਬਜਾਏ ਇਸਦੇ ਕਿ ਤਨਖ਼ਾਹ ਲੈਂਦੀ ਤੇ ਜ਼ਿੰਦਗੀ 'ਚ ਤਰੱਕੀਆਂ ਲੈਣ ਦੀ ਖ਼ਾਹਿਸ਼ ਰੱਖਦੀ, ਉਹ ਲੋਕ-ਸੇਵਾ 'ਚ ਜ਼ਿਆਦਾ ਖ਼ੁਸ਼ੀ ਮਹਿਸੂਸ ਕਰਦੀ ਸੀ। ਸੰਨ 1974 ਵਿੱਚ ਉਸਨੇ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਉਸਨੇ ਆਪਣੇ ਹਸਪਤਾਲ 'ਚ ਕੰਮ ਸ਼ੁਰੂ ਕਰ ਦਿੱਤਾ। ਉਸਦੇ ਪਿਤਾ ਜੀ ਦਿਲ ਦੀ ਬਿਮਾਰੀ ਤੋਂ ਪੀੜਿਤ ਸਨ ਤੇ ਹਸਪਤਾਲ 'ਚ ਜ਼ਿਆਦਾ ਕੰਮ ਨਹੀਂ ਸਨ ਕਰ ਸਕਦੇ।

ਇਕ ਦਿਨ, ਡਾ. ਇੰਦਰਜੀਤ ਕੌਰ ਦੇ ਦਾਦੀ ਜੀ ਬਿਮਾਰ ਹੋ ਗਏ। ਉਸ ਦਿਨ, ਉਸ ਨੇ ਸਾਰਾ ਦਿਨ ਦਾਦੀ ਜੀ ਦੀ ਦੇਖ-ਭਾਲ ਕੀਤੀ ਤੇ ਉਹਨਾਂ ਨੂੰ ਸਭ ਤੋਂ ਵਧੀਆ ਦਵਾਈਆਂ ਦੇ ਕੇ ਸੇਵਾ ਕਰਦੀ ਰਹੀ, ਪਰ ਥੋੜ੍ਹੀ ਜਿਹੀ ਬਿਮਾਰੀ ਤੋਂ ਬਾਅਦ ਉਹਨਾਂ ਦੀ ਮੌਤ ਹੋ ਗਈ। ਉਹਨਾਂ ਦੇ ਪਰਿਵਾਰ 'ਚ ਇਹ ਪਹਿਲੀ ਮੌਤ ਸੀ । ਉਹਨਾਂ ਦੇ ਦਾਦੀ ਜੀ ਸਾਰੇ ਪਰਿਵਾਰ ਦਾ ਹੌਂਸਲਾ ਵਧਾਉਣ ਦਾ ਵੱਡਾ ਆਧਾਰ ਸੀ। ਉਹ ਸਭ ਦੀ ਮਾਰਗ-ਦਰਸ਼ਕ ਤੇ ਸਰਪ੍ਰਸਤ ਸੀ। ਉਹ ਪਰਿਵਾਰ ਦੇ ਸਾਰੇ ਜੀਆਂ ਨੂੰ ਬਹੁਤ ਹੀ ਪਿਆਰ ਤੇ ਸਨੇਹ ਕਰਦੀ ਸੀ। ਪਰਿਵਾਰ ਨੂੰ ਉਹਨਾਂ ਦੇ ਜਾਣ ਨਾਲ ਬੜਾ ਘਾਟਾ ਪਿਆ । ਜਦੋਂ ਉਹਨਾਂ ਦੀ ਮੌਤ ਦੀ ਖ਼ਬਰ ਫੈਲੀ ਤਾਂ ਬਹੁਤ ਸਾਰੇ ਲੋਕ ਉਹਨਾਂ ਦੇ ਘਰ ਸਾਹਮਣੇ ਇਕੱਠੇ ਹੋ ਗਏ ਤੇ ਬਹੁਤ ਸਾਰੇ ਲੋਕ ਘਰ ਦੇ ਅੰਦਰ ਆ ਕੇ ਬੈਠ ਗਏ। ਉਹ ਉਹਨਾਂ ਦੀ ਹਰ ਕਿਸੇ ਨਾਲ ਖ਼ੁਸ਼ਦਿਲੀ ਨਾਲ ਪੇਸ਼ ਆਉਣ ਦੀਆਂ ਅਤੇ ਸਹਾਇਤਾ ਕਰਨ ਦੀਆਂ ਗੱਲਾਂ ਕਰ ਰਹੇ ਸਨ। ਇਸ ਲਈ ਬਹੁਤ ਸਾਰੇ ਲੋਕ ਉਹਨਾਂ ਦੇ ਹਮਦਰਦੀ ਵਾਲੇ ਵਿਹਾਰ ਨੂੰ ਯਾਦ ਕਰ ਰਹੇ ਸਨ, ਜਿਹੜੀ ਕਿ ਉਹ ਲੋਕਾਂ ਦੇ ਦੁੱਖ ਦੇ ਸਮੇਂ ਉਹਨਾਂ ਨਾਲ ਕਰਦੇ ਸਨ । ਕਿਉਂਕਿ ਡਾ. ਇੰਦਰਜੀਤ ਕੌਰ ਆਪਣੇ ਭੈਣ-ਭਰਾਵਾਂ ਤੋਂ ਵੱਡੀ ਸੀ, ਸੋ ਉਹ ਉਹਨਾਂ ਲੋਕਾਂ ਨੂੰ ਵੀ ਮਿਲ ਰਹੀ ਸੀ, ਜਿਹੜੇ ਉਹਨਾਂ ਦੇ ਘਰ ਹਮਦਰਦੀ ਕਰਨ ਲਈ ਆ ਰਹੇ ਸਨ।

ਇਹ ਸਭ ਤੋਂ ਦੁਖਦਾਈ ਘਟਨਾ ਸੀ। ਇਸ ਖ਼ਿਆਲ ਨਾਲ ਕਿ ਉਹ ਹੁਣ ਆਪਣੀ ਦਾਦੀ ਨੂੰ ਕਦੀਂ ਨਹੀਂ ਮਿਲ ਸਕੇਗੀ, ਉਸਨੂੰ ਬਹੁਤ ਦੁੱਖ ਹੋਇਆ। ਦਾਦੀ ਦੇ ਨੜੋਏ ਸਮੇਂ, ਡਾ. ਇੰਦਰਜੀਤ ਕੌਰ ਦੇ ਪਿਤਾ ਜੀ ਅਰਥੀ ਨੂੰ ਮੋਢਾ ਦੇਣ ਵਾਲਿਆਂ 'ਚ ਸ਼ਾਮਲ ਸਨ ਅਤੇ ਬਾਰ-ਬਾਰ, ਦਾਦੀ ਵੱਲੋਂ ਕਹੇ ਹੋਏ ਸ਼ਬਦ ਇੰਦਰਜੀਤ ਕੌਰ ਨੂੰ ਯਾਦ ਆ ਰਹੇ ਸਨ ਕਿ ਹਰਬੰਸ ਸਿੰਘ ਆਪਣੇ ਮੋਢਿਆਂ 'ਤੇ ਚੁੱਕ ਕੇ ਉਸਨੂੰ ਸ਼ਮਸ਼ਾਨ ਘਾਟ ਲੈ ਕੇ ਜਾਵੇਗਾ । ਇਹ ਰਾਤ ਸੱਚਮੁੱਚ ਹੀ ਦੂਜੀਆਂ ਸਾਰੀਆਂ ਰਾਤਾਂ ਨਾਲੋਂ ਵੱਖਰੀ ਸੀ । ਭਾਵੇਂ ਡਾ. ਹਰਬੰਸ ਸਿੰਘ ਹੌਂਸਲੇ ਵਾਲਾ ਵਿਅਕਤੀ ਸੀ ਤੇ ਉਹ ਆਪਣੀ ਮਾਂ ਦੀ ਮੌਤ ਮਾਨਸਿਕ ਤੌਰ 'ਤੇ ਸਵੀਕਾਰ ਕਰਨ ਨੂੰ ਤਿਆਰ ਸੀ ਅਤੇ ਉਹ ਪਰਿਵਾਰ ਦੇ ਹੋਰ ਜੀਆਂ ਨੂੰ ਹੌਂਸਲਾ ਦੇ ਰਿਹਾ ਸੀ, ਪਰ ਉਸਦੇ ਚਿਹਰੇ 'ਤੇ ਉਹ ਜਲੌਅ ਨਹੀਂ ਸੀ, ਜੋ ਉਹਨਾਂ ਦੀ ਮਾਂ ਦੀ ਮੌਤ ਤੋਂ ਪਹਿਲਾਂ ਹੁੰਦਾ ਸੀ ।

ਹੁਣ ਇੰਦਰਜੀਤ ਕੌਰ ਸਾਰਾ ਦਿਨ, ਬਲਕਿ ਰਾਤ ਦੇ ਸਮੇਂ ਵੀ ਮਰੀਜ਼ਾਂ ਦੀ ਦੇਖ-ਰੇਖ ਕਰਨ 'ਚ ਜੁੱਟੀ ਰਹਿੰਦੀ । ਉਸਦੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਸੀ ਤੇ ਉਸਨੇ ਵੱਖ-ਵੱਖ ਖੇਤਰਾਂ ਦੇ ਮਾਹਰਾਂ ਦੀਆਂ ਸੇਵਾਵਾਂ ਦਾ ਵੀ ਪ੍ਰਬੰਧ ਕਰ ਲਿਆ ਸੀ ਤਾਂ ਕਿ ਮਰੀਜ਼ਾਂ ਨੂੰ ਮਹਿੰਗੇ ਇਲਾਜ ਲਈ ਲੁਧਿਆਣੇ ਜਾਂ ਪਟਿਆਲੇ ਨਾ ਜਾਣਾ ਪਏ । ਇਵੇਂ, ਮਰੀਜ਼ਾਂ ਲਈ ਚੰਗਾ ਹੋ ਗਿਆ ਸੀ।—ਤੇ ਕੁਝ ਖ਼ਾਸ ਬਿਮਾਰੀਆਂ ਦੇ ਮਰੀਜ਼ਾਂ ਨੂੰ ਹੀ ਉਹ ਹੁਣ ਲੁਧਿਆਣੇ ਜਾਂ ਪਟਿਆਲੇ ਭੇਜਦੀ ਸੀ । ਮੁਸ਼ਕਲ ਨਾਲ ਹੀ ਉਹ ਪੂਰੀ ਰਾਤ ਸੌਂ ਸਕਦੀ ਸੀ, ਨਹੀਂ ਤਾਂ ਉਹਨੂੰ ਹਰ ਰੋਜ਼ ਐਮਰਜੈਂਸੀ 'ਚ ਲਿਆਂਦੇ ਹੋਏ ਮਰੀਜ਼ਾਂ ਨੂੰ ਦੇਖਣ ਲਈ ਜਾਗਣਾ ਹੀ ਪੈਂਦਾ ਸੀ । ਪਰ ਇਹ ਹੈਰਾਨ ਕਰਨ ਵਾਲੀ ਗੱਲ ਸੀ ਕਿ ਰਾਤ ਦੇ ਕਿਸੇ ਵੀ ਵੇਲੇ ਉਸਨੂੰ ਬੁਲਾ ਲਿਆ ਜਾਂਦਾ ਸੀ, ਉਹ ਮੁਸਕਰਾਉਂਦੇ ਚਿਹਰੇ ਨਾਲ ਦਰਵਾਜ਼ਾ ਖੋਲ੍ਹਦੀ ਤੇ ਮਰੀਜ਼ਾਂ ਦੀ ਦੇਖ-ਭਾਲ ਉਦੋਂ ਤੱਕ ਕਰਦੀ, ਜਦੋਂ ਤਕ ਉਸਨੂੰ ਯਕੀਨ ਹੋ ਜਾਂਦਾ ਕਿ ਉਹ ਰਾਜ਼ੀ ਹੋਣ ਦੇ ਠੀਕ ਰਾਹ 'ਤੇ ਪੈ ਗਿਆ ਹੈ ।

ਇੰਦਰਜੀਤ ਕੌਰ ਆਪਣੇ ਵਿਹਲੇ ਸਮੇਂ 'ਚ ਕਿਤਾਬਾਂ ਪੜ੍ਹਦੀ । ਭਗਤ ਪੂਰਨ ਸਿੰਘ ਦਾ ਸਾਹਿਤ ਮਰੀਜ਼ਾਂ ਨੂੰ ਪੜ੍ਹਨ ਲਈ ਦਿੱਤਾ ਜਾਂਦਾ। ਉਹ ਇਸਨੂੰ ਆਪਣੀ ਵਾਰੀ ਆਉਣ ਦੀ ਉਡੀਕ ਤੱਕ ਪੜ੍ਹਦੇ ਰਹਿੰਦੇ ਤੇ ਜਾਂ ਹਸਪਤਾਲ 'ਚ ਦਾਖ਼ਲ ਮਰੀਜ਼ਾਂ ਦੀ ਦੇਖ-ਭਾਲ ਕਰਨ ਵਾਲੇ ਇਹ ਸਾਹਿਤ ਪੜ੍ਹਦੇ ਰਹਿੰਦੇ । ਡਾ. ਹਰਬੰਸ ਸਿੰਘ, ਭਗਤ ਪੂਰਨ ਸਿੰਘ ਨੂੰ ਮਿਲਣ ਦੀ ਬਹੁਤ ਖ਼ਾਹਿਸ਼ ਰੱਖਦੇ ਸਨ, ਪਰ ਉਹ ਮਿਲ ਨਹੀਂ ਸਕੇ । ਭਗਤ ਪੂਰਨ



ਸਿੰਘ ਜੀ ਇਕ ਯਥਾਰਥਵਾਦੀ ਤੇ ਦੂਰ-ਦਰਸ਼ੀ ਇਨਸਾਨ ਸਨ । ਉਹ ਲੋਕਾਂ ਨੂੰ ਨਵੀਂ ਟੈਕਨੋਲੌਜੀ ਨਾਲ ਆਉਣ ਵਾਲੇ ਖ਼ਤਰਿਆਂ ਦੀ ਚਿਤਾਵਨੀ ਦਿੰਦੇ ਸਨ । ਉਹਨਾਂ ਨੂੰ ਰਸਾਇਣਾਂ ਦੀ ਵਰਤੋਂ ਸੰਬੰਧੀ ਬਹੁਤ ਫ਼ਿਕਰ ਸੀ, ਕਿਉਂਕਿ ਇਹਨਾਂ ਨਾਲ ਹਵਾ, ਪਾਣੀ, ਭੋਜਨ ਪ੍ਰਦੂਸ਼ਿਤ ਹੋ ਰਿਹਾ ਸੀ ਤੇ ਲੋਕਾਂ 'ਚ ਇਹੋ ਹੀ ਪੁਰਾਣੀਆਂ ਤੇ ਗੰਭੀਰ ਬਿਮਾਰੀਆਂ ਦੇ ਵੱਡੇ ਕਾਰਨ ਬਣ ਰਹੇ ਸਨ । ਉਹ ਖੇਤੀ-ਬਾੜੀ ਦੀ ਜ਼ਮੀਨ ਦੀ ਉੱਤਮਤਾ ਘਟਣ ਬਾਰੇ ਬੜੇ ਚਿੰਤਤ ਸਨ, ਕਿਉਂਕਿ ਲੋਕ ਫ਼ਸਲਾਂ 'ਚ ਵਾਧਾ ਕਰਨ ਲਈ ਰਸਾਇਣਾਂ ਦੀ ਵਰਤੋਂ ਕਰਦੇ ਸਨ—ਤੇ ਰਸਾਇਣਾਂ ਦੀ ਵਰਤੋਂ ਵੀ ਵਧ ਰਹੀ ਸੀ । ਜੇ ਇਸ ਸਾਲ ਫ਼ਸਲ 'ਚ ਵਾਧਾ ਕਰਨ ਲਈ ਚਾਰ ਬੋਰੀਆਂ ਰਸਾਇਣਾਂ ਦੀ ਲੋੜ ਹੈ ਤਾਂ ਅਗਲੇ ਸਾਲ ਏਨੀ ਫ਼ਸਲ ਲੈਣ ਵਾਸਤੇ ਹੀ ਪੰਜ ਬੋਰੀਆਂ ਰਸਾਇਣਾਂ ਦੀ ਲੋੜ ਪੈਣੀ ਹੈ ਅਤੇ ਅਗਲੇ ਸਾਲ ਛੇ ਬੋਰੀਆਂ ਦੀ; ਫੇਰ ਸੱਤ ਤੇ ਇਸੇ ਤਰ੍ਹਾਂ ਹੀ ਹੁੰਦਾ ਜਾਣਾ ਹੈ । ਉਹਨਾਂ ਨੂੰ ਇਸ ਗੱਲ ਬਾਰੇ ਬਹੁਤ ਜਾਣਕਾਰੀ ਸੀ । ਕਿਉਂਕਿ ਜਿਉਂ-ਜਿਉਂ ਫ਼ਸਲਾਂ 'ਚ ਜ਼ਿਆਦਾ ਵਾਧਾ ਕਰਨਾ ਹੋਵੇਗਾ, ਤਾਂ ਰਸਾਇਣਾਂ ਦੀ ਵਰਤੋਂ 'ਚ ਵੀ ਵਾਧਾ ਕਰਨਾ ਪਵੇਗਾ । ਡਾ. ਹਰਬੰਸ ਸਿੰਘ, ਪਿੰਗਲਵਾੜੇ ਲਈ ਆਪਣਾ ਦਾਨ ਭੇਜਦੇ ਰਹਿੰਦੇ ਸੀ ।

ਇਸ ਸਮੇਂ, ਇਕ ਹੋਰ ਹਿਰਦੇ ਵੇਦਕ ਘਟਨਾ ਵਾਪਰ ਗਈ । ਡਾ. ਹਰਬੰਸ ਸਿੰਘ ਦਾ ਇਕ ਚਚੇਰਾ ਭਰਾ, ਜੋ ਕਿ ਮਲੇਸ਼ੀਆ (ਕੁਆਲਾਲੰਪੁਰ) ਚ ਰਹਿ ਰਿਹਾ ਸੀ, ਉਸਦੀ ਜੁਲਾਈ 1975 'ਚ ਮੌਤ ਹੋ ਗਈ । ਉਹ ਬੜੇ ਚਿਰ ਤੋਂ ਦਿਮਾਗ਼ ਦੀ ਰਸੌਲੀ ਨਾਲ ਪੀੜਿਤ ਸੀ । ਜਦੋਂ ਉਸਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ, ਤਾਂ ਉਸ ਦੀ ਪਤਨੀ ਉਸਦੀ ਦੇਖ-ਭਾਲ ਕਰਦੀ ਸੀ। ਉਸਦੇ ਇਲਾਜ 'ਤੇ ਬਹੁਤ ਖ਼ਰਚ ਆਇਆ ਤੇ ਉਹਨਾਂ ਦੇ ਪਰਿਵਾਰ 'ਤੇ ਪੈਸੇ ਦਾ ਸੰਕਟ ਆ ਗਿਆ ।

ਇੰਦਰਜੀਤ ਕੌਰ ਨੂੰ ਆਪਣੀ ਚਾਚੀ ਵੱਲੋਂ ਇਕ ਚਿੱਠੀ ਮਿਲੀ ਕਿ ਉਹ ਆਪਣੇ ਚਾਰ ਬੱਚਿਆਂ ਨਾਲ ਬਹੁਤ ਹੀ ਗ਼ਰੀਬੀ ਦੀ ਹਾਲਤ 'ਚ ਰਹਿ ਰਹੀ ਹੈ ਅਤੇ ਉਹ ਡਾ. ਹਰਬੰਸ ਸਿੰਘ ਦੇ ਪਰਿਵਾਰ ਦੇ ਵਿਹਾਰ ਨਾਲ ਖ਼ੁਸ਼ ਨਹੀਂ ਹੈ, ਕਿਉਂਕਿ ਉਸਦੇ ਪਤੀ ਦੀ ਮੌਤ ਤੋਂ ਬਾਅਦ ਉਹਨਾਂ ਨੇ ਉਸ ਨਾਲ ਕੋਈ ਖ਼ਾਸ ਹਮਦਰਦੀ ਨਹੀਂ ਦਿਖਾਈ । ਹੁਣ ਇੰਦਰਜੀਤ ਕੌਰ ਆਪਣੇ ਪਰਿਵਾਰ ਲਈ ਫ਼ਿਕਰਮੰਦ ਹੋ ਗਈ । ਉਸਨੇ ਉਹਨਾਂ ਨੂੰ ਕੁਝ ਪੈਸੇ ਭੇਜਣ ਦਾ ਪ੍ਰਬੰਧ ਕੀਤਾ ਤੇ ਭਾਰਤ ਆਉਣ ਲਈ ਬੇਨਤੀ ਕੀਤੀ । ਤਕਰੀਬਨ ਇਕ ਸਾਲ ਦੇ ਬਾਅਦ, ਉਹ ਸਾਰੇ, ਡਾ. ਇੰਦਰਜੀਤ ਕੋਲ ਰਹਿਣ ਲਈ ਆ ਗਏ ।

# ਸਮਾਜ ਸੇਵਾ ਲਈ ਸਮਰਪਣ

ਅਗਸਤ 1975 ਵਿੱਚ ਡਾਕਟਰ ਹਰਬੰਸ ਸਿੰਘ ਨੂੰ ਹਾਰਟ ਅਟੈਕ ਹੋ ਗਿਆ ਅਤੇ ਉਸ ਤੋਂ ਉਹ ਬਚ ਨਾ ਸਕੇ ਤੇ ਅਚਾਨਕ ਹੀ ਉਹ ਸਵਰਗਵਾਸ ਹੋ ਗਏ । ਉਸ ਸਮੇਂ ਉਹਨਾਂ ਦੀ ਉਮਰ 66 ਵਰ੍ਹਿਆਂ ਦੀ ਸੀ । ਸ਼ਹਿਰ 'ਚ ਉਹਨਾਂ ਦੀ ਮੌਤ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ । ਉਹ ਸਿਰਫ਼ ਇਕ ਮੰਨੇ ਪ੍ਰਮੰਨੇ ਡਾਕਟਰ ਹੀ ਨਹੀਂ ਸਨ, ਬਲਕਿ ਇਲਾਕੇ ਦੇ ਮਹਾਨ ਸਮਾਜ ਸੇਵਕ ਵੀ ਸਨ । ਉਹਨਾਂ ਨੇ ਲੋਕਾਂ ਦੀ ਸੇਵਾ ਬੜੇ ਹੀ ਸਮਰਪਣ-ਭਾਵ ਨਾਲ ਕੀਤੀ ਸੀ । ਪਰਿਵਾਰ ਦੇ ਜੀਆਂ ਨੇ ਕਦੀ ਅਜਿਹੀ ਕਲਪਨਾ ਵੀ ਨਹੀਂ ਸੀ ਕੀਤੀ । ਉਹਨਾਂ ਦੇ ਤੁਰ ਜਾਣ ਨਾਲ ਪਰਿਵਾਰ ਨੂੰ ਤੇ ਉਸ ਇਲਾਕੇ ਦੇ ਲੋਕਾਂ ਨੂੰ ਬਹੁਤ ਘਾਟਾ ਮਹਿਸੂਸ ਹੋਇਆ, ਜਿਹਨਾਂ ਦੀ ਸੇਵਾ ਉਹ 1930 ਤੋਂ ਕਰ ਰਹੇ ਸਨ । ਕੁਝ ਮਿੰਟਾਂ 'ਚ ਹੀ ਲੋਕ ਉਹਨਾਂ ਦੇ ਘਰ ਵਿੱਚ ਤੇ ਘਰ ਦੇ ਦੁਆਲੇ ਇਕੱਠੇ ਹੋ ਗਏ । ਕਈ ਲੋਕ ਤਾਂ ਇੰਞ ਰੋ ਰਹੇ ਸਨ, ਜਿਵੇਂ ਉਹ ਉਹਨਾਂ ਦੇ ਆਪਣੇ ਪਰਿਵਾਰ ਦੇ ਜੀਅ ਹੋਣ । ਲੋਕ, ਉਹਨਾਂ ਦੀਆਂ ਵੱਖ-ਵੱਖ ਸਮਿਆਂ 'ਤੇ ਕੀਤੀਆਂ ਸੇਵਾਵਾਂ ਨੂੰ ਯਾਦ ਕਰ ਰਹੇ ਸਨ । ਇਸ ਲਈ ਬਹੁਤ ਸਾਰੇ ਉਹ ਲੋਕ, ਜਿਹਨਾਂ ਨੂੰ ਡਾ. ਹਰਬੰਸ ਸਿੰਘ ਨੇ ਵੰਡ ਦੇ ਸਮੇਂ ਰਹਿਣ ਲਈ ਆਸਰਾ ਦਿੱਤਾ ਸੀ, ਉਹ ਆਪਣੇ ਟੱਬਰਾਂ ਸਮੇਤ ਉੱਥੇ ਆ ਗਏ । ਡਾ. ਇੰਦਰਜੀਤ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਹੋ ਗਿਆ ਹੈ । ਪਰ, ਉਹ ਦਿਲੋਂ ਬੜੀ ਮਜ਼ਬੂਤ ਸੀ ਤੇ ਉਹ ਆਪਣੇ ਪਰਿਵਾਰ ਦੇ ਜੀਆਂ ਤੇ ਲੋਕਾਂ ਨੂੰ ਹੌਂਸਲਾ ਦੇ ਰਹੀ ਸੀ । ਅਗਲੇ ਦਿਨ ਉਹਨਾਂ ਦਾ ਸਸਕਾਰ ਕਰ ਦਿੱਤਾ ਗਿਆ ਤੇ ਇਸ ਸਮੇਂ ਉੱਥੇ ਹਜ਼ਾਰਾਂ ਹੀ ਲੋਕ ਹਾਜ਼ਰ ਸਨ, ਜਿਹੜੇ ਕਿ ਸਮਾਜ ਦੇ ਹਰ ਖੇਤਰ ਨਾਲ ਸੰਬੰਧਿਤ ਸਨ, ਜਿਨ੍ਹਾਂ ਵਿੱਚ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਰਾਜਨੀਤਕ ਲੋਕ ਵੀ ਸਨ ।

ਡਾ. ਹਰਬੰਸ ਸਿੰਘ ਦੀ ਮੌਤ ਬਾਰੇ ਭਗਤ ਪੂਰਨ ਸਿੰਘ ਨੂੰ ਸੂਚਨਾ ਦੇ ਦਿੱਤੀ ਗਈ ਤੇ ਉਹਨਾਂ ਨੂੰ ਉਹਨਾਂ ਦੇ ਭੋਗ ਸਮਾਗਮ 'ਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ । ਉਹਨਾਂ ਨੂੰ ਇਸ ਗੱਲ ਦਾ ਬੜਾ ਪਛਤਾਵਾ ਹੋਇਆ ਕਿ ਉਹ ਉਹਨਾਂ ਨੂੰ ਉਸਦੇ ਜੀਵਨ ਕਾਲ 'ਚ ਨਹੀਂ ਮਿਲ ਸਕੇ। ਉਹਨਾਂ ਨੇ ਦੇਖਿਆ ਕਿ ਉਹਨਾਂ ਦੇ ਘਰ ਦਾ ਮਾਹੌਲ ਧਾਰਮਿਕ ਸੀ । ਘਰ ਦੇ ਅੰਦਰ ਬਹੁਤ ਸਾਰੇ ਲੋਕ ਸਨ। ਘਰ ਦਾ ਮਾਹੌਲ ਖੁੱਲ੍ਹਾ-ਡੁੱਲ੍ਹਾ ਤੇ ਪਿਆਰ ਨਾਲ ਭਰਪੂਰ ਸੀ । ਭਗਤ ਪੂਰਨ ਸਿੰਘ ਨੂੰ ਉਸ ਪਰਿਵਾਰ ਨਾਲ ਰਹਿ ਕੇ ਆਪਣੇ-ਪਨ ਦਾ ਪਿਆਰ ਭਰਿਆ ਅਹਿਸਾਸ ਹੋਇਆ । ਸੰਤ ਹਰਚੰਦ



ਸਿੰਘ ਲੌਂਗੋਵਾਲ, ਜੋ ਕਿ ਉਸ ਇਲਾਕੇ ਦੇ ਉੱਘੇ ਰਾਜਨੀਤਕ ਤੇ ਧਾਰਮਿਕ ਹਸਤੀ ਸਨ, ਉਹ ਵੀ ਭੋਗ ਸਮਾਗਮ 'ਤੇ ਆਏ ਤੇ ਉਹਨਾਂ ਨੇ ਸੰਗੀਤਕ ਲੈਅ ਨਾਲ ਕੁਝ ਸ਼ਬਦ ਵੀ ਪੜ੍ਹੇ । ਅੰਮ੍ਰਿਤਸਰ ਪਹੁੰਚ ਕੇ ਭਗਤ ਪੂਰਨ ਸਿੰਘ ਹੁਰਾਂ ਇੰਦਰਜੀਤ ਕੌਰ ਨੂੰ ਇਕ ਲੰਬੀ ਚਿੱਠੀ ਲਿਖੀ, ਜਿਸ 'ਚ ਉਹਨਾਂ ਨੇ ਆਪਣੇ ਵਿਚਾਰ ਦੱਸੇ ਕਿ ਕਿਵੇਂ ਉਹਨਾਂ ਨਾਲ ਉੱਥੇ ਪਿਤਾ ਵਰਗਾ ਵਿਹਾਰ ਕੀਤਾ ਗਿਆ ਸੀ ਤੇ ਉਹਨਾਂ ਨੂੰ ਹੌਂਸਲਾ ਦਿੱਤਾ ਕਿ ਅੱਗੇ ਤੋਂ ਉਹਨਾਂ ਨੂੰ ਹੀ ਉਹਨਾਂ ਦੇ ਘਰ ਦੇ ਮੁਖੀ ਵਾਂਗ ਸਮਝਿਆ ਜਾਵੇ ।

ਹੁਣ ਡਾ. ਇੰਦਰਜੀਤ ਕੌਰ ਨੇ ਬਹੁਤ ਸਾਰੇ ਫ਼ਰਜ਼ ਅਦਾ ਕਰਨੇ ਸਨ । ਉਸ ਨੂੰ ਹਸਪਤਾਲ ਦਾ ਕੰਮ ਵੀ ਦੇਖਣਾ ਪੈਣਾ ਸੀ, ਕਿਉਂਕਿ ਘਰ 'ਚ ਉਹ ਆਪਣੇ ਸਾਰੇ ਭੈਣ ਭਰਾਵਾਂ ਤੋਂ ਵੱਡੀ ਸੀ; ਇਸ ਲਈ ਘਰੇਲੂ ਕੰਮਾਂ ਪ੍ਰਤੀ ਵੀ ਜ਼ਿੰਮੇਵਾਰੀ ਨਿਭਾਉਣੀ ਪੈਣੀ ਸੀ । ਇਕੋ ਸਾਲ 'ਚ, ਉਸ ਵਾਸਤੇ ਇਹ ਤੀਸਰਾ ਸਦਮਾ ਸੀ । ਭਗਤ ਪੂਰਨ ਸਿੰਘ ਜੀ ਦਾ ਉਹਨਾਂ ਕੋਲ ਰਹਿਣਾ, ਦੁਖੀ ਪਰਿਵਾਰ ਨੂੰ ਹੌਂਸਲਾ ਦੇਣਾ ਤੇ ਭਵਿੱਖ ਵਿੱਚ ਵੀ ਉਸ ਪਰਿਵਾਰ ਦਾ ਹਿੱਸਾ ਬਣੇ ਰਹਿਣ ਦਾ ਵਾਅਦਾ ਕਰਨਾ, ਇਹਨਾਂ ਸਭ ਗੱਲਾਂ ਲਈ ਸਾਰਾ ਪਰਿਵਾਰ ਉਹਨਾਂ ਦਾ ਬਹੁਤ ਧੰਨਵਾਦੀ ਸੀ । ਦੂਸਰੇ ਪਾਸੇ, ਭਗਤ ਪੂਰਨ ਸਿੰਘ, ਉਸ ਘਰ ਦੇ ਮਾਹੌਲ ਤੋਂ ਬਹੁਤ ਪ੍ਰਭਾਵਿਤ ਹੋਏ, ਕਿਉਂਕਿ ਪਰਿਵਾਰ ਦੇ ਜ਼ਿਆਦਾਤਰ ਜੀਅ ਦਿਨ ਦਾ ਜ਼ਿਆਦਾ ਸਮਾਂ ਪ੍ਰਭੂ-ਭਗਤੀ 'ਚ ਹੀ ਬਤੀਤ ਕਰਦੇ ਸਨ ।

ਉਸ ਸਮੇਂ, ਡਾ. ਇੰਦਰਜੀਤ ਕੌਰ ਦੀਆਂ ਤਿੰਨ ਛੋਟੀਆਂ ਭੈਣਾਂ ਆਪਣੀ ਉਚੇਰੀ ਪੜ੍ਹਾਈ ਕਰਨ ਲਈ ਕਾਲਜ 'ਚ ਪੜ੍ਹਦੀਆਂ ਸਨ ਤੇ ਹੋਸਟਲ 'ਚ ਰਹਿੰਦੀਆਂ ਸਨ । ਛੋਟਾ ਭਰਾ ਤੇ ਛੋਟੀ ਭੈਣ ਹਾਈ ਸਕੂਲ ਦੇ ਵਿਦਿਆਰਥੀ ਸਨ । ਹਸਪਤਾਲ 'ਚ, ਮਰੀਜ਼ਾਂ ਦੀ ਬਹੁਤ ਭੀੜ ਰਹਿੰਦੀ ਸੀ ਤੇ ਹਸਪਤਾਲ 'ਚ ਦਾਖ਼ਲ ਮਰੀਜ਼ਾਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਸੀ, ਇਸ ਲਈ ਹਸਪਤਾਲ ਨੂੰ ਵਿਸਥਾਰ ਦੇਣ ਦੀ ਜ਼ਰੂਰਤ ਸੀ ।

ਗੁਰਦੀਪ ਸਿੰਘ ਦਾ ਵਿਆਹ 1976 'ਚ ਹੋਣਾ ਨਿਯਤ ਹੋਇਆ ਸੀ । ਵਿਆਹ ਦੇ ਸਮਾਰੋਹ 'ਚ ਬਹੁਤ ਸਾਰੇ ਲੋਕ ਆਏ । ਇਹ ਬਹੁਤ ਹੀ ਆਨੰਦਮਈ ਮੌਕਾ ਸੀ । ਔਰਤਾਂ ਨੇ ਵਿਆਹ ਸੰਬੰਧੀ ਬਹੁਤ ਗੀਤ ਗਾਏ । ਗਾਉਣ ਤੇ ਨੱਚਣ ਦੇ ਸਮਾਰੋਹ ਸ਼ਾਮ ਦੇ ਵੇਲੇ ਲੱਗਭਗ ਹਫ਼ਤਾ ਭਰ ਚੱਲਦੇ ਰਹੇ । ਕਈ ਵਾਰੀ ਡਾ. ਇੰਦਰਜੀਤ ਕੌਰ, ਆਪਣੀ ਦਾਦੀ ਨੂੰ ਯਾਦ

ਕਰਦਿਆਂ ਉਦਾਸ ਹੋ ਜਾਂਦੀ, ਕਿਉਂਕਿ ਉਹਨਾਂ ਦੀ ਦਾਦੀ ਨੂੰ ਗੁਰਦੀਪ ਸਿੰਘ ਦੀ ਵਹੁਟੀ ਦੇਖਣ ਦਾ ਬੜਾ ਹੀ ਚਾਅ ਸੀ, ਉਹ ਅਕਸਰ ਹੀ ਕਹਿੰਦੀ, "ਗੁਰਦੀਪ, ਮੈਂ ਤੇਰੀ ਵਹੁਟੀ ਦੇਖ ਕੇ ਹੀ ਮਰਾਂਗੀ ।"

ਬਡਰੁੱਖਾਂ ਪਿੰਡ ਦਾ ਇਕ ਆਦਮੀ, ਜਿਸਦਾ ਨਾਮ ਧਰਮ ਸਿੰਘ ਸੀ, ਉਹ ਉਹਨਾਂ ਦੇ ਪਿਤਾ ਜੀ ਦਾ ਜਾਣਕਾਰ ਸੀ । ਉਹ ਇਕ ਅਨਾਥ ਸੀ ਤੇ ਉਸਦੀ ਪਾਲਣਾ-ਪੋਸ਼ਣਾ, ਇਕ ਅਨਾਥ-ਘਰ 'ਚ ਹੋਈ ਸੀ । ਹੁਣ ਉਸਨੂੰ ਅਲਜ਼ਾਈਮਰ ਨਾਮ ਦੀ ਬਿਮਾਰੀ ਹੋ ਗਈ ਸੀ ਤੇ ਉਹ ਗੁਰਦੁਆਰੇ 'ਚ ਰਹਿੰਦਾ ਸੀ । ਉਸਦੀ ਦੇਖ-ਭਾਲ ਕਰਨ ਵਾਲਾ ਕੋਈ ਨਹੀਂ ਸੀ, ਕਿਉਂਕਿ ਉਹ ਕੁਆਰਾ ਸੀ । ਉਹ ਬਿਮਾਰੀ ਕਰਕੇ, ਕਮਜ਼ੋਰ ਹੋ ਗਿਆ ਸੀ । ਕਿਸੇ ਤਰ੍ਹਾਂ, ਉਹ ਉਹਨਾਂ ਦੇ ਘਰ ਆ ਗਿਆ । ਡਾ. ਇੰਦਰਜੀਤ ਕੌਰ ਨੇ ਉਸਦੀ ਹਾਲਤ ਦੇਖ ਕੇ ਮਹਿਸੂਸ ਕੀਤਾ ਕਿ ਉਸਦਾ ਲੰਬੇ ਸਮੇਂ ਤਕ ਡਾਕਟਰੀ ਇਲਾਜ ਤੇ ਚੰਗੀ ਦੇਖ-ਭਾਲ ਹੋਣੀ ਚਾਹੀਦੀ ਹੈ । ਉਹ ਉਹਨਾਂ ਦੇ ਘਰ 'ਚ ਲੱਗਭਗ ਡੇਢ ਮਹੀਨਾ ਰਿਹਾ । ਸਾਰੇ ਪਰਿਵਾਰ ਨੇ ਉਸਦੇ ਰਾਜ਼ੀ ਹੋਣ ਲਈ ਬੜੀ ਸੇਵਾ ਕੀਤੀ, ਪਰ ਉਹ ਬਚ ਨਹੀਂ ਸਕਿਆ । ਇਸ ਕਰਕੇ ਡਾ. ਇੰਦਰਜੀਤ ਨੂੰ ਉਸਦੀ ਮੌਤ ਨੇ ਬਹੁਤ ਉਦਾਸ ਕਰ ਦਿੱਤਾ ।

ਹਸਪਤਾਲ 'ਚ ਇਕ ਨਰਸ ਕੰਮ ਕਰਦੀ ਸੀ, ਜਿਸਦਾ ਨਾਮ ਚੰਦਰਕਾਂਤਾ ਸੀ । ਉਹ ਸਮਰਪਣ ਭਾਵਨਾ ਨਾਲ ਕੰਮ ਕਰਦੀ ਸੀ ਤੇ ਹਮੇਸ਼ਾਂ ਹੀ ਕਿਸੇ ਨਾ ਕਿਸੇ ਕੰਮ 'ਚ ਲੱਗੀ ਰਹਿੰਦੀ ਸੀ । ਲੰਮੇ ਸਮੇਂ ਤੋਂ ਨੌਕਰੀ ਕਰਨ ਕਰਕੇ, ਉਸਨੂੰ ਕਾਫ਼ੀ ਤਜਰਬਾ ਹੋ ਗਿਆ ਸੀ । ਡਾ. ਇੰਦਰਜੀਤ ਕੌਰ ਦੀ ਗ਼ੈਰ ਹਾਜ਼ਰੀ 'ਚ, ਉਹ ਮਰੀਜ਼ਾਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇਣ ਦੇ ਸਮੱਰਥ ਸੀ । ਉਹ ਡਾ. ਇੰਦਰਜੀਤ ਦੇ ਕੰਮ 'ਚ ਬਹੁਤ ਸਹਾਇਤਾ ਕਰਦੀ ਸੀ । ਉਸਦੀ ਇਕ ਬੇਟੀ ਸੀ, ਜੋ ਬੜੀ ਹੀ ਹੁਸ਼ਿਆਰ ਸੀ । ਚੰਦਰਕਾਂਤਾ ਦੇ ਨਾਲ, ਉਸਦੇ ਇਕ ਭਤੀਜੀ ਤੇ ਭਤੀਜਾ ਵੀ ਰਹਿ ਰਹੇ ਸਨ । ਚੰਦਰਕਾਂਤਾ ਬੋਰੀਆ ਭਾਈਚਾਰੇ ਨਾਲ ਸੰਬੰਧ ਰੱਖਦੀ ਸੀ ਤੇ ਉਸਦਾ ਪਤੀ ਸੁਨਆਰੇ ਭਾਈਚਾਰੇ ਵਿੱਚੋਂ ਸੀ ਅਤੇ ਉਹ ਯੋਗਤਾ ਪ੍ਰਾਪਤ ਕਾਮਾ ਨਹੀਂ ਸੀ, ਇਸ ਕਰਕੇ ਉਹ ਸਮੇਂ-ਸਮੇਂ 'ਤੇ ਆਪਣਾ ਕੰਮ ਬਦਲਦਾ ਰਹਿੰਦਾ ਸੀ ।

ਸੰਨ 1975 'ਚ ਸਾਰੇ ਭਾਰਤ 'ਚ ਐਮਰਜੈਂਸੀ ਲਾਗੂ ਕਰ ਦਿੱਤੀ ਗਈ । ਉਦੋਂ ਹੀ ਪਟਿਆਲੇ ਦੀ D.I.G. ਦੀ ਰਿਹਾਇਸ਼ 'ਤੇ ਚੋਰੀ ਹੋ ਗਈ । ਇਸ ਅਪਰਾਧ ਦਾ ਸ਼ੱਕ ਚੰਦਰਕਾਂਤਾ ਦੇ ਪਤੀ 'ਤੇ ਜਾਂਦਾ ਸੀ ।



ਪੁਲੀਸ ਨੇ ਉਸਨੂੰ ਹਿਰਾਸਤ 'ਚ ਲੈ ਲਿਆ ਤੇ ਫੇਰ ਉਹਨਾਂ ਨੇ ਚੰਦਰਕਾਂਤਾ ਤੇ ਉਸਦੀ ਬੇਟੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ । ਉਸ ਰਾਤ ਐਮਰਜੈਂਸੀ 'ਚ ਆਏ ਦੋ ਮਰੀਜ਼ਾਂ ਕਰਕੇ ਡਾ. ਇੰਦਰਜੀਤ ਕੌਰ ਸੌਂ ਨਾ ਸਕੀ । ਉਹ ਸਵੇਰ-ਸਾਰ ਹਾਲੀ ਆਪਣੇ ਕਮਰੇ 'ਚ ਦਾਖ਼ਲ ਹੋ ਕੇ ਸੌਣ ਹੀ ਲੱਗੀ ਸੀ ਕਿ ਕਿਸੇ ਨੇ ਉਸਦਾ ਦਰਵਾਜਾ ਖੜਕਾਇਆ ਤੇ ਉਸਨੂੰ ਚੰਦਰਕਾਂਤਾ ਤੇ ਉਸਦੀ ਬੇਟੀ ਦੀ ਗ੍ਰਿਫ਼ਤਾਰੀ ਬਾਰੇ ਸੂਚਿਤ ਕੀਤਾ । ਡਾ. ਇੰਦਰਜੀਤ ਕੌਰ ਨੂੰ ਇਹ ਸੁਣ ਕੇ ਬੜਾ ਧੱਕਾ ਲੱਗਾ ਤੇ ਉਹ ਚੰਦਰਕਾਂਤਾ ਤੇ ਉਸਦੀ ਬੇਟੀ ਦੇ ਕਸੂਰ ਬਾਰੇ ਸੋਚਣ ਲੱਗੀ । ਉਹ ਉਸੇ ਵੇਲੇ ਤਿਆਰ ਹੋਈ ਤੇ ਟੈਕਸੀ ਬੁਲਾ ਕੇ, ਬਿਨਾਂ ਸਮਾਂ ਬਰਬਾਦ ਕੀਤਿਆਂ, ਉਹ ਪਟਿਆਲੇ ਨੂੰ ਚੱਲ ਪਈ ।

ਸਾਢੇ ਨੌਂ ਵਜੇ, ਉਹ ਪਟਿਆਲੇ ਪਹੁੰਚ ਗਈ ਤੇ ਪਟਿਆਲੇ ਦੇ S.S.P. ਦੇ ਦਫ਼ਤਰ 'ਚ ਉਸਨੂੰ ਗੰਨਮੈਨ ਨੇ ਦੱਸਿਆ ਕਿ ਸਾਹਿਬ ਲਗਭਗ ਗਿਆਰਾਂ ਵਜੇ ਦਫ਼ਤਰ ਆਉਣਗੇ, ਤੇ ਜੇ ਉਸਨੂੰ ਕੋਈ ਖ਼ਾਸ ਕੰਮ ਹੈ ਤਾਂ, ਉਹ ਉਹਨਾਂ ਨੂੰ ਉਹਨਾਂ ਦੀ ਰਿਹਾਇਸ਼ 'ਤੇ ਮਿਲ ਸਕਦੀ ਹੈ । ਸੋ, ਉਹ ਉਹਨਾਂ ਦੀ ਰਿਹਾਇਸ਼ 'ਤੇ ਚਲੇ ਗਈ ਤੇ ਆਪਣਾ ਕਾਰਡ ਅੰਦਰ ਭੇਜ ਦਿੱਤਾ । ਉਹਨਾਂ ਨੂੰ ਦਫ਼ਤਰ 'ਚ ਬੈਠਣ ਲਈ ਕਿਹਾ ਗਿਆ । ਕੁਝ ਮਿੰਟਾਂ ਬਾਅਦ, S.S.P. ਉੱਥੇ ਆ ਗਏ । ਉਹਨਾਂ ਨੇ ਸਾਰੀ ਗੱਲ S.S.P. ਨੂੰ ਦੱਸੀ । ਉਸਨੇ ਇਸ ਗੱਲ ਤੋਂ ਆਪਣੀ ਅਨਜਾਣਤਾ ਪ੍ਰਗਟਾਈ ਤੇ ਚੰਦਰਕਾਂਤਾ ਤੇ ਉਸਦੀ ਬੇਟੀ ਦੀ ਗ੍ਰਿਫ਼ਤਾਰੀ ਲਈ ਅਫ਼ਸੋਸ ਜ਼ਾਹਰ ਕੀਤਾ । ਉਹਨਾਂ ਨੇ ਤਿੰਨ ਚਾਰ ਥਾਵਾਂ 'ਤੇ ਫ਼ੋਨ ਕੀਤਾ ਤੇ ਪਤਾ ਲਾ ਲਿਆ ਕਿ ਉਹ ਦੋਵੇਂ ਕਿੱਥੇ ਹਨ । ਉਹਨਾਂ ਡਾ. ਇੰਦਰਜੀਤ ਕੌਰ ਨੂੰ ਕੁਝ ਚਿਰ ਉੱਥੇ ਠਹਿਰਨ ਲਈ ਤੇ ਉਹਨਾਂ ਦੋਵਾਂ ਨੂੰ ਆਪਣੇ ਨਾਲ ਹੀ ਲਿਜਾਣ ਵਾਸਤੇ ਕਿਹਾ । ਉਹਨਾਂ ਨੇ ਚੰਦਰਕਾਂਤਾ ਦੇ ਪਤੀ ਦੀ ਨਿਰਪੱਖ ਜਾਂਚ ਕਰਾਉਣ ਦਾ ਯਕੀਨ ਦਿਵਾਇਆ । ਲਗਭਗ ਅੱਧੇ ਘੰਟੇ ਬਾਅਦ, ਇਕ ਪੁਲਿਸ-ਅਫ਼ਸਰ ਦੋਹਾਂ ਮਾਂ-ਬੇਟੀ ਨੂੰ ਉੱਥੇ ਲੈ ਆਇਆ । ਉਸਨੇ S.S.P. ਦਾ ਧੰਨਵਾਦ ਕੀਤਾ । ਉਸਨੂੰ ਪੁਲਿਸ ਅਫ਼ਸਰ ਦੇ ਵਿਹਾਰ ਤੋਂ ਖ਼ੁਸ਼ੀ ਹੋਈ ਤੇ ਉਸਨੇ ਮਹਿਸੂਸ ਕੀਤਾ ਕਿ ਪੁਲੀਸ ਨੂੰ ਬਿਹਤਰ ਟ੍ਰੇਨਿੰਗ ਦੀ ਜ਼ਰੂਰਤ ਹੈ । ਜਦੋਂ ਉਹ ਉਹਨਾਂ ਨੂੰ ਸੰਗਰੂਰ ਵਾਪਸ ਲੈ ਕੇ ਜਾ ਰਹੀ ਸੀ ਤਾਂ ਉਸਨੂੰ ਨੀਂਦ ਆ ਗਈ,ਕਿਉਂਕਿ ਉਹ ਸਾਰੀ ਰਾਤ ਨਹੀਂ ਸੀ ਸੁੱਤੀ ।

ਉਸਨੇ ਹਸਪਤਾਲ ਦੀ ਇਮਾਰਤ ਨੂੰ ਹੋਰ ਵਧਾ ਲਿਆ—ਸਮਾਂ

ਬਚਾਉਣ ਵਾਸਤੇ ਅਤੇ ਬਿਮਾਰੀਆਂ ਨੂੰ ਹੋਰ ਠੀਕ ਤਰ੍ਹਾਂ ਪਰਖਣ ਲਈ, ਹਸਪਤਾਲ 'ਚ ਹੀ ਕੁਝ ਹੋਰ Diagnostic machines (ਨਿਦਾਨਕਾਰੀ ਮਸ਼ੀਨਾਂ) ਰੱਖ ਲਈਆਂ । ਘਰ ਦਾ ਮਾਹੌਲ ਆਮ ਵਾਂਗ ਹੀ ਸੀ । ਪਰ ਜਦੋਂ ਕਦੀ ਵੀ ਉਹ ਵਿਹਲੀ ਤੇ ਇਕੱਲੀ ਹੁੰਦੀ ਉਹ ਆਪਣੀ ਦਾਦੀ ਤੇ ਪਿਤਾ ਜੀ ਬਾਰੇ ਸੋਚਣ ਲੱਗ ਪੈਂਦੀ । ਉਸਦੀ ਦਾਦੀ ਇਕ ਦਿਆਲੂ ਔਰਤ ਸੀ ਤੇ ਉਸਦੇ ਦਿਲ ਵਿੱਚ ਹਰ ਕਿਸੇ ਲਈ ਤੇ ਸਮਾਜ ਲਈ ਚੰਗੇ ਭਾਵ ਸਨ । ਉਸਦੇ ਪਿਤਾ ਜੀ ਦਾ ਵੀ ਆਪਣੀ ਜ਼ਿੰਦਗੀ 'ਚ ਵੱਡਾ ਉਦੇਸ਼ ਸੀ ਤੇ ਉਹ ਹਮੇਸ਼ਾਂ ਮਨੁੱਖਤਾ ਦੀ ਭਲਾਈ ਲਈ ਫ਼ਿਕਰਮੰਦ ਰਹਿੰਦੇ ਸਨ। ਉਹਨਾਂ ਕੋਲ ਸਮਾਜ ਭਲਾਈ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਸਨ । ਉਹਨਾਂ ਦੀ 66 ਵਰ੍ਹਿਆਂ ਦੀ ਉਮਰ 'ਚ ਹੀ ਮੌਤ ਹੋ ਜਾਣ ਨਾਲ ਪਰਿਵਾਰ ਨੂੰ ਅਤੇ ਇਲਾਕੇ ਦੇ ਲੋਕਾਂ ਨੂੰ ਬਹੁਤ ਵੱਡਾ ਘਾਟਾ ਪਿਆ ।

ਆਪਣਾ ਜੱਦੀ ਪ੍ਰਮਾਣ-ਪੱਤਰ ਪ੍ਰਾਪਤ ਕਰਨ ਲਈ, ਉਸਦੇ ਪਿਤਾ ਜੀ ਨੂੰ ਕੁਝ ਰਸਮੀ ਕਾਰਵਾਈਆਂ ਕਰਨੀਆਂ ਪੈਣੀਆਂ ਸਨ। ਉਹ ਆਪਣੇ ਸੁਭਾਅ ਅਨੁਸਾਰ ਫ਼ਜ਼ੂਲ ਖ਼ਰਚ ਸਨ ਤੇ ਉਹਨਾਂ ਨੂੰ ਬਚਤ ਕਰਨ ਦੀ ਆਦਤ ਨਹੀਂ ਸੀ। ਉਹਨਾਂ ਦੇ ਬੈਂਕ ਖ਼ਾਤੇ ਵਿੱਚ ਸਿਰਫ਼ 3000 ਰੁਪਏ ਹੀ ਸਨ ਤੇ ਰਾਸ਼ਟਰੀ ਬਚਤ ਪ੍ਰਮਾਣ-ਪੱਤਰਾਂ 'ਚ 17000 ਰੁਪਏ ਸਨ । ਕੁਝ ਰਸਮੀ ਕਾਰਵਾਈਆਂ ਪੂਰੀਆਂ ਕਰਨ ਲਈ ਉਹਨਾਂ ਦਾ ਉਤਰਾਧਿਕਾਰੀ ਪ੍ਰਮਾਣ-ਪੱਤਰ ਲੋੜੀਂਦਾ ਸੀ। ਇਹ ਕੰਮ ਬੜਾ ਲੰਬਾ ਸੀ ਤੇ ਇਹ ਪ੍ਰਮਾਣ-ਪੱਤਰ ਪ੍ਰਾਪਤ ਕਰਨ 'ਚ ਅੱਠ ਮਹੀਨੇ ਦਾ ਸਮਾਂ ਲੱਗ ਗਿਆ ।

ਇੰਦਰਜੀਤ ਦੀ ਛੋਟੀ ਭੈਣ ਰੁਪਿੰਦਰਜੀਤ ਨੇ B.Sc. ਕਰਨ ਤੋਂ ਬਾਅਦ B.Ed. ਕਰ ਲਈ ਸੀ ਤੇ ਉਸਨੂੰ ਸਰਕਾਰੀ ਨੌਕਰੀ ਮਿਲ ਗਈ ਸੀ। ਉਸਦੀ ਤੀਸਰੀ ਭੈਣ ਪ੍ਰੀਤ ਇੰਦਰਜੀਤ ਕੌਰ ਬੜੀ ਮਿਹਨਤੀ ਤੇ ਪੜ੍ਹਨ 'ਚ ਬੜੀ ਹੁਸ਼ਿਆਰ ਸੀ । ਉਸਨੇ B.Sc. ਤੋਂ ਬਾਅਦ L.L.B. ਕਰ ਲਈ ਸੀ । ਇਕ ਉਸਦੀ ਹੋਰ ਭੈਣ, ਪ੍ਰੀਤਮ ਪਾਲ ਕੌਰ ਨੇ M.B.B.S. ਦੀ ਪੜ੍ਹਾਈ ਪੂਰੀ ਕਰ ਲਈ ਸੀ ਤੇ ਇਸੇ ਤਰ੍ਹਾਂ ਉਸਦੀ ਸਭ ਤੋਂ ਛੋਟੀ ਭੈਣ ਤੇ ਇਕ ਭਰਾ ਹਾਲੀ ਕਾਲਜ 'ਚ ਪੜ੍ਹ ਰਹੇ ਸਨ । ਡਾ. ਇੰਦਰਜੀਤ ਕੌਰ ਨੂੰ ਆਪਣੇ ਭਰਾ ਤੇ ਭੈਣਾਂ ਨੂੰ ਪੜ੍ਹਾਉਣ 'ਚ ਬਹੁਤ ਦਿਲਚਸਪੀ ਸੀ, ਤਾਂ ਕਿ ਉਹ ਆਪਣੀਆਂ ਯੋਗਤਾਵਾਂ ਅਨੁਸਾਰ ਜੀਵਨ 'ਚ ਬੁਲੰਦੀਆਂ ਨੂੰ ਛੂਹਣ । ਜਦੋਂ ਕਦੀ ਵੀ ਉਹ ਵਿਹਲੀ ਹੁੰਦੀ ਤਾਂ ਉਹ ਉਹਨਾਂ ਦੀ ਪੜ੍ਹਾਈ ਬਾਰੇ ਤੇ ਉਹਨਾਂ ਦੇ ਭਵਿੱਖ ਦੇ



ਇਰਾਦਿਆਂ ਬਾਰੇ ਪੁੱਛਦੀ ਰਹਿੰਦੀ । ਪਰ ਉਹ ਇਹ ਵੀ ਚਾਹੁੰਦੀ ਸੀ ਕਿ ਉਹਨਾਂ ਨੂੰ ਸੰਸਾਰ ਦੇ ਖ਼ਾਸ ਕਰਕੇ ਭਾਰਤ ਦੇ ਆਰਥਿਕ ਤੇ ਸਮਾਜਿਕ ਜੀਵਨ ਬਾਰੇ ਪਤਾ ਹੋਵੇ—ਤੇ ਇਸ ਕੰਮ ਲਈ ਉਹਨਾਂ ਨੂੰ ਸਿਲੇਬਸ ਦੀਆਂ ਕਿਤਾਬਾਂ ਤੋਂ ਇਲਾਵਾ ਹੋਰ ਜ਼ਿਆਦਾ ਅਧਿਐਨ ਕਰਨਾ ਚਾਹੀਦਾ ਹੈ ।

ਉਸਦੇ ਛੋਟੇ ਭਰਾ ਮਨਦੀਪ ਨੂੰ ਪਰਿਵਾਰ ਦੇ ਸਾਰੇ ਜੀਅ ਹੀ ਬਹੁਤ ਪਿਆਰ ਕਰਦੇ ਸਨ । ਭਾਵੇਂ ਉਸਦੇ ਪਿਤਾ ਜੀ ਕੰਮ 'ਚ ਰੁੱਝੇ ਰਹਿੰਦੇ ਸਨ ਤੇ ਉਸਦੀ ਪੜ੍ਹਾਈ ਵੱਲ ਧਿਆਨ ਨਹੀਂ ਸਨ ਦੇ ਸਕੇ; ਪਰ ਡਾ. ਇੰਦਰਜੀਤ ਕੌਰ ਉਸਦੀ ਪੜ੍ਹਾਈ ਬਾਰੇ ਬਹੁਤ ਸੁਚੇਤ ਸੀ । ਇਸ ਲਈ ਉਸਨੂੰ M.B.B.S. 'ਚ ਦਾਖ਼ਲਾ ਮਿਲ ਗਿਆ ।

ਉਸ ਦੀ ਸਭ ਤੋਂ ਛੋਟੀ ਭੈਣ ਅੰਮ੍ਰਿਤਪਾਲ ਕੌਰ ਨੇ B.Ed. ਪਾਸ ਕਰ ਲਈ ਸੀ ਤੇ ਉਸਨੂੰ ਕੇਂਦਰੀ ਸਰਕਾਰ ਦੀ ਨੌਕਰੀ ਮਿਲ ਗਈ ਸੀ ਅਤੇ ਉਹ ਗੋਬਿੰਦ ਸਿੰਘ ਲੌਂਗੋਵਾਲ ਨਾਲ ਵਿਆਹੀ ਗਈ, ਜਿਹੜੇ ਕਿ ਇਕ ਰਾਜਨੀਤਕ ਨੇਤਾ ਸਨ ਤੇ ਬਾਅਦ ਵਿੱਚ ਉਹ ਦੋ ਵਾਰੀ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਤੇ ਅਕਾਲੀ ਮੰਤਰੀ-ਮੰਡਲ ਵਿੱਚ ਸੰਨ 1997 ਤੋਂ ਸੰਨ 2002 ਤਕ ਮੰਤਰੀ ਵੀ ਰਹੇ ।

ਕੁਝ ਦਿਨਾਂ ਬਾਅਦ, ਕੁਝ ਲੋਕ ਡਾ. ਇੰਦਰਜੀਤ ਕੋਲ ਇਹ ਸਲਾਹ ਦੇਣ ਆਏ ਕਿ ਉਸਨੂੰ ਨਰਸ ਚੰਦਰਕਾਂਤਾ ਨੂੰ ਨੌਕਰੀ ਤੋਂ ਕੱਢ ਦੇਣਾ ਚਾਹੀਦਾ ਹੈ, ਕਿਉਂਕਿ ਉਸਦਾ ਪਤੀ ਕਈ ਦੋਸ਼ਾਂ 'ਚ ਵੱਖ-ਵੱਖ ਤਰ੍ਹਾਂ ਦੇ ਜੁਰਮਾਂ ਨਾਲ ਸੰਬੰਧਿਤ ਹੈ । ਇੰਦਰਜੀਤ ਕੌਰ ਨੇ ਆਉਣ ਵਾਲੇ ਪ੍ਰਤੀਨਿਧਾਂ ਦਾ ਮੁਸਕਰਾਉਂਦਿਆਂ ਹੋਇਆਂ ਸੁਆਗਤ ਕੀਤਾ ਤੇ ਉਹਨਾਂ ਨੂੰ ਬੜਾ ਚਿਰ ਸਮਝਾਉਂਦੀ ਰਹੀ ਕਿ ਚੰਦਰਕਾਂਤਾ ਦਾ ਕੋਈ ਕਸੂਰ ਨਹੀਂ ਹੈ । ਉਹ ਤਾਂ ਬਹੁਤ ਮਿਹਨਤੀ ਤੇ ਨਰਮ ਦਿਲ ਵਾਲੀ ਔਰਤ ਹੈ । ਜੇ ਉਸਦੇ ਪਤੀ ਦੀ ਕੋਈ ਗ਼ਲਤੀ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਚੰਦਰਕਾਂਤਾ ਨੂੰ ਸਜ਼ਾ ਮਿਲੇ । ਫੇਰ ਅਖ਼ੀਰ 'ਚ, ਡਾ. ਇੰਦਰਜੀਤ ਕੌਰ ਨੇ ਉਹਨਾਂ ਨੂੰ ਇਕ ਕਹਾਣੀ ਸੁਣਾਈ ਜੋ ਉਹਨਾਂ ਵਿਦਿਆਰਥੀ ਜੀਵਨ 'ਚ ਸੁਣੀ ਸੀ । ਇਹ ਈਸਾ ਮਸੀਹ ਦੇ ਸੰਬੰਧ 'ਚ ਸੀ । ਕਹਾਣੀ ਇਸ ਤਰ੍ਹਾਂ ਸੀ ਕਿ ਇਕ ਵਾਰੀ ਈਸਾ ਮਸੀਹ ਇਕ ਪਿੰਡ ਵਿੱਚੋਂ ਲੰਘ ਰਹੇ ਸਨ ਤੇ ਕੁਝ ਲੋਕ ਉਹਨਾਂ ਕੋਲ ਇਕ ਔਰਤ ਨੂੰ ਇਸ ਅਧਾਰ 'ਤੇ ਲੈ ਕੇ ਆ ਗਏ ਕਿ ਉਸਦਾ ਚਾਲ-ਚਲਣ ਭੈੜਾ ਹੈ ਤੇ ਇਲਾਕੇ ਦੀਆਂ ਪਰੰਪਰਾਵਾਂ ਅਨੁਸਾਰ ਇਸ ਔਰਤ ਨੂੰ ਪੱਥਰ

ਮਾਰ-ਮਾਰ ਕੇ ਮੌਤ ਦਾ ਦੰਡ ਦਿੱਤਾ ਜਾਵੇ । ਹਰ ਕਿਸੇ ਨੇ ਆਪਣੇ ਹੱਥ 'ਚ ਇਕ-ਇਕ ਪੱਥਰ ਫੜਿਆ ਹੋਇਆ ਸੀ । ਪਰ ਈਸਾ ਮਸੀਹ ਲੋਕਾਂ ਨੂੰ ਇਹ ਸਮਝਾਉਂਦੇ ਰਹੇ ਕਿ ਹਰ ਇਨਸਾਨ ਆਪਣੀ ਜ਼ਿੰਦਗੀ 'ਚ ਇਕ-ਦੋ ਗੁਨਾਹ ਤਾਂ ਕਰ ਹੀ ਲੈਂਦਾ ਹੈ, ਇਸ ਕਰਕੇ ਉਸਨੂੰ ਇਹ ਸਜ਼ਾ ਨਹੀਂ ਦੇਣੀ ਚਾਹੀਦੀ । ਪਰ ਜਦੋਂ ਲੋਕ ਉਸ ਔਰਤ ਨੂੰ ਸਜ਼ਾ ਦੇਣ ਲਈ ਦ੍ਰਿੜ੍ਹ ਸਨ ਤਾਂ ਈਸਾ ਮਸੀਹ ਨੇ ਲੋਕਾਂ ਨੂੰ ਕਿਹਾ ਕਿ ਉਹ ਕੁਝ ਚਿਰ ਲਈ ਸੋਚਣ ਤੇ ਸਿਰਫ਼ ਉਹੋ ਆਦਮੀ ਹੀ ਉਸ ਔਰਤ ਨੂੰ ਪੱਥਰ ਮਾਰਨ ਜਿਸ ਨੇ ਆਪਣੀ ਜ਼ਿੰਦਗੀ 'ਚ ਹੋਈ ਗੁਨਾਹ ਨਹੀਂ ਕੀਤਾ । ਹਰ ਕਿਸੇ ਨੇ ਚੁੱਪ ਹੋ ਕੇ ਕੁਝ ਚਿਰ ਲਈ ਸੋਚਿਆ ਤੇ ਫੇਰ ਸਾਰੇ ਲੋਕ ਉੱਥੋਂ ਇਕ-ਇਕ ਕਰਕੇ ਚਲੇ ਗਏ ।

ਉਸਨੇ ਉਹਨਾਂ ਨੂੰ ਨਿਮਰਤਾ-ਪੂਰਵਕ ਦੱਸਿਆ ਕਿ ਇਹ ਉਸ ਔਰਤ ਦਾ ਜ਼ੁਰਮ ਨਹੀਂ ਹੈ ਕਿ ਉਹ ਗਰੀਬ ਘਰ 'ਚ ਪੈਦਾ ਹੋਈ ਤੇ ਉਸ ਆਦਮੀ ਨਾਲ ਵਿਆਹੀ ਗਈ । ਉਸ ਔਰਤ 'ਚ, ਇਕ ਨੇਕ ਔਰਤ ਦੇ ਸਾਰੇ ਗੁਣ ਮੌਜੂਦ ਹਨ। ਇਸ ਲਈ ਉਸਨੇ ਸਲਾਹ ਦਿੱਤੀ ਕਿ ਭਾਵੇਂ ਉਸ ਦੇ ਪਤੀ ਨੇ ਕੋਈ ਜ਼ੁਰਮ ਕੀਤਾ ਹੈ ਤਾਂ ਵੀ ਉਹ ਉਸਦੀ ਪਤਨੀ ਨੂੰ ਸਜ਼ਾ ਨਹੀਂ ਦੇ ਸਕਦੇ । ਉਹ ਸਾਰੇ ਪ੍ਰਤੀਨਿਧ ਡਾ. ਇੰਦਰਜੀਤ ਕੌਰ ਦੇ ਦ੍ਰਿੜ੍ਹ ਇਰਾਦੇ ਤੋਂ ਜਾਣੂ ਸਨ, ਤੇ ਉਹ ਇਕ ਇਕ ਕਰਕੇ ਵਾਪਸ ਚਲੇ ਗਏ ।

ਡਾ. ਇੰਦਰਜੀਤ ਕੌਰ ਕਈ ਉਹਨਾਂ ਮਰੀਜ਼ਾਂ ਦੀ ਦੇਖਭਾਲ ਕਰ ਰਹੇ ਸਨ, ਜੋ ਆਪਣੀ ਮਰਜ਼ੀ ਨਾਲ ਹੀ ਦਵਾਈ ਖਾ ਰਹੇ ਸਨ ਤੇ ਅਗਿਆਨਤਾ ਵੱਸ ਉਹ ਆਪਣੇ ਆਪ ਬਣੇ ਅਧਿਆਤਮਕ ਲੋਕਾਂ ਕੋਲ ਇਲਾਜ ਲਈ ਜਾ ਰਹੇ ਸਨ ਤੇ ਉਹ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਗਏ ਸਨ । ਅਖ਼ੀਰ 'ਚ ਡਾ. ਇੰਦਰਜੀਤ ਕੋਲ ਹੀ ਉਹਨਾਂ ਨੂੰ ਆਉਣਾ ਪੈਂਦਾ ਸੀ । ਉਹਨਾਂ ਦੀ ਹਾਲਤ ਗ਼ਲਤ ਇਲਾਜ ਕਰਕੇ ਬੜੀ ਵਿਗੜੀ ਹੋਈ ਹੁੰਦੀ ਸੀ, ਪਰ ਇਸਦਾ ਅਸਲੀ ਕਾਰਨ ਗ਼ਰੀਬੀ ਤੇ ਅਗਿਆਨਤਾ ਸੀ, ਜੋ ਉਹਨਾਂ ਨੂੰ ਅਜਿਹੇ ਹਾਲਾਤਾਂ ਤਕ ਪਹੁੰਚਾ ਦਿੰਦੀ ਸੀ । ਉਸਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਕੁਝ ਸਰਕਾਰੀ ਡਾਕਟਰ ਵੀ ਆਪਣੀ ਡਿਊਟੀ ਤੋਂ ਵਿਹਲੇ ਹੋ ਕੇ ਆਪਣੀ ਨਿੱਜੀ ਪ੍ਰੈਕਟਿਸ ਕਰਦੇ ਸਨ ਤੇ ਆਪਣੇ ਫ਼ਰਜ਼ਾਂ ਤੋਂ ਕੁਤਾਹੀ ਕਰਦੇ ਸਨ ।

ਉਸਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਕੁਝ ਨੌਜਵਾਨ ਡਾਕਟਰ ਬੈਂਕਾਂ ਤੋਂ ਕਰਜ਼ਾ ਲੈ ਕੇ, ਰਾਤੋ ਰਾਤ ਅਮੀਰ ਹੋਣ ਵਾਸਤੇ, ਆਪਣੇ ਹਸਪਤਾਲ ਖੋਲ੍ਹ ਲੈਂਦੇ ਸਨ । ਇਸ ਦੌੜ 'ਚ ਜਦੋਂ ਉਹ ਆਪਣੇ ਹਸਪਤਾਲ ਦਾ ਕੰਮ



ਸ਼ੁਰੂ ਕਰਦੇ ਸਨ ਤਾਂ ਉਹ ਮਰੀਜ਼ਾਂ ਦਾ ਸੋਸ਼ਣ ਕਰਦੇ ਸਨ, ਕਿਉਂਕਿ ਇਹਨਾਂ ਡਾਕਟਰਾਂ ਨੇ ਆਪਣੇ ਕਰਜ਼ੇ ਤੇ ਵਿਆਜ ਦੀਆਂ ਵੱਡੀਆਂ ਕਿਸ਼ਤਾਂ ਬੈਂਕਾਂ ਨੂੰ ਮੋੜਨੀਆਂ ਹੁੰਦੀਆਂ ਸਨ ਅਤੇ ਹੋਰ ਸਟਾਫ਼ ਮੈਂਬਰਾਂ ਨੂੰ ਬੱਝੀਆਂ ਤਨਖ਼ਾਹਾਂ ਦੇਣੀਆਂ ਹੁੰਦੀਆਂ ਸਨ ਤੇ ਬਿਜਲੀ ਦੇ ਬਿਲ ਆਦਿ ਵੀ ਵਾਹਵਾ ਭਰਨੇ ਪੈਂਦੇ ਸਨ ।

ਉਹ ਸਾਧਾਰਣ ਆਦਮੀ ਦੀਆਂ ਸਮੱਸਿਆਵਾਂ ਬਾਰੇ ਸੋਚ ਕੇ ਉਦਾਸ ਹੋ ਜਾਂਦੀ ਸੀ । ਉਹਨਾਂ ਲਈ ਸਹੂਲਤਾਂ ਦੀ ਘਾਟ ਸੀ, ਮੁਫ਼ਤ ਦਵਾਈਆਂ ਜਾਂ ਬੀਮੇ ਦੀ ਸਹੂਲਤ ਦਾ ਕੋਈ ਪ੍ਰਬੰਧ ਨਹੀਂ ਸੀ । ਜੇ ਕਿਤੇ ਇਕ ਵਾਰੀ ਕਿਸੇ ਪਰਿਵਾਰ ਦੇ ਜੀਅ ਨਾਲ ਕੋਈ ਦੁਰਘਟਨਾ ਵਾਪਰ ਜਾਂਦੀ ਜਾਂ ਕਿਸੇ ਨੂੰ ਪੁਰਾਣੀ ਤੇ ਗੰਭੀਰ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਤਾਂ ਸਾਰਾ ਪਰਿਵਾਰ ਹੀ ਕਰਜ਼ਾਈ ਹੋ ਜਾਂਦਾ ਤੇ ਕਈ ਹੋਰ ਮੁਸੀਬਤਾਂ ਵੀ ਝੱਲਣੀਆਂ ਪੈਂਦੀਆਂ । ਕਈ ਵਾਰੀ ਉਹ ਮਜ਼ਦੂਰੀ ਕਰਦੇ ਬੱਚਿਆਂ ਦੀਆਂ ਤਕਲੀਫ਼ਾਂ ਅਤੇ ਗ਼ਰੀਬ ਔਰਤਾਂ, ਜਿਹਨਾਂ ਨੂੰ ਸਾਧਾਰਣ ਰਹਿਣ-ਸਹਿਣ ਲਈ ਵੀ ਬਹੁਤ ਮਿਹਨਤ ਕਰਨੀ ਪੈਂਦੀ ਸੀ, ਉਹਨਾਂ ਦੇ ਦੁਖਦਾਈ ਹਾਲਤਾਂ ਬਾਰੇ ਡੂੰਘਿਆਈ ਨਾਲ ਸੋਚਦੀ । ਇਹੋ ਜਿਹੀਆਂ ਸੋਚਾਂ ਉਸਨੂੰ ਉਦਾਸ ਕਰ ਦਿੰਦੀਆਂ ।

ਇਕ ਦਿਨ ਸ਼ਹਿਰ ਦੇ ਕੁਝ ਮੰਨੇ-ਪ੍ਰਮੰਨੇ ਲੋਕ ਉਸ ਕੋਲ ਆਏ ਤੇ ਉਸਨੂੰ ਕਹਿਣ ਲੱਗੇ ਕਿ ਉਹਨਾਂ ਨੂੰ ਉਸ ਵਰਗਾ ਨੇਤਾ ਚਾਹੀਦਾ ਹੈ ਅਤੇ ਫੇਰ ਉਹਨਾਂ ਨੇ ਉਸਨੂੰ ਗੁਰਦੁਆਰਾ ਸਿੰਘ ਸਭਾ ਦੀ ਕਮੇਟੀ ਦਾ ਨੇਤਾ ਬਣਨ ਲਈ ਜ਼ੋਰ ਦਿੱਤਾ, ਪਰ ਉਸਨੇ ਇਨਕਾਰ ਕਰ ਦਿੱਤਾ ।

# ਪਿੰਗਲਵਾੜੇ ਨੂੰ ਨੀਝ ਨਾਲ ਦੇਖਣਾ

ਇੰਦਰਜੀਤ ਕੌਰ, ਭਗਤ ਪੂਰਨ ਸਿੰਘ ਜੀ ਦੇ ਕੰਮ ਤੋਂ ਬਹੁਤ ਪ੍ਰਭਾਵਿਤ ਸੀ । ਉਹ ਉਹਨਾਂ ਨਾਲ ਪੱਤਰ-ਵਿਹਾਰ ਕਰਦੀ ਰਹਿੰਦੀ ਸੀ ਤੇ ਦੋ, ਤਿੰਨ ਵਾਰੀ ਪਿੰਗਲਵਾੜੇ ਤੋਂ ਹੋ ਆਈ ਸੀ । ਭਗਤ ਪੂਰਨ ਸਿੰਘ ਵੀ ਉਹਨਾਂ ਦੇ ਘਰ ਦੋ, ਤਿੰਨ ਵਾਰੀ ਰਹਿ ਆਏ ਸਨ । ਉਹ ਉਹਨਾਂ ਦੇ ਹਸਪਤਾਲ ਦੇ ਕੰਮ ਤੋਂ ਬਹੁਤ ਪ੍ਰਭਾਵਿਤ ਸਨ । ਇਕ ਵਾਰੀ ਇੰਦਰਜੀਤ ਕੌਰ, ਜਦੋਂ ਭਗਤ ਪੂਰਨ ਸਿੰਘ ਹੁਰਾਂ ਨੂੰ ਮਿਲਣ ਆਈ ਤਾਂ, ਉਹਨਾਂ ਨੇ ਇੰਦਰਜੀਤ ਕੌਰ ਨੂੰ ਇਕ ਛੋਟੇ ਬੱਚੇ (ਲੜਕੇ) ਦੀ ਪਾਲਣਾ-ਪੋਸ਼ਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ । ਉਹਨਾਂ ਨੂੰ ਇਸ ਗੱਲ ਦਾ ਖ਼ਾਸ ਫ਼ਿਕਰ ਸੀ ਕਿ ਉਸ ਬੱਚੇ ਦਾ ਪਾਲਣ-ਪੋਸ਼ਣ ਵਧੀਆ ਤੇ ਸਕਾਰਤਮਿਕ ਮਾਹੌਲ ਵਿੱਚ ਹੋਵੇ । ਉਹਨਾਂ ਨੂੰ ਇੰਦਰਜੀਤ ਕੌਰ 'ਚ ਪਿਤਾ ਤੇ ਮਾਤਾ ਵਾਲੇ ਦੋਵੇਂ ਗੁਣ ਹੀ ਜਾਪਦੇ ਸਨ। ਉਹਨਾਂ ਨੇ ਇੰਦਰਜੀਤ ਕੌਰ ਨੂੰ ਉਸ ਲੜਕੇ ਦੀ ਦੇਖਭਾਲ ਕਰਨ ਲਈ ਕਹਿ ਦਿੱਤਾ । ਇਸ ਤੋਂ ਪਹਿਲਾਂ, ਉਹਨਾਂ ਇਸ ਕੰਮ ਲਈ ਕੁਝ ਹੋਰ ਪਰਿਵਾਰਾਂ ਬਾਰੇ ਸੋਚਿਆ ਹੋਇਆ ਸੀ, ਪਰ ਉਹ ਇਹ ਸੋਚ ਕੇ ਸੰਤੁਸ਼ਟ ਸਨ ਤੇ ਉਹਨਾਂ ਨੂੰ ਵਿਸ਼ਵਾਸ ਸੀ ਕਿ ਇੰਦਰਜੀਤ ਕੌਰ ਉਸ ਬੱਚੇ ਦੀ ਉਸੇ ਤਰ੍ਹਾਂ ਹੀ ਪੂਰੀ ਤਰ੍ਹਾਂ ਦੇਖਭਾਲ ਕਰ ਸਕਦੀ ਹੈ ਜਿਵੇਂ ਕਿ ਉਹਨਾਂ ਨੂੰ ਉਮੀਦ ਸੀ । ਇੰਦਰਜੀਤ ਕੌਰ ਨੇ ਬੱਚੇ ਦਾ ਪਾਲਣ-ਪੋਸ਼ਣ ਕਰਨਾ ਮਨਜ਼ੂਰ ਕਰ ਲਿਆ । ਉਹ ਸੋਚਣ ਲੱਗੀ ਕਿ ਭਗਤ ਪੂਰਨ ਸਿੰਘ ਹੋਰੀਂ ਇੱਕੋ ਵੇਲੇ 300 ਮਰੀਜ਼ਾਂ ਦੀ ਦੇਖ-ਭਾਲ ਕਰ ਰਹੇ ਸਨ । ਉਹ ਉਹਨਾਂ ਲੋਕਾਂ ਦੀਆਂ ਬਿਮਾਰੀਆਂ ਦੂਰ ਕਰਨ 'ਚ, ਉਹਨਾਂ ਨੂੰ ਲੀੜਾ-ਕੱਪੜਾ ਦੇਣ 'ਚ, ਆਸਰਾ ਦੇਣ 'ਚ, ਪੌਸ਼ਟਿਕ ਭੋਜਨ ਦੇਣ 'ਚ ਮਦਦ ਕਰ ਰਹੇ ਸਨ ਤੇ ਉਹਨਾਂ ਨੂੰ ਉਹਨਾਂ ਲੋਕਾਂ ਦੇ ਭਵਿੱਖ ਦਾ ਵੀ ਫ਼ਿਕਰ ਸੀ, ਜਿਹੜੇ ਪਿੰਗਲਵਾੜੇ 'ਚ ਰਹਿ ਰਹੇ ਸਨ । ਉਸਨੂੰ ਇਹ ਨਹੀਂ ਸੀ ਪਤਾ ਕਿ ਭਗਤ ਪੂਰਨ ਸਿੰਘ ਜੀ ਇਸ ਲੜਕੇ ਬਾਰੇ ਜ਼ਿਆਦਾ ਫ਼ਿਕਰਮੰਦ ਕਿਉਂ ਸਨ, ਜਿਸ ਬਾਰੇ ਉਹ ਚਾਹੁੰਦੇ ਸਨ ਕਿ ਉਸਨੂੰ ਪਿਤਾ ਤੇ ਮਾਂ ਦੇ ਖ਼ਾਸ ਧਿਆਨ ਤੇ ਪਿਆਰ ਦੀ ਲੋੜ ਹੈ । ਅਸਲ 'ਚ, ਉਹਨਾਂ ਦੇ ਮਨ 'ਚ ਇਹ ਗੱਲ ਸੀ ਕਿ ਇਹ ਲੜਕਾ, ਪਿੰਗਲਵਾੜੇ ਦਾ ਉਤਰਾਧਿਕਾਰੀ ਬਣੇ । ਹੁਣ ਭਗਤ ਪੂਰਨ ਸਿੰਘ ਜੀ ਇਹ ਚਾਹੁੰਦੇ ਸਨ ਕਿ ਇਹ ਆਸ਼ਰਮ ਸਥਾਈ ਰੂਪ 'ਚ ਕੰਮ ਕਰੇ । ਇਸਨੂੰ ਇਕ ਸੰਸਥਾ ਵਾਂਗ ਕੰਮ ਜਾਰੀ ਰੱਖਣਾ ਚਾਹੀਦਾ ਹੈ । ਇਸਦਾ ਪ੍ਰਬੰਧ ਚੰਗੇ ਲੋਕਾਂ ਦੇ ਹੱਥਾਂ 'ਚ ਹੋਣਾ ਚਾਹੀਦਾ ਹੈ । ਉਹਨਾਂ ਨੇ ਆਪਣੇ ਉਤਰਾਧਿਕਾਰੀਆਂ ਬਾਰੇ ਬੜੀ ਵਾਰੀ



ਸੋਚਿਆ । ਕਈ ਲੋਕ ਉਹਨਾਂ ਦੇ ਮਨ ਵਿੱਚ ਆਏ ਵੀ, ਪਰ ਬਾਅਦ ਵਿੱਚ ਉਹ ਉਹਨਾਂ ਲੋਕਾਂ ਦੇ ਵਰਤਾਰੇ 'ਚ ਲਾਲਚ ਜਾਂ ਦੂਜਿਆਂ ਦਾ ਸੋਸ਼ਣ ਕਰਨ ਦੀ ਭਾਵਨਾ ਦੇਖ ਕੇ, ਨਿਰਾਸ਼ ਹੋ ਜਾਂਦੇ ਸਨ ।

ਸੰਨ 1979 ਵਿੱਚ ਭਗਤ ਪੂਰਨ ਸਿੰਘ ਜੀ ਨੇ, ਪਿੰਗਲਵਾੜੇ 'ਚ ਅਜੀਬ ਜਿਹੇ ਹਾਲਾਤ ਪੈਦਾ ਹੋਏ ਦੇਖੇ । ਪ੍ਰਿੰਟਿੰਗ ਪ੍ਰੈਸ ਦੇ ਕੁਝ ਲੋਕਾਂ ਨੇ 'ਫੈਕਟਰੀ ਐਕਟ' ਦੇ ਨਿਯਮ ਲਾਗੂ ਕਰਾਉਣ ਲਈ ਹੜਤਾਲ ਕਰ ਦਿੱਤੀ, ਜਿਹਨਾਂ ਦੇ ਤਹਿਤ ਉਹਨਾਂ ਨੂੰ ਸਮਾਜਿਕ ਸੁਰੱਖਿਆ ਦਿੱਤੀ ਜਾਵੇ । ਭਗਤ ਜੀ ਇਸ ਗੱਲ ਤੋਂ ਬਹੁਤ ਉਦਾਸ ਹੋ ਗਏ ਕਿਉਂਕਿ ਇਹ ਹੜਤਾਲ ਉਹਨਾਂ ਲੋਕਾਂ ਨੇ ਸ਼ੁਰੂ ਕਰਵਾਈ ਸੀ, ਜਿਹਨਾਂ ਨੂੰ ਭਗਤ ਜੀ ਨੇ ਉਸ ਵੇਲੇ ਨੌਕਰੀ 'ਤੇ ਰੱਖਿਆ ਸੀ । ਜਦੋਂ ਉਹ ਲੋਕ ਬੇਰੁਜ਼ਗਾਰ ਸਨ ਤਾਂ ਉਹਨਾਂ ਨੇ ਭਗਤ ਜੀ ਨੂੰ ਆਪ ਬੇਨਤੀ ਕੀਤੀ ਸੀ ਕਿ ਉਹਨਾਂ ਨੂੰ ਪਿੰਗਲਵਾੜੇ ਦੇ ਛਾਪੇਖਾਨੇ 'ਚ ਨੌਕਰੀ 'ਤੇ ਰੱਖ ਲਿਆ ਜਾਵੇ । ਇਸ ਤੋਂ ਇਲਾਵਾ, ਉਹ ਹਰ ਕਰਮਚਾਰੀ ਨੂੰ ਆਪਣਾ ਪਰਿਵਾਰਕ ਜੀਅ ਹੀ ਸਮਝਦੇ ਸਨ ਤੇ ਉਹਨਾਂ ਦੀ ਹਰ ਤਰੀਕੇ ਨਾਲ ਮਦਦ ਕਰਦੇ ਸਨ । ਭਗਤ ਜੀ ਦਾ ਵਿਚਾਰ ਸੀ ਕਿ ਪ੍ਰੈਸ ਵਿੱਚ ਜਿਹੜਾ ਸਾਹਿਤ ਛਾਪਿਆ ਜਾਂਦਾ ਸੀ, ਉਹ ਲੋਕਾਂ 'ਚ ਸਮਾਜਿਕ ਬੁਰਾਈਆਂ ਬਾਰੇ ਜਾਗ੍ਰਿਤੀ ਫੈਲਾਉਣ ਲਈ ਮੁਫ਼ਤ ਵੰਡਿਆ ਜਾਂਦਾ ਸੀ ਤੇ ਇਸ ਸਾਹਿਤ ਰਾਹੀਂ ਆਮ ਲੋਕ ਸਮਾਜਿਕ ਬੁਰਾਈਆਂ ਤੋਂ ਸਾਵਧਾਨ ਹੋ ਜਾਂਦੇ ਸਨ ਅਤੇ ਇਸ ਕੰਮ ਦਾ ਉਦੇਸ਼ ਪੈਸਾ ਕਮਾਉਣਾ ਨਹੀਂ ਸੀ ।

ਭਾਵੇਂ ਭਗਤ ਜੀ ਇਸ ਗੱਲ ਕਰਕੇ ਬਹੁਤ ਉਦਾਸ ਸਨ, ਤਾਂ ਵੀ ਉਹਨਾਂ ਨੇ ਕਰਮਚਾਰੀਆਂ ਨੂੰ ਹੜਤਾਲ ਛੱਡਣ ਦੀ ਅਪੀਲ ਕੀਤੀ । ਪਰ ਇਹ ਚੱਲਦੀ ਰਹੀ । ਕਰਮਚਾਰੀਆਂ ਨੇ ਪਿੰਗਲਵਾੜੇ ਦੇ ਗੇਟ 'ਤੇ ਇਕ ਲਾਊਡ ਸਪੀਕਰ ਲਗਾ ਦਿੱਤਾ, ਜਿੱਥੇ ਉਹਨਾਂ ਦੇ ਨੇਤਾ ਭਗਤ ਜੀ ਤੇ ਪਿੰਗਲਵਾੜੇ 'ਚ ਹੋ ਰਹੇ ਕੰਮ ਵਿਰੁੱਧ ਭਾਸ਼ਣ ਕਰਦੇ ਰਹੇ । ਇੱਥੋਂ ਤਕ ਕਿ ਕਈ ਸਮਾਜਿਕ ਹਸਤੀਆਂ ਨੇ ਵੀ ਅੰਦੋਲਨਕਾਰੀਆਂ ਨੂੰ ਹੜਤਾਲ ਬੰਦ ਕਰਨ ਦੀ ਅਪੀਲ ਕੀਤੀ । ਇਕ ਦਿਨ ਇਕ ਆਦਮੀ ਜੋ ਕਿ ਭਗਤ ਜੀ ਦਾ ਜਾਣੂ ਸੀ, ਉਹ ਅੰਦੋਲਨਕਾਰੀਆਂ ਕੋਲ ਆ ਕੇ ਉਹਨਾਂ ਨੂੰ ਲਗਾਤਾਰ ਗਾਲਾਂ ਕੱਢਣ ਲੱਗਾ । ਭਗਤ ਜੀ ਉਸ ਵਿਅਕਤੀ ਦੀਆਂ ਗਾਲਾਂ ਸੁਣ ਕੇ ਉਸ ਕੋਲ ਗਏ ਤੇ ਸਪੀਕਰ ਫੜ ਕੇ ਕਹਿਣ ਲੱਗੇ, "ਇਹ ਸਾਰੇ ਮੇਰੇ ਬੱਚੇ ਹਨ । ਮੈਂ ਇਹਨਾਂ ਨਾਲ ਆਪੇ ਨਿਪਟ ਲਵਾਂਗਾ, ਤੂੰ ਇਹਨਾਂ ਨੂੰ ਗਾਲ੍ਹਾਂ ਕੱਢਣ ਵਾਲਾ ਕੌਣ

ਹੈਂ...?" ਇਸ ਘਟਨਾ ਦਾ ਅੰਦੋਲਨਕਾਰੀਆਂ 'ਤੇ ਜਾਦੂ ਦਾ ਅਸਰ ਹੋਇਆ ਅਤੇ ਉਹਨਾਂ ਨੇ ਅੰਦਰ ਆ ਕੇ ਆਪਣੀ ਗ਼ਲਤੀ ਮੰਨ ਲਈ ਤੇ ਅਗਲੀ ਸਵੇਰ ਤੋਂ ਸਭ ਕੁਝ ਬਿਲਕੁਲ ਠੀਕ ਠਾਕ ਸੀ ।

ਇਸ ਘਟਨਾ ਤੋਂ ਬਾਅਦ ਭਗਤ ਜੀ ਪਿੰਗਲਵਾੜੇ ਦੇ ਕੰਮਾਂ 'ਚ ਹੋਰ ਜ਼ਿਆਦਾ ਤਾਕਤ ਤੇ ਉਤਸ਼ਾਹ ਨਾਲ ਖ਼ਾਸ ਦਿਲਚਸਪੀ ਲੈਣ ਲੱਗੇ। ਉਹ ਖ਼ੁਸ਼ ਸਨ ਕਿ ਇੰਦਰਜੀਤ ਕੌਰ ਉਹਨਾਂ ਦੀ ਮਦਦ ਕਰ ਰਹੀ ਹੈ ਤੇ ਪਿੰਗਲਵਾੜੇ 'ਚ ਕਾਫ਼ੀ ਦਿਲਚਸਪੀ ਲੈ ਰਹੀ ਹੈ। ਇਕ ਪੰਜਾਬੀ ਦੀ ਕਹਾਵਤ ਅਨੁਸਾਰ, "ਇਕ ਤੇ ਇਕ ਗਿਆਰਾਂ। ਇੰਦਰਜੀਤ ਕੌਰ, ਜੋ ਕਿ ਉਹਨਾਂ ਦੀ ਬੇਟੀ ਹੀ ਸੀ, ਕਿਸੇ ਤਰ੍ਹਾਂ ਦੇ ਵੀ ਹਾਲਾਤਾਂ ਨਾਲ ਨਿਪਟਣ ਦੇ ਸਮਰੱਥ ਸੀ ।

ਕਈ ਲੋਕਾਂ ਦੀ ਰਾਇ ਸੀ ਕਿ ਭਗਤ ਪੂਰਨ ਸਿੰਘ ਜੀ ਦਾ ਕੰਮ, ਸਰਕਾਰੀ ਕੰਮ ਹੈ । ਇਸ ਲਈ ਸਰਕਾਰ ਨੂੰ ਸਮਾਜਿਕ ਸੁਰੱਖਿਆ ਦੇਣੀ ਚਾਹੀਦੀ ਹੈ । ਇੰਦਰਜੀਤ ਦੇ ਦੋਸਤਾਂ, ਮਿੱਤਰਾਂ ਦਾ ਵੀ ਇਹੋ ਖ਼ਿਆਲ ਸੀ । ਉਸਦੀ ਇਕ ਸਹੇਲੀ, ਡਾਕਟਰ ਗੁਪਤਾ ਜੋ ਕਿ ਕੁਝ ਚਿਰ ਕੈਨੇਡਾ ਰਹਿ ਕੇ ਆਈ ਸੀ, ਉਹ ਕੈਨੇਡਾ ਵਿਚਲੀ ਸਮਾਜਿਕ ਸੁਰੱਖਿਆ ਤੋਂ ਬਹੁਤ ਪ੍ਰਭਾਵਿਤ ਹੋਈ ਸੀ । ਉਸਨੇ ਦੱਸਿਆ ਸੀ ਕਿ ਕੈਨੇਡਾ ਦੇ ਪੱਕੇ ਵਸਨੀਕ ਨੂੰ ਉਦੋਂ ਤਕ ਬੇਰੁਜ਼ਗਾਰੀ ਭੱਤਾ ਮਿਲਦਾ ਸੀ ਜਦੋਂ ਤਕ ਉਸਨੂੰ ਸਰਕਾਰੀ ਨੌਕਰੀ ਨਹੀਂ ਮਿਲ ਜਾਂਦੀ । ਹਰ ਕਿਸੇ ਨੂੰ ਸੌ ਪ੍ਰਤੀਸ਼ਤ ਸਿਹਤ ਬੀਮਾ ਮਿਲਦਾ ਸੀ । ਜੇ ਕਿਸੇ ਨਾਲ ਕੋਈ ਦੁਰਘਟਨਾ ਵਾਪਰ ਜਾਂਦੀ ਹੈ, ਉਸਦੇ ਇਲਾਜ ਦੇ ਖ਼ਰਚਿਆਂ ਦੀ ਭਰਪਾਈ ਬੀਮਾ ਕੰਪਨੀ ਕਰਦੀ ਹੈ । ਸਾਰਿਆਂ ਲਈ ਪੜ੍ਹਾਈ ਦਾ ਮੁਫ਼ਤ ਪ੍ਰਬੰਧ ਹੈ, ਬੁਢਾਪਾ ਪੈਨਸ਼ਨ ਵੀ ਸਭ ਨੂੰ ਮਿਲਦੀ ਹੈ ਤੇ ਇਹ ਪੈਨਸ਼ਨ ਦੀ ਰਕਮ, ਹਰ ਬਜ਼ੁਰਗ ਦੇ ਵਧੀਆ ਰਹਿਣ ਸਹਿਣ ਲਈ ਕਾਫ਼ੀ ਹੈ । ਜੇਕਰ ਕਿਸੇ ਆਦਮੀ ਦਾ ਖ਼ਰਚ ਜ਼ਿਆਦਾ ਹੈ, ਤਾਂ ਉਸਦੀ ਪੈਨਸ਼ਨ ਵਧਾ ਦਿੱਤੀ ਜਾਂਦੀ ਹੈ । ਉਸ ਦੇਸ਼ 'ਚ ਹਰ ਨਾਗਰਿਕ ਪੂਰੀ ਤਰ੍ਹਾਂ ਸੁਰੱਖਿਅਤ ਹੈ । ਇਹੋ ਜਿਹੀ ਸੁਰੱਖਿਆ, ਭਾਰਤ ਦੇ ਲੋਕਾਂ ਨੂੰ ਵੀ ਮਿਲਣੀ ਚਾਹੀਦੀ ਹੈ ਤੇ ਸਰਕਾਰ ਨੂੰ ਅਜਿਹਾ ਪ੍ਰਬੰਧ ਕਰਨਾ ਚਾਹੀਦਾ ਹੈ । ਡਾ. ਇੰਦਰਜੀਤ ਕੌਰ ਕਦੀ ਵੀ ਅਜਿਹੀ ਬਹਿਸਬਾਜ਼ੀ ਨਾਲ ਨਾਰਾਜ਼ ਨਹੀਂ ਸੀ ਹੁੰਦੀ, ਪਰ ਉਸਦਾ ਇਕ ਪ੍ਰਸ਼ਨ ਹੀ ਲੋਕਾਂ ਦੀ ਬਹਿਸਬਾਜ਼ੀ ਬੰਦ ਕਰਨ ਲਈ ਕਾਫ਼ੀ ਸੀ ਕਿ ਸਰਕਾਰ ਨੂੰ ਅਜਿਹੀ ਸੁਰੱਖਿਆ ਦੇਣ ਲਈ ਕੋਈ ਮਜਬੂਰ ਨਹੀਂ ਕਰ ਸਕਦਾ ਤੇ ਉਦੋਂ ਤਕ ਭਗਤ ਪੂਰਨ ਸਿੰਘ ਜੀ ਦੀ ਦੇਖ-ਰੇਖ ਹੇਠਾਂ, ਪਿੰਗਲਵਾੜੇ 'ਚ



ਰਹਿਣ ਵਾਲੇ ਲੋਕ ਕਿੱਧਰ ਜਾਣ ?

ਭਗਤ ਪੂਰਨ ਸਿੰਘ ਜੀ ਨੂੰ, ਇੰਦਰਜੀਤ ਕੌਰ ਦੀ ਛੋਟੀ ਭੈਣ ਦੇ ਵਿਆਹ ਵਿੱਚ ਬੁਲਾਇਆ ਗਿਆ, ਜਿਹੜੀ ਕਿ B.Sc. LL.B ਦੀ ਪੜ੍ਹਾਈ ਪੂਰੀ ਕਰਕੇ, ਪੰਜਾਬ ਸਰਕਾਰ ਦੀ ਸਹਾਇਕ ਜ਼ਿਲ੍ਹਾ ਅਟਾਰਨੀ ਦੀ ਪਦਵੀ 'ਤੇ ਨਿਯੁਕਤ ਹੋਈ ਸੀ । ਉਸਦਾ ਵਿਆਹ ਕੋਟ ਕਪੂਰੇ ਦੇ ਇਕ ਮੰਨੇ-ਪ੍ਰਮੰਨੇ ਪਰਿਵਾਰ ਦੇ ਲੜਕੇ ਨਾਲ ਤਹਿ ਹੋਇਆ ਸੀ, ਜੋ ਕਿ ਬੈਂਕ ਮੈਨੇਜਰ ਸੀ । ਭਗਤ ਪੂਰਨ ਸਿੰਘ ਜੀ ਇਸ ਵਿਆਹ ਵਿੱਚ ਸ਼ਾਮਲ ਹੋਏ ਤੇ ਪਿਤਾ ਵਾਲੀਆਂ ਸਾਰੀਆਂ ਰਸਮਾਂ ਉਹਨਾਂ ਨੇ ਹੀ ਕੀਤੀਆਂ । ਸੰਤ ਲੌਂਗੋਵਾਲ ਨੇ ਵਿਆਹ ਵੇਲੇ ਅਰਦਾਸ ਕੀਤੀ । ਇਹ ਇਕ ਆਦਰਸ਼ ਵਿਆਹ ਸੀ, ਜਿਸ 'ਚ ਕੋਈ ਵੀ ਫ਼ਾਲਤੂ ਦੀਆਂ ਰਸਮਾਂ ਨਹੀਂ ਸਨ ਕੀਤੀਆਂ ਗਈਆਂ । ਇਹ ਸਭ ਤੋਂ ਸਾਦਾ ਵਿਆਹ ਸੀ ਤੇ ਸੰਗਰੂਰ ਤੇ ਹੋਰ ਨੇੜਲੇ ਇਲਾਕਿਆਂ 'ਚ ਇਸਨੂੰ ਇਕ ਆਦਰਸ਼ ਵਿਆਹ ਮੰਨਿਆ ਜਾਂਦਾ ਸੀ ।

ਭਗਤ ਪੂਰਨ ਸਿੰਘ ਉਸ ਛੋਟੇ ਬੱਚੇ, ਜਿਸਦਾ ਨਾਮ ਦਇਆਜੋਤ ਸਿੰਘ ਸੀ, ਦੇ ਪਾਲਣ-ਪੋਸ਼ਣ ਤੋਂ ਸੰਤੁਸ਼ਟ ਸਨ । ਡਾ. ਇੰਦਰਜੀਤ ਕੌਰ ਦੇ ਪਰਿਵਾਰਕ ਮੈਂਬਰ ਉਸਦੀ ਪੜ੍ਹਾਈ ਤੇ ਸਰੀਰਕ ਯੋਗਤਾ ਦਾ ਬਹੁਤ ਖ਼ਿਆਲ ਰੱਖਦੇ ਸਨ । ਪਿੰਗਲਵਾੜਾ, ਨਿਆਸਰੇ ਲੋਕਾਂ ਲਈ ਬਹੁਤ ਵੱਡੀ ਸੰਸਥਾ ਬਣਦਾ ਜਾ ਰਿਹਾ ਸੀ । ਹੁਣ ਉਸ 'ਚ ਰਹਿਣ ਵਾਲਿਆਂ ਦੀ ਗਿਣਤੀ ਚਾਰ ਸੌ ਲੋਕਾਂ ਤੋਂ ਜ਼ਿਆਦਾ ਹੋ ਗਈ ਸੀ, ਜਿਹਨਾਂ 'ਚ ਸਰੀਰਕ ਤੌਰ 'ਤੇ ਅਪਾਹਜ, ਅਨਾਥ, ਪੁਰਾਣੀਆਂ ਤੇ ਗੰਭੀਰ ਬਿਮਾਰੀਆਂ ਦੇ ਮਰੀਜ਼, ਬਜ਼ੁਰਗ ਤੇ ਅੱਖਾਂ ਤੋਂ ਹੀਣੇ ਲੋਕ ਸ਼ਾਮਲ ਸਨ । ਪਿੰਗਲਵਾੜੇ ਦੀ ਇਮਾਰਤ ਇਹਨਾਂ ਸਭ ਦੇ ਰਹਿਣ ਲਈ ਛੋਟੀ ਸੀ ਤੇ ਇਸ ਨੂੰ ਵਿਸਥਾਰ ਦੇਣਾ ਜ਼ਰੂਰੀ ਹੋ ਗਿਆ ਸੀ, ਭਗਤ ਪੂਰਨ ਸਿੰਘ ਉਸ 'ਚ ਵੱਧ ਤੋਂ ਵੱਧ ਵਿਅਕਤੀਆਂ ਨੂੰ ਸੰਭਾਲਣ ਦੀਆਂ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਕਰਦੇ ਤੇ ਕਿਸੇ ਨੂੰ ਵੀ ਰੱਖਣ ਤੋਂ ਇਨਕਾਰ ਨਹੀਂ ਸੀ ਕਰਦੇ । ਉੱਥੇ ਰਹਿਣ ਲਈ ਇਕੋ ਸ਼ਰਤ ਹੀ ਜ਼ਰੂਰੀ ਸੀ ਕਿ ਉੱਥੇ ਰਹਿਣ ਵਾਲਾ ਵਿਅਕਤੀ ਨਿਆਸਰਾ ਹੋਵੇ ।

ਜਦੋਂ ਇੰਦਰਜੀਤ ਕੌਰ, ਪਿੰਗਲਵਾੜੇ ਆਉਂਦੀ ਤਾਂ, ਭਗਤ ਜੀ ਉਹਨਾਂ ਨੂੰ ਸਾਰਿਆਂ ਵਾਰਡਾਂ ਦਾ ਨਿਰੀਖਣ ਕਰਨ ਲਈ ਕਹਿੰਦੇ ਅਤੇ ਮਰੀਜ਼ਾਂ ਲਈ ਲੋੜੀਂਦੀਆਂ ਦਵਾਈਆਂ ਲਿਖਣ ਲਈ ਕਹਿੰਦੇ । ਜਦੋਂ ਉਹ ਪਿੰਗਲਵਾੜੇ 'ਚ ਰਹਿੰਦਿਆਂ ਮਰੀਜ਼ਾਂ ਦੀ ਸੇਵਾ ਕਰਦੀ ਤਾਂ ਉਸਨੂੰ ਇਸ 'ਚੋਂ

ਅਜੀਬ ਜਿਹੀ ਖ਼ੁਸ਼ੀ ਮਿਲਦੀ । ਪਿੰਗਲਵਾੜੇ ਦਾ ਖ਼ਰਚਾ, ਭਗਤ ਜੀ ਦੇ ਵੱਸੋਂ ਬਾਹਰ ਦੀ ਗੱਲ ਹੋ ਗਈ ਸੀ; ਇਸ ਲਈ ਉਹਨਾਂ ਨੂੰ ਕਈ ਵਾਰੀ, ਕਾਫ਼ੀ ਚੀਜ਼ਾਂ ਤੇ ਦਵਾਈਆਂ ਉਧਾਰ ਲੈਣੀਆਂ ਪੈਂਦੀਆਂ—ਤੇ ਜਦੋਂ ਵੀ ਉਹਨਾਂ ਨੂੰ ਦਾਨ ਦੀ ਰਕਮ ਕਿਤੋਂ ਮਿਲਦੀ ਤਾਂ ਉਹਨਾਂ ਦਾ ਪਹਿਲਾ ਕੰਮ, ਪੁਰਾਣੇ ਕਰਜ਼ੇ ਨੂੰ ਮੋੜਨਾ ਹੁੰਦਾ ਸੀ । ਦੂਸਰੇ ਪਾਸੇ ਦੁਕਾਨਦਾਰ ਉਹਨਾਂ ਨੂੰ, ਉਹਨਾਂ ਦੇ ਉਦੇਸ਼ ਦੀ ਖ਼ਾਤਰ ਉਧਾਰ ਦੇ ਦਿੰਦੇ ਸਨ। ਭਗਤ ਜੀ ਨੇ ਕਦੀ ਵੀ ਅਜਿਹੇ ਕਰਜ਼ੇ ਦਾ ਭਾਰ ਆਪਣੇ ਸਿਰ ’ਤੇ ਨਹੀਂ ਸੀ ਮਹਿਸੂਸ ਕੀਤਾ । ਜਦੋਂ ਇੰਦਰਜੀਤ ਕੌਰ ਨੂੰ ਇਸ ਗੱਲ ਦਾ ਅਹਿਸਾਸ ਹੋਇਆ, ਤਾਂ ਉਸਨੇ ਆਪਣੇ ਕੋਲੋਂ ਵੀ ਦਾਨ ਦੀ ਕੁਝ ਰਾਸ਼ੀ ਦੇਣੀ ਸ਼ੁਰੂ ਕਰ ਦਿੱਤੀ ।

ਉਸਦੀ ਛੋਟੀ ਭੈਣ, ਪ੍ਰੀਤਮ ਪਾਲ ਕੌਰ ਨੇ M.B.B.S. ਦੀ ਪੜ੍ਹਾਈ ਪੂਰੀ ਕਰ ਲਈ । ਉਸਨੂੰ M.S. ਜਾਂ M.D. ਕਰਨ ’ਚ ਦਿਲਚਸਪੀ ਸੀ, ਪਰ ਉਸਨੂੰ ਰਾਜਸਥਾਨ ’ਚ ਸਰਕਾਰੀ ਨੌਕਰੀ ਮਿਲ ਗਈ । ਆਪਣੀ ਇਕ ਚਾਚੀ ਜੀ ਦੇ ਕਹਿਣ ’ਤੇ ਉਹ ਇਸ ਨੌਕਰੀ ’ਤੇ ਆਈ ਸੀ । ਬਾਅਦ ਵਿੱਚ ਉਸਦੀ ਨਿਯੁਕਤੀ U.N. ਦੇ ਬੱਚਿਆਂ ਦੀ ਸਿਹਤ ਨਾਲ ਸੰਬੰਧਿਤ ਸੰਸਥਾ, UNICEF ’ਚ ਹੋ ਗਈ । ਉਸਨੇ ਬਹੁਤ ਮਿਹਨਤ ਕੀਤੀ ਤੇ ਉਸਦੇ UNICEF ਪ੍ਰਤੀ ਸਮਰਪਣ ਭਾਵ ਨੂੰ ਦੇਖ ਕੇ ਉਸ ਤੋਂ ਵੱਡੇ ਅਧਿਕਾਰੀ ਉਸਦੀ ਪ੍ਰਸ਼ੰਸਾ ਕਰਨ ਲੱਗ ਪਏ ।

ਹੁਣ ਇਸ ਸਮੇਂ ਤਕ, ਇੰਦਰਜੀਤ ਕੌਰ ਆਪਣੇ ਹਸਪਤਾਲ ਤੇ ਲੋਕਾਂ ਦੀ ਸੇਵਾ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋ ਚੁੱਕੇ ਸਨ । ਕਿਸੇ ਵੀ ਤਰ੍ਹਾਂ ਦੇ ਕੰਮ ’ਚ, ਉਹਨਾਂ ਦਾ ਇਕ ਹੀ ਉਦੇਸ਼ ਸੀ, **“ਸਮਾਜ ਸੇਵਾ ।”** ਹੁਣ ਉਸਨੇ ਗੰਭੀਰ ਬਿਮਾਰੀਆਂ ਦੇ ਮਰੀਜ਼ ਤੇ ਦੁਰਘਟਨਾਵਾਂ ਨਾਲ ਗ੍ਰਸਤ ਮਰੀਜ਼ਾਂ ਨੂੰ ਵੀ ਦੇਖਣਾ ਸ਼ੁਰੂ ਕਰ ਦਿੱਤਾ ਸੀ, ਕਿਉਂਕਿ ਉਸਨੇ ਇਹਨਾਂ ਖੇਤਰਾਂ ਦੇ ਵਿਸ਼ੇਸ਼ ਡਾਕਟਰਾਂ ਦੀਆਂ ਸੇਵਾਵਾਂ ਦਾ ਆਪਣੇ ਹਸਪਤਾਲ ’ਚ ਪ੍ਰਬੰਧ ਕਰ ਲਿਆ ਸੀ । ਇਸ ਲਈ ਵਿਸ਼ੇਸ਼ ਜ਼ਰੂਰਤਾਂ ਅਨੁਸਾਰ, ਉਸਨੇ ਆਪਣੇ ਹਸਪਤਾਲ ਦੀ ਬਣਤਰ ’ਚ ਕੁਝ ਬਦਲਾਅ ਵੀ ਕਰ ਲਿਆ ਸੀ । ਪਰ ਫਿਰ ਵੀ ਕਈ ਖ਼ਾਸ ਕੇਸਾਂ ’ਚ, ਉਸਨੂੰ ਕਈ ਮਰੀਜ਼ ਲੁਧਿਆਣੇ ਜਾਂ ਪਟਿਆਲੇ ਭੇਜਣੇ ਪੈਂਦੇ ਸਨ । ਜਦੋਂ ਮਰੀਜ਼ਾਂ ਕੋਲ ਪੈਸਿਆਂ ਦੀ ਘਾਟ ਹੁੰਦੀ ਤਾਂ ਉਹ ਉਹਨਾਂ ਨੂੰ ਆਪਣੇ ਕੋਲੋਂ ਪੈਸੇ ਵੀ ਦੇ ਦਿੰਦੀ ਸੀ । ਉਸ ਨੇ ਅਜਿਹੇ ਪੈਸਿਆਂ ਬਾਰੇ ਕਦੀ ਕਿਸੇ ਰਜਿਸਟਰ ’ਚ ਨਹੀਂ ਸੀ ਲਿਖਿਆ; ਪਰ ਉਹ ਅਕਸਰ ਕਹਿੰਦੀ ਹੁੰਦੀ ਸੀ



ਕਿ ਅਜਿਹੇ ਪੈਸੇ ਹਮੇਸ਼ਾਂ ਵਾਪਸ ਆ ਜਾਂਦੇ ਹਨ, ਇਸ ਗੱਲ ਨਾਲ ਉਸਦਾ ਵਿਸ਼ਵਾਸ ਹੋਰ ਪੱਕਾ ਹੋ ਜਾਂਦਾ ਸੀ ਕਿ ਆਮ ਕਰਕੇ ਲੋਕ, ਨੇਕ ਦਿਲ ਦੇ ਹੁੰਦੇ ਹਨ ਅਤੇ ਉਹ ਸੇਵਾ ਦੇ ਕਿਸੇ ਵੀ ਕੰਮ ਨੂੰ ਕਦੀ ਨਹੀਂ ਭੁੱਲਦੇ । ਆਪਣੇ ਵਿਹਲੇ ਸਮੇਂ ’ਚ, ਹਮੇਸ਼ਾਂ ਉਹ ਆਪਣੇ ਪਿਤਾ ਦੇ ਕਹੇ ਹੋਏ ਸ਼ਬਦ ਯਾਦ ਰੱਖਦੀ, “ਹੀਰੋ ਦੀ ਤਰ੍ਹਾਂ ਕਮਾਉ ਤੇ ਸਾਧੂ ਦੀ ਤਰ੍ਹਾਂ ਖ਼ਰਚੋ ।”

ਹੁਣ ਭਗਤ ਜੀ ਨੇ ਡਾ. ਇੰਦਰਜੀਤ ’ਤੇ ਨਿਰਭਰ ਕਰਨਾ ਸ਼ੁਰੂ ਕਰ ਦਿੱਤਾ ਸੀ । ਸਿਰਫ਼ ਕੁਝ ਮਾਮਲਿਆਂ ’ਚ ਸਲਾਹ ਮਸ਼ਵਰੇ ਲਈ ਹੀ ਨਹੀਂ, ਬਲਕਿ ਪਿੰਗਲਵਾੜੇ ਦੇ ਕਈ ਹੋਰ ਮਸਲਿਆਂ ਤੇ ਪ੍ਰਬੰਧਾਂ ਬਾਰੇ ਵੀ । ਉਹਨਾਂ ਦੇ ਮਨ ਵਿੱਚ ਡਾ. ਇੰਦਰਜੀਤ ਕੌਰ ਨੂੰ ਆਪਣਾ ਉਤਰਾਧਿਕਾਰੀ ਬਨਾਉਣ ਦਾ ਪੱਕਾ ਵਿਚਾਰ ਬਣ ਰਿਹਾ ਸੀ, ਪਰ ਇਸ ਬਾਰੇ ਉਹਨਾਂ ਨੇ ਨਾ ਤਾਂ ਹਾਲੀ ਡਾ. ਇੰਦਰਜੀਤ ਕੌਰ ਤੇ ਨਾ ਹੀ ਕਿਸੇ ਹੋਰ ਨਾਲ ਗੱਲ ਕੀਤੀ ਸੀ । ਕਈ ਵਾਰੀ ਉਹਨਾਂ ਦੇ ਦਿਮਾਗ਼ ’ਚ ਖ਼ਿਆਲ ਆਉਂਦਾ ਕਿ ਆਪਣੇ ਭੈਣ ਭਰਾਵਾਂ ’ਚੋਂ ਸਭ ਤੋਂ ਵੱਡੀ ਹੋਣ ਕਰਕੇ, ਉਹ ਸ਼ਾਇਦ ਉਹਨਾਂ ਨੂੰ ਛੱਡ ਕੇ ਇੱਥੇ ਨਾ ਆ ਸਕੇ । ਦੂਸਰੀ ਗੱਲ ਇਹ ਸੀ ਕਿ ਪਿੰਗਲਵਾੜੇ ਦਾ ਪ੍ਰਬੰਧ ਕਰਨਾ ਸੌਖਾ ਕਾਰਜ ਨਹੀਂ ਸੀ । ਪਰ ਤਾਂ ਵੀ, ਉਹਨਾਂ ਨੇ ਇਸ ਵਿਸ਼ੇ ’ਤੇ ਸੋਚਣਾ ਸ਼ੁਰੂ ਕਰ ਦਿੱਤਾ ਸੀ । ਇਸ ਸਮੇਂ ਤੱਕ ਭਾਰਤ ਸਰਕਾਰ ਨੇ ਉਹਨਾਂ ਦੀਆਂ ਸੇਵਾਵਾਂ ਨੂੰ ਮਾਣਤਾ ਦਿੰਦੇ ਹੋਏ, ਉਹਨਾਂ ਨੂੰ ਪਦਮ-ਸ੍ਰੀ ਅਵਾਰਡ ਨਾਲ ਸਨਮਾਨਿਆ ਸੀ । ਉਹਨਾਂ ਦੀਆਂ ਸੇਵਾਵਾਂ ਨੂੰ ਅੰਤਰ-ਰਾਸ਼ਟਰੀ ਪੱਧਰ ’ਤੇ ਜਾਣਿਆ ਜਾਣ ਲੱਗਾ ਸੀ, ਤੇ ਉਸ ਸਮੇਂ ਤਕ ਵਿਦੇਸ਼ਾਂ ਤੋਂ ਕਾਫ਼ੀ ਚੰਦਾ ਆਉਣਾ ਸ਼ੁਰੂ ਹੋ ਗਿਆ ਸੀ ।

ਸੰਨ 1980 ਵਿੱਚ ਭਗਤ ਜੀ ਨੂੰ ਪਰਾਸਟੇਟ ਗ੍ਰੰਥੀ ਦੀ ਸਮੱਸਿਆ ਹੋ ਗਈ ਤੇ ਉਹਨਾਂ ਨੂੰ ਅਪਰੇਸ਼ਨ ਕਰਾਉਣਾ ਜ਼ਰੂਰੀ ਹੋ ਗਿਆ । ਭਗਤ ਜੀ ਅਪਰੇਸ਼ਨ ਕਰਾਉਣ ਤੋਂ ਬਹੁਤ ਡਰਦੇ ਸਨ, ਪਰ ਹੋਰ ਕੋਈ ਚਾਰਾ ਵੀ ਨਹੀਂ ਸੀ । ਇਸ ਕਰਕੇ ਉਹਨਾਂ ਨੂੰ ਵੀ.ਜੇ. ਹਸਪਤਾਲ, ਜੋ ਅੱਜਕੱਲ੍ਹ ਗੁਰੂ ਨਾਨਕ ਹਸਪਤਾਲ ਨਾਲ ਰਲਾ ਦਿੱਤਾ ਗਿਆ ਹੈ ਦੇ ਜਨਰਲ ਵਾਰਡ ’ਚ ਦਾਖ਼ਲ ਕਰਾਇਆ ਗਿਆ । ਡਾ. ਸੇਠੀ, ਜਿਹੜੇ ਕਿ ਸਰਜਰੀ ਵਿਭਾਗ ਦੇ ਮੁਖੀ ਸਨ, ਉਹ ਪ੍ਰਸਿੱਧ ਸਰਜਨ ਸਨ । ਉਹਨਾਂ ਨੇ ਹੀ ਭਗਤ ਜੀ ਦਾ ਅਪਰੇਸ਼ਨ ਕਰਨਾ ਸੀ । ਭਾਵੇਂ ਭਗਤ ਜੀ ਨੂੰ ਇਕ ਗ਼ਰੀਬ ਮਰੀਜ਼ ਵਾਂਗ ਜਨਰਲ ਵਾਰਡ ’ਚ ਦਾਖ਼ਲ ਕਰ ਲਿਆ ਗਿਆ ਸੀ, ਪਰ

ਉਹਨਾਂ ਨੂੰ ਵਿਭਾਗ ਦੇ ਮੁੱਖੀ ਦੇ ਨਾਲ ਵਾਲਾ ਕਮਰਾ ਦੇ ਦਿੱਤਾ ਗਿਆ ਸੀ । ਉਸ ਵੇਲੇ ਤੱਕ ਭਗਤ ਜੀ ਇਕ ਹਰਮਨ ਪਿਆਰੀ ਹਸਤੀ ਬਣ ਚੁੱਕੇ ਸਨ । ਬਹੁਤ ਸਾਰੇ ਡਾਕਟਰ ਉਹਨਾਂ ਦਾ ਇਲਾਜ ਕਰਨ ਤੇ ਅਪਰੇਸ਼ਨ ਕਰਨ ਨੂੰ ਤਿਆਰ ਸਨ। ਪਰ ਭਗਤ ਜੀ ਉਹਨਾਂ ਕਰੋੜਾਂ ਲੋਕਾਂ ਬਾਰੇ ਸੋਚ ਰਹੇ ਸਨ, ਜਿਹਨਾਂ ਨੇ ਕਦੀ ਡਾਕਟਰ ਦੀ ਸ਼ਕਲ ਵੀ ਨਹੀਂ ਸੀ ਦੇਖੀ ਤੇ ਬਹੁਤ ਸਾਰਿਆਂ ਨੂੰ ਡਾਕਟਰੀ ਸਹਾਇਤਾ ਕਦੀ ਵੀ ਨਹੀਂ ਸੀ ਮਿਲੀ। ਜ਼ਿਆਦਾ ਲੋਕਾਂ ਨਾਲ ਇਸ ਲਈ ਦੁਰ-ਵਿਹਾਰ ਕੀਤਾ ਜਾਂਦਾ ਸੀ ਕਿਉਂਕਿ ਉਹਨਾਂ ਕੋਲ ਪੈਸੇ ਨਹੀਂ ਸਨ ।

ਇੰਦਰਜੀਤ ਕੌਰ, ਭਗਤ ਜੀ ਨੂੰ ਹਸਪਤਾਲ 'ਚ ਦੇਖਣ ਲਈ ਆਈ । ਉਸਨੇ ਦੋ ਤਿੰਨ ਦਿਨਾਂ ਬਾਅਦ ਸੰਗਰੂਰ ਵਾਪਸ ਜਾਣ ਬਾਰੇ ਸੋਚਿਆ ਹੋਇਆ ਸੀ, ਕਿਉਂਕਿ ਉਸਦੀ ਗ਼ੈਰ ਹਾਜ਼ਰੀ ਵਿੱਚ ਹਸਪਤਾਲ ਦਾ ਕੰਮ ਠੀਕ ਢੰਗ ਨਾਲ ਨਹੀਂ ਸੀ ਹੋ ਰਿਹਾ । ਪਰ ਜੋ ਉਸਨੇ ਉੱਥੇ ਦੇਖਿਆ, ਉਹ ਤਸੱਲੀ-ਬਖ਼ਸ਼ ਨਹੀਂ ਸੀ । ਸੇਵਾਦਾਰ ਅਨਪੜ੍ਹ ਸਨ ਤੇ ਉਹ ਭਗਤ ਜੀ ਨੂੰ ਕਈ ਵਾਰੀ ਇਕੱਲਿਆਂ ਹੀ ਛੱਡ ਦਿੰਦੇ ਸਨ—ਤੇ ਜਦੋਂ ਉਹਨਾਂ ਨੂੰ ਇਸ ਬਾਰੇ ਪੁੱਛਿਆ ਜਾਂਦਾ ਤਾਂ ਉਹ ਇਸ ਲਈ ਕੋਈ ਵੀ ਤਸੱਲੀਬਖ਼ਸ਼ ਉੱਤਰ ਨਾ ਦੇ ਸਕਦੇ । ਉਹ ਇਹ ਸੋਚ ਕੇ ਬਹੁਤ ਉਦਾਸ ਹੋ ਗਈ ਕਿ ਉਹ ਆਦਮੀ ਜੋ ਪਿੰਗਲਵਾੜੇ 'ਚ ਰਹਿੰਦੇ ਲੋਕਾਂ ਦੀ ਸੇਵਾ ਲਈ ਕਈ-ਕਈ ਦਿਨ ਖੜ੍ਹੇ ਰਹਿੰਦਾ ਸੀ, ਜਿਹਨਾਂ ਲੋਕਾਂ ਲਈ ਉਸਨੇ ਆਪਣੀ ਸਾਰੀ ਜ਼ਿੰਦਗੀ ਲੇਖੇ ਲਾ ਦਿੱਤੀ ਸੀ, ਕਈ ਦੁਖ ਤਕਲੀਫ਼ਾਂ ਸਹੀਆਂ ਸਨ, ਉਸ ਆਦਮੀ ਨੂੰ ਇਹ ਲੋਕ ਅਣਗੌਲਿਆਂ ਕਰ ਰਹੇ ਹਨ । ਪੰਜਾਬੀ ਦੀ ਇਕ ਮਸ਼ਹੂਰ ਕਹਾਵਤ ਹੈ, "ਪਿਤਾ ਆਪਣੇ ਅੱਠ ਬੱਚਿਆਂ ਦੀ ਦੇਖਭਾਲ ਕਰ ਸਕਦਾ ਹੈ, ਪਰ ਅੱਠ ਬੱਚੇ ਆਪਣੇ ਇਕ ਪਿਤਾ ਦੀ ਦੇਖਭਾਲ ਨਹੀਂ ਕਰ ਸਕਦੇ ।" ਦੂਸਰੇ ਪਾਸੇ, ਜਦੋਂ ਭਗਤ ਜੀ ਨੇ ਬੀਬੀ ਇੰਦਰਜੀਤ ਕੌਰ ਵੱਲ ਦੇਖਿਆ ਤਾਂ, ਉਹਨਾਂ ਦੇ ਚਿਹਰੇ 'ਤੇ ਅਜੀਬ ਕਿਸਮ ਦੀ ਚਮਕ ਆ ਗਈ ਸੀ । ਉਹ ਉਸਨੂੰ ਦੇਖ ਕੇ ਖ਼ੁਸ਼ ਹੋ ਗਏ ਤੇ ਉਸਨੂੰ ਉੱਥੇ ਰੁਕਣ ਲਈ ਕਿਹਾ ਤੇ ਇੰਦਰਜੀਤ ਕੌਰ ਨੇ ਭਗਤ ਜੀ ਨੂੰ ਅਜਿਹੇ ਹਾਲ 'ਚ ਛੱਡ ਕੇ ਨਾ ਜਾਣ ਦਾ ਫ਼ੈਸਲਾ ਕਰ ਲਿਆ ।

ਭਗਤ ਜੀ ਬਹੁਤ ਕਮਜ਼ੋਰ ਹੋ ਗਏ ਸਨ । ਅਪਰੇਸ਼ਨ ਤੋਂ ਬਾਅਦ, ਕਈ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ ਤੇ ਮਨੋਵਿਗਿਆਨਕ ਤੌਰ 'ਤੇ



ਉਹ ਕੁਝ ਪ੍ਰੇਸ਼ਾਨ ਹੋ ਗਏ । ਉਹ ਭੋਜਨ ਵੀ ਠੀਕ ਤਰ੍ਹਾਂ ਨਹੀਂ ਸਨ ਕਰ ਰਹੇ। ਉਹਨਾਂ ਨੂੰ ਬੈਠਣ ਤੇ ਤੁਰਨ ਦੀ ਮੁਸ਼ਕਲ ਪੈਦਾ ਹੋ ਗਈ । ਪਰ ਕੁਝ ਦਿਨਾਂ ਬਾਅਦ ਬੀਬੀ ਇੰਦਰਜੀਤ ਕੌਰ ਉਹਨਾਂ ਦੇ ਕਮਰੇ 'ਚ ਹੀ ਉਹਨਾਂ ਦੀ ਤੁਰਨ-ਫਿਰਨ 'ਚ ਸਹਾਇਤਾ ਕਰਨ ਲੱਗੀ । ਇਕ ਪਾਸਿਉਂ ਉਹਨਾਂ ਨੂੰ ਬੀਬੀ ਇੰਦਰਜੀਤ ਕੌਰ ਫੜਦੀ ਤੇ ਦੂਜੇ ਪਾਸੇ ਤੋਂ ਉਹਨਾਂ ਨੂੰ ਸੇਵਾਦਾਰ ਫੜਦਾ ਤੇ ਇੰਞ ਉਹਨਾਂ ਨੇ ਕਮਰੇ ਦੇ ਚਾਰ-ਪੰਜ ਚੱਕਰ ਲਾਉਣੇ ਸ਼ੁਰੂ ਕਰ ਦਿੱਤੇ । ਉਹਨਾਂ ਨੇ ਥੋੜ੍ਹਾ, ਬਹੁਤਾ ਭੋਜਨ ਕਰਨਾ ਸ਼ੁਰੂ ਕਰ ਦਿੱਤਾ । ਬੀਬੀ ਜੀ ਨੇ ਆਪ ਉਹਨਾਂ ਨੂੰ ਨਵ੍ਹਾਉਣਾ ਸ਼ੁਰੂ ਕਰ ਦਿੱਤਾ 'ਤੇ ਰੋਜ਼ ਉਹਨਾਂ ਦੇ ਕੱਪੜੇ ਬਦਲਣੇ ਸ਼ੁਰੂ ਕਰ ਦਿੱਤੇ । ਉਹਨਾਂ ਨੂੰ ਆਪਣਾ ਆਪ ਠੀਕ ਲੱਗਣਾ ਸ਼ੁਰੂ ਹੋ ਗਿਆ, ਪਰ ਹਾਲੀ ਵੀ ਉਹ ਕਮਜ਼ੋਰ ਬਹੁਤ ਸਨ । ਡਾਕਟਰਾਂ ਦੀ ਰਾਇ ਸੀ ਕਿ ਉਹਨਾਂ ਨੂੰ ਕੁਝ ਹੋਰ ਦਿਨ ਹਸਪਤਾਲ ਰਹਿਣਾ ਚਾਹੀਦਾ ਹੈ ।

ਹੁਣ ਭਗਤ ਜੀ ਨੇ ਥੋੜ੍ਹੀ ਬਹੁਤੀ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਹ ਅਕਸਰ ਕਹਿੰਦੇ, "ਬੀਬੀ, ਤੂੰ ਮੇਰੀ ਇਕ ਮਾਂ ਵਾਂਗ ਸੇਵਾ ਕੀਤੀ ਹੈ, ਮੇਰੇ ਬਚਪਨ 'ਚ ਮੇਰੀ ਮਾਂ ਨੇ ਤੇਰੇ ਵਾਂਗ ਡੇਢ ਮਹੀਨਾ ਮੇਰੀ ਸੇਵਾ ਕੀਤੀ ਸੀ । ਉਸੇ ਤਰ੍ਹਾਂ, ਤੂੰ ਹੁਣ ਮੇਰੀ ਸੇਵਾ ਕੀਤੀ ਹੈ।" ਪਰ ਇੰਦਰਜੀਤ ਕੌਰ ਨੇ ਜੁਆਬ ਦਿੱਤਾ ਕਿ ਸਿਰਫ਼ ਮਾਂ ਹੀ ਨਹੀਂ, ਬਲਕਿ ਧੀ ਵੀ ਉਸੇ ਤਰ੍ਹਾਂ ਸੇਵਾ ਕਰ ਸਕਦੀ ਹੈ ਤੇ ਉਹਨਾਂ ਨੂੰ ਉਸਦਾ ਧੀ ਹੋਣ ਦਾ ਹੱਕ ਨਹੀਂ ਖੋਹਣਾ ਚਾਹੀਦਾ । ਉਸਦੇ ਸੰਗਰੂਰ ਵਿਚਲੇ ਹਸਪਤਾਲ ਦਾ ਕੰਮ, ਉਹਨਾਂ ਦੀ ਗ਼ੈਰ-ਹਾਜ਼ਰੀ ਕਰਕੇ ਠੀਕ ਨਹੀਂ ਸੀ ਚੱਲ ਰਿਹਾ ਪਰ ਇੰਦਰਜੀਤ ਕੌਰ ਭਗਤ ਜੀ ਨੂੰ ਏਸ ਹਾਲਤ 'ਚ ਛੱਡ ਕੇ ਨਹੀਂ ਸੀ ਜਾ ਸਕਦੀ, ਕਿਉਂਕਿ ਭਗਤ ਜੀ ਨੇ ਉਸਦੇ ਨਾਲ, ਉਸਦੇ ਸਾਰੇ ਭੈਣ-ਭਰਾਵਾਂ ਨੂੰ ਵੀ ਅਪਣਾਇਆ ਹੋਇਆ ਸੀ ਤੇ ਇਸ ਹਾਲਤ 'ਚ ਬੱਚਿਆਂ ਦਾ ਫ਼ਰਜ਼ ਬਣਦਾ ਸੀ ਕਿ ਇਸ ਹਾਲਤ 'ਚ, ਉਹ ਆਪਣੇ ਪਿਤਾ ਦੀ ਸੇਵਾ ਕਰਨ । ਭਗਤ ਜੀ ਨੂੰ ਇੰਦਰਜੀਤ ਕੌਰ ਵਿੱਚ ਬੇਹੱਦ ਵਿਸ਼ਵਾਸ ਸੀ । ਉਹ ਹੀਣ-ਭਾਵਨਾ ਦੀ ਸਮੱਸਿਆ ਦਾ ਸ਼ਿਕਾਰ ਹੋ ਗਏ ਸਨ । ਇੰਦਰਜੀਤ ਕੌਰ ਉਹਨਾਂ ਦੀ ਮਨੋਵਿਗਿਆਨਿਕ ਹਾਲਤ ਵੀ ਦੇਖ ਰਹੇ ਸਨ । ਇਸ ਲਈ ਉਸ ਨੇ ਉਹਨਾਂ ਨੂੰ ਉਸਦੇ ਨਾਲ ਸੰਗਰੂਰ ਜਾਣ ਲਈ ਪੁੱਛਿਆ । ਪਰ ਭਗਤ ਜੀ ਨੇ ਕਿਹਾ ਕਿ ਉਹ ਜਾਣ ਨੂੰ ਤਿਆਰ ਹਨ, ਪਰ ਜੇ ਉਹਨਾਂ ਦਾ ਸਰਜਨ ਉਹਨਾਂ ਨੂੰ ਜਾਣ ਦੀ ਸਲਾਹ ਦੇ ਦੇਵੇ । ਇੰਦਰਜੀਤ ਕੌਰ ਆਪਣੇ ਹਸਪਤਾਲ ਬਾਰੇ ਵੀ ਫ਼ਿਕਰਮੰਦ ਸੀ, ਕਿਉਂਕਿ ਉਹ ਵੀਹ ਦਿਨਾਂ ਤੋਂ ਸੰਗਰੂਰ ਤੋਂ ਗ਼ੈਰ-ਹਾਜ਼ਰ ਸੀ । ਉਹ

ਸੋਚਦੀ ਸੀ ਕਿ ਸੰਗਰੂਰ ਹਸਪਤਾਲ ਵਿਖੇ ਮਰੀਜ਼ਾਂ ਨੂੰ ਬੇ-ਆਰਾਮੀ ਹੋ ਗਈ ਹੋਵੇਗੀ । ਪਰ ਭਗਤ ਜੀ ਉਹਨਾਂ ਦੀ ਦੇਖਭਾਲ 'ਚ ਆਰਾਮ ਮਹਿਸੂਸ ਕਰ ਰਹੇ ਸਨ । ਇੰਦਰਜੀਤ ਕੌਰ ਨੇ ਉਹਨਾਂ ਦਾ ਮਨ ਬਦਲਣ ਲਈ ਉਹਨਾਂ ਨੂੰ ਦਰਬਾਰ ਸਾਹਿਬ ਲੈ ਕੇ ਜਾਣ ਬਾਰੇ ਸੋਚਿਆ । ਉਸਨੇ ਉਹਨਾਂ ਦੀ ਕਾਰ 'ਚ ਬੈਠਣ ਲਈ ਮਦਦ ਕੀਤੀ ਤੇ ਉਹ ਦਰਬਾਰ ਸਾਹਿਬ ਚਲੇ ਗਏ । ਰਸਤੇ ਵਿੱਚ, ਉਹਨਾਂ ਦੀ ਕਾਰ ਇਕ ਪਲ ਲਈ ਰੁਕੀ ਤੇ ਭਗਤ ਜੀ ਕਹਿਣ ਲੱਗੇ ਕਿ ਕੀ ਉਹ ਜਲੰਧਰ ਪਹੁੰਚ ਗਏ ਹਨ ? ਇੰਦਰਜੀਤ ਕੌਰ ਨੇ ਮਹਿਸੂਸ ਕੀਤਾ ਕਿ ਭਗਤ ਜੀ ਦੇ ਮਨ 'ਚ ਇਹ ਖ਼ਿਆਲ ਸੀ ਕਿ ਉਹ ਸੰਗਰੂਰ ਜਾ ਰਹੇ ਹਨ। ਇਸ ਲਈ ਉਸਨੇ ਉਹਨਾਂ ਨੂੰ ਦੱਸਿਆ ਕਿ ਉਹ ਦਰਬਾਰ ਸਾਹਿਬ ਜਾ ਰਹੇ ਹਨ। ਉਹਨਾਂ ਨੂੰ ਘੰਟਾ ਘਰ ਦੇ ਲਾਂਘੇ ਕੋਲ ਉਤਾਰਿਆ ਗਿਆ ਤੇ ਪੌੜੀਆਂ ਉਤਰਨ 'ਚ ਉਹਨਾਂ ਦੀ ਸਹਾਇਤਾ ਕੀਤੀ ਗਈ । ਉਹ ਉੱਥੇ ਕੁਝ ਸਮੇਂ ਲਈ ਬੈਠੇ ਤੇ ਫਿਰ ਵਾਪਸ ਆ ਗਏ। ਉਸ ਦਿਨ ਭਗਤ ਜੀ ਨੇ ਬਿਹਤਰ ਮਹਿਸੂਸ ਕੀਤਾ । ਇੰਦਰਜੀਤ ਕੌਰ ਨੇ ਮਹਿਸੂਸ ਕੀਤਾ ਕਿ ਉਹਨਾਂ ਨੂੰ ਕਾਫ਼ੀ ਦਿਨ ਆਰਾਮ ਦੀ ਲੋੜ ਹੈ । ਜਦੋਂ ਉਹਨਾਂ ਨੂੰ ਹਸਪਤਾਲ ਤੋਂ ਛੁੱਟੀ ਮਿਲੀ, ਤਾਂ ਉਹ ਭਗਤ ਜੀ ਨੂੰ ਆਪਣੇ ਨਾਲ ਸੰਗਰੂਰ ਲੈ ਗਈ । ਉੱਥੇ ਜਾ ਕੇ ਉਹਨਾਂ ਨੂੰ ਹਿਚਕੀ ਆਉਣ ਲੱਗ ਪਈ, ਪਰ ਉਂਞ ਉਹ ਬਿਲਕੁਲ ਠੀਕ ਸਨ । ਇਸ ਕਰਕੇ, ਭਗਤ ਜੀ ਨੂੰ ਅੰਮ੍ਰਿਤਸਰ ਲੈ ਕੇ ਜਾਣਾ ਜ਼ਰੂਰੀ ਸੀ । ਪਰ ਉਹ, ਇਕੱਲੇ ਅੰਮ੍ਰਿਤਸਰ ਨਹੀਂ ਸਨ ਜਾਣਾ ਚਾਹੁੰਦੇ । ਇਸ ਲਈ ਡਾ. ਇੰਦਰਜੀਤ ਕੌਰ ਉਹਨਾਂ ਦੇ ਨਾਲ ਗਈ, ਪਰ ਦੋ, ਤਿੰਨ ਦਿਨਾਂ ਬਾਅਦ ਉਹ ਸੰਗਰੂਰ ਵਾਪਸ ਪਰਤ ਆਈ ਅਤੇ ਭਗਤ ਜੀ ਨਾਲ ਉਹਨਾਂ ਵਾਅਦਾ ਕੀਤਾ ਕਿ ਜਿੰਨੀ ਵੀ ਜਲਦੀ ਹੋ ਸਕਿਆ ਉਹ ਉਹਨਾਂ ਕੋਲ ਵਾਪਸ ਆ ਜਾਏਗੀ, ਕਿਉਂਕਿ ਉਹਨਾਂ ਵਰਗੀ ਸੇਵਾ ਹੋਰ ਕੋਈ ਨਹੀਂ ਸੀ ਕਰ ਸਕਦਾ । ਭਗਤ ਜੀ ਇੰਦਰਜੀਤ ਉੱਪਰ ਜ਼ਿਆਦਾ ਹੀ ਨਿਰਭਰ ਹੋ ਗਏ, ਕਿਉਂਕਿ ਉਹ ਸਮਝਦੇ ਸਨ ਕਿ ਉਹ ਉਹਨਾਂ ਦੀ ਸੇਵਾ ਏਦਾਂ ਕਰ ਰਹੀ ਹੈ, ਜਿਵੇਂ ਉਹ ਆਪਣੇ ਪਿਤਾ ਦੀ ਸੇਵਾ ਕਰ ਰਹੀ ਹੋਵੇ ।

ਡਾ. ਇੰਦਰਜੀਤ ਕੌਰ ਨੇ ਮਹਿਸੂਸ ਕੀਤਾ ਕਿ ਬਿਮਾਰੀ ਦੇ ਦੌਰਾਨ, ਭਗਤ ਜੀ ਦੀ ਸੋਚ ਕਾਫ਼ੀ ਨਿਰਾਸ਼ਾਵਾਦੀ ਹੋ ਗਈ ਸੀ। ਇੰਦਰਜੀਤ ਕੌਰ ਡਾਕਟਰ ਹੋਣ ਦੇ ਨਾਤੇ, ਉਹਨਾਂ ਦੀ ਮਾਨਸਿਕ ਹਾਲਤ ਨੂੰ ਆਸ਼ਾਵਾਦੀ ਖ਼ਿਆਲਾਂ ਨਾਲ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਸੀ ।



ਉਹ ਦਇਆਜੋਤ ਦੀ ਪੜ੍ਹਾਈ ਤੇ ਸਰੀਰਕ ਸਿਹਤ ਬਾਰੇ ਵੀ ਫ਼ਿਕਰਮੰਦ ਸਨ । ਉਹ ਚਾਹੁੰਦੇ ਸਨ ਕਿ ਉਸਦਾ ਵਿਕਾਸ ਬਹੁਤ ਹੀ ਪ੍ਰਤਿਭਾਵਾਨ ਵਿਅਕਤੀ ਵਾਂਗ ਹੋਵੇ, ਪਰ ਉਹਨਾਂ ਨੇ ਉਸਨੂੰ ਆਪਣਾ ਉਤਰਾਧਿਕਾਰੀ ਬਨਾਉਣ ਦਾ ਖ਼ਿਆਲ ਤਿਆਗ ਦਿੱਤਾ ਸੀ । ਜਦੋਂ ਵੀ ਉਹ ਇੰਦਰਜੀਤ ਨੂੰ ਮਿਲਦੇ, ਉਹ ਦਇਆਜੋਤ ਬਾਰੇ ਪੁੱਛਦੇ ਰਹਿੰਦੇ ਸਨ । ਪੜ੍ਹਾਈ 'ਚ ਤਾਂ ਭਾਵੇਂ ਉਹ ਬਹੁਤ ਹੁਸ਼ਿਆਰ ਸੀ, ਪਰ ਉਹ ਬਹੁਤ ਲਾਪ੍ਰਵਾਹ ਸੀ । ਭਗਤ ਜੀ ਨੂੰ ਅੰਮ੍ਰਿਤਸਰ ਵਿਖੇ ਆਪਣੇ ਕੰਮਾਂ ਲਈ ਇਕ ਸਹਾਇਕ ਦੀ ਲੋੜ ਸੀ, ਤੇ ਇੰਦਰਜੀਤ ਕੌਰ ਉਹਨਾਂ ਦੀ ਵੱਡੀ ਸਹਾਇਕ ਬਣ ਗਈ ਸੀ । ਇੰਦਰਜੀਤ ਕੌਰ ਨੂੰ ਆਪਣਾ ਉਤਰਾਧਿਕਾਰੀ ਬਨਾਉਣ ਦਾ ਖ਼ਿਆਲ ਉਹਨਾਂ ਦੇ ਮਨ ਅੰਦਰ ਮਜ਼ਬੂਤ ਹੁੰਦਾ ਗਿਆ । ਪਰ ਹਾਲੀ ਵੀ ਇਸ ਬਾਰੇ ਉਹਨਾਂ ਨੇ ਕਿਸੇ ਨੂੰ ਨਹੀਂ ਸੀ ਦੱਸਿਆ ।

ਇੰਦਰਜੀਤ ਕੌਰ ਦਾ ਛੋਟਾ ਭਰਾ, ਮਨਦੀਪ ਸਿੰਘ M.B.B.S ਦੇ ਅਖ਼ੀਰਲੇ ਸਾਲ 'ਚ ਸੀ । ਉਸਦੀਆਂ ਦੋ ਹੋਰ ਭੈਣਾਂ ਦੇ ਵਿਆਹ ਹੋ ਗਏ ਸਨ ਤੇ ਇਹ ਵਿਆਹ ਸਭ ਤੋਂ ਸਾਦੇ ਢੰਗ ਨਾਲ ਹੋਏ ਸਨ । ਉਸਨੂੰ ਬਹੁਤੇ ਪੈਸੇ ਖ਼ਰਚਣ ਦੀ ਆਦਤ ਨਹੀਂ ਸੀ । ਉਹ ਆਪਣੀ ਸਾਰੀ ਕਮਾਈ, ਆਪਣੇ ਮਾਤਾ ਜੀ ਨੂੰ ਦੇ ਦਿੰਦੀ ਤੇ ਉਸਦੇ ਮਾਤਾ ਜੀ ਹੀ ਪਰਿਵਾਰਕ ਜੀਆਂ ਦੀਆਂ ਸਾਰੀਆਂ ਜ਼ਰੂਰਤਾਂ ਦਾ ਧਿਆਨ ਰੱਖਦੇ ।

ਸੰਨ 1983 ਦੇ ਅਖ਼ੀਰ 'ਚ, ਅੰਮ੍ਰਿਤਸਰ ਦੀ ਹਾਲਤ ਅਤਿਵਾਦ ਕਰਕੇ ਬੜੀ ਤਣਾਉ ਵਾਲੀ ਹੋ ਗਈ ਸੀ । ਇਸ ਲਈ, ਅੰਮ੍ਰਿਤਸਰ ਤੇ ਇਸਦੇ ਨੇੜਲੇ ਇਲਾਕਿਆਂ 'ਚ ਬਹੁਤ ਸਾਰੇ ਕਤਲ ਹੋ ਗਏ । ਭਗਤ ਜੀ ਪਿੰਗਲਵਾੜੇ ਲਈ ਲਗਾਤਾਰ ਚੰਦਾ ਇਕੱਠਾ ਕਰਦੇ ਸਨ ਤੇ ਆਮ ਲੋਕਾਂ 'ਚ ਲਾਭਦਾਇਕ ਸਾਹਿਤ ਵੰਡਦੇ ਸਨ । ਹੁਣ ਉਹਨਾਂ ਨੇ ਡਾਕਟਰ ਇੰਦਰਜੀਤ ਕੌਰ ਨੂੰ ਇਸ ਗੱਲ ਲਈ ਜ਼ੋਰ ਪਾਉਣਾ ਸ਼ੁਰੂ ਕੀਤਾ ਕਿ ਉਹ ਪਿੰਗਲਵਾੜੇ ਨੂੰ ਜ਼ਿਆਦਾ ਸਮਾਂ ਦਿਆ ਕਰੇ । ਪਰ, ਇੰਦਰਜੀਤ ਕੌਰ ਲਈ ਇਹ ਕੰਮ ਬੜਾ ਮੁਸ਼ਕਲ ਸੀ, ਕਿਉਂਕਿ ਉਹ ਸੰਗਰੂਰ ਵਿਖੇ ਆਪਣੇ ਹਸਪਤਾਲ ਰਾਹੀਂ ਸਮਾਜ ਦੀ ਸੇਵਾ ਕਰਨ 'ਚ ਲੱਗੇ ਹੋਏ ਸਨ । ਪਰਿਵਾਰ ਦੀ ਕਮਾਈ ਦਾ ਸੋਮਾ ਵੀ ਇਹ ਹਸਪਤਾਲ ਹੀ ਸੀ । ਉਹ ਭਗਤ ਜੀ ਦੇ ਉਦੇਸ਼ ਦੀ ਹੌਂਸਲਾ ਅਫ਼ਜ਼ਾਈ ਕਰਦੀ ਤੇ ਪਿੰਗਲਵਾੜੇ ਲਈ ਨੇਮ ਪੂਰਵਕ ਚੰਦਾ ਵੀ ਦੇ ਰਹੀ ਸੀ ।

ਸੰਨ 1984 'ਚ, ਫ਼ੌਜੀ ਕਾਰਵਾਈ ਦੇ ਦੌਰਾਨ, ਸ੍ਰੀ ਦਰਬਾਰ ਸਾਹਿਬ 'ਚ ਬਹੁਤ ਸਾਰੇ ਲੋਕ ਮਾਰ ਦਿੱਤੇ ਗਏ, ਜਿਹਨਾਂ 'ਚ ਭੋਲੇ ਭਾਲੇ ਲੋਕ ਵੀ

ਸ਼ਾਮਲ ਸਨ । ਬਹੁਤ ਸਾਰੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਇਸ ਸਰਕਾਰੀ ਕਾਰਵਾਈ ਦੇ ਵਿਰੁੱਧ, ਲੋਕਾਂ 'ਚ ਭਾਰੀ ਰੋਸ ਸੀ। ਕੁਝ ਦਿਨਾਂ ਬਾਅਦ ਸੰਗਰੂਰ ਦੇ ਗੁਰਦੁਆਰੇ ਵਿੱਚ, ਲੋਕਾਂ ਦਾ ਬਹੁਤ ਵੱਡਾ ਇਕ ਇਕੱਠ ਕੀਤਾ ਗਿਆ । ਡਾਕਟਰ ਇੰਦਰਜੀਤ ਸਮੇਤ, ਉਸ ਇਕੱਠ 'ਚ ਪੰਦਰਾਂ ਲੋਕ ਬੋਲੇ । ਉਸਨੇ ਕਿਹਾ ਕਿ ਸਾਨੂੰ ਆਪਣੀ ਪੜਚੋਲ ਕਰਨੀ ਚਾਹੀਦੀ ਹੈ। ਅਸੀਂ ਬਹੁਤ ਸਾਰੀਆਂ ਬੁਰਾਈਆਂ ਵਿੱਚ ਫਸ ਚੁੱਕੇ ਹਾਂ ਤੇ ਰੱਬ ਨੇ ਇਸੇ ਵਾਸਤੇ ਸਾਨੂੰ ਸਜ਼ਾ ਦਿੱਤੀ ਹੈ। ਉਸ ਦੇ ਭਾਸ਼ਣ ਵਿੱਚ ਕਿਸੇ ਨੂੰ ਵੀ ਭੜਕਾਉਣ ਵਾਲੀ ਕੋਈ ਗੱਲ ਨਹੀਂ ਸੀ । ਇਸੇ ਤਰ੍ਹਾਂ ਹੋਰ ਵੀ ਕਿਸੇ ਨੇ ਕਿਸੇ ਨੂੰ ਭੜਕਾਉਣ ਵਾਲੀ ਗੱਲ ਨਹੀਂ ਸੀ ਕੀਤੀ । ਪਰ ਇਸ ਇਕੱਠ ਤੋਂ ਬਾਅਦ, ਉਹਨਾਂ ਪੰਦਰਾਂ ਵਿਅਕਤੀਆਂ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ । ਇਕ ਭਾਈ ਈਸ਼ਰ ਸਿੰਘ, ਜਿਹੜੇ ਕਿ ਨਜ਼ਰ ਤੋਂ ਹੀਣੇ ਸਨ, ਉਹਨਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ । ਉਹਨਾਂ ਸਾਰਿਆਂ 'ਚੋਂ, ਸਿਰਫ਼ ਇੰਦਰਜੀਤ ਕੌਰ ਹੀ ਇਕ ਔਰਤ ਸਨ ।

ਬਾਅਦ 'ਚ, ਉਸਨੂੰ ਸ਼ੱਕ ਹੋਇਆ ਕਿ ਸ਼ਾਇਦ ਉਸਨੂੰ ਜ਼ਿਲ੍ਹੇ ਦੇ ਸੀਨੀਅਰ ਅਧਿਕਾਰੀ ਦੇ ਕ੍ਰੋਧ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ । ਪਰ ਬਾਕੀ ਸਾਰੇ ਪੰਦਰਾਂ ਆਦਮੀਆਂ ਨੂੰ ਵੀ ਉਸਦੇ ਕਾਰਨ ਹੀ ਕਿਉਂ ਗ੍ਰਿਫ਼ਤਾਰ ਕੀਤਾ ਗਿਆ? ਬਾਅਦ ਵਿੱਚ ਇਹ ਗੱਲ ਸਿੱਧ ਹੋ ਗਈ ਕਿ ਉਸੇ ਕ੍ਰੋਧਿਤ ਅਧਿਕਾਰੀ ਦੇ ਕਾਰਨ ਏਦਾਂ ਹੋਇਆ ਸੀ । ਏਦਾਂ ਹੋਇਆ ਸੀ ਕਿ ਇਕ ਆਦਮੀ ਜਿਹੜਾ ਕਿ ਇੰਦਰਜੀਤ ਕੌਰ ਦਾ ਜਾਣੂ ਸੀ, ਇਕ ਦੂਸਰੇ ਆਦਮੀ ਨੂੰ ਲੈ ਕੇ ਉਸਦੇ ਹਸਪਤਾਲ ਆਇਆ ਸੀ । ਉਸਨੇ ਡਾ. ਇੰਦਰਜੀਤ ਕੌਰ ਨੂੰ ਉਸ ਅਧਿਕਾਰੀ ਦਾ ਸੁਨੇਹਾ ਦਿੱਤਾ ਸੀ ਕਿ ਉਸ ਆਦਮੀ ਨੂੰ ਇਕ ਮੈਡੀਕਲ ਪ੍ਰਮਾਣ-ਪੱਤਰ ਦਿੱਤਾ ਜਾਵੇ, ਜਿਸ 'ਚ ਉਸਨੂੰ ਹਸਪਤਾਲ 'ਚ ਕੁਝ ਦਿਨਾਂ ਲਈ ਦਾਖ਼ਲ ਕੀਤਾ ਹੋਇਆ ਦਿਖਾਇਆ ਜਾਵੇ । ਡਾ. ਇੰਦਰਜੀਤ ਕੌਰ ਨੇ ਇੰਞ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਕਿਉਂਕਿ ਉਸਨੇ ਬੀਤੇ ਸਮੇਂ 'ਚ ਕਦੀ ਵੀ ਕੋਈ ਗ਼ਲਤ ਕੰਮ ਨਹੀਂ ਸੀ ਕੀਤਾ । ਇੱਥੋਂ ਤਕ ਕਿ ਉਸ ਜਾਣੂ ਵਿਅਕਤੀ ਨੇ ਵੀ ਉਸਨੂੰ ਸਰਟੀਫ਼ਿਕੇਟ ਦੇਣ ਲਈ ਜ਼ੋਰ ਪਾਇਆ ਤਾਂ ਕਿ ਉਹ ਕਿਸੇ ਮੁਸੀਬਤ 'ਚ ਨਾ ਫਸ ਜਾਵੇ, ਪਰ ਉਹ ਇਸ ਗੱਲ ਲਈ ਨਹੀਂ ਸੀ ਮੰਨੀ ।

ਜਦੋਂ ਉਹਨਾਂ ਸਾਰਿਆਂ ਨੂੰ ਜੇਲ੍ਹ ਭੇਜਿਆ ਗਿਆ ਤਾਂ ਡਾ. ਇੰਦਰਜੀਤ



ਕੌਰ ਨੂੰ ਉਹਨਾਂ ਨੇ ਜੇਲ੍ਹ ਦੇ ਨਿਯਮਾਂ ਅਨੁਸਾਰ ਆਪਣਾ "ਸਿਰੀ ਸਾਹਿਬ" ਲਾਹੁਣ ਨੂੰ ਕਿਹਾ, ਪਰ ਉਸਨੇ ਇਨਕਾਰ ਕਰ ਦਿੱਤਾ । ਇਹ ਤਕਰਾਰ ਲੱਗਭਗ ਇਕ ਘੰਟੇ ਤਕ ਚੱਲੀ ਤੇ ਅਖ਼ੀਰ ਉਹਨਾਂ ਨੇ ਸਿਰੀ ਸਾਹਿਬ ਉਤਾਰ ਦਿੱਤਾ । ਪਰ ਉਹ ਇਸ ਨਾਲ ਬਹੁਤ ਪ੍ਰੇਸ਼ਾਨ ਹੋ ਗਈ ਤੇ ਸਾਰੀ ਰਾਤ ਸੌਂ ਨਾ ਸਕੀ । ਅਗਲੀ ਸਵੇਰ ਨੂੰ, ਜਦੋਂ ਉਹਨਾਂ ਨੂੰ ਚਾਹ ਪੀਣ ਲਈ ਕਿਹਾ ਗਿਆ ਤਾਂ ਉਹਨਾਂ ਇਨਕਾਰ ਕਰ ਦਿੱਤਾ, ਕਿਉਂਕਿ ਉਸਨੂੰ ਉਸ ਸਮੇਂ ਚਾਹ ਪੀਣ ਦੀ ਆਦਤ ਨਹੀਂ ਸੀ । ਇਸ ਗੱਲ ਤੋਂ ਇਹ ਸਮਝਿਆ ਗਿਆ ਕਿ ਸ਼ਾਇਦ ਉਸਨੇ ਵਰਤ ਰੱਖਿਆ ਹੋਇਆ ਹੈ । ਜੇਲ ਦਾ ਨਿਗਰਾਨ ਆਪ ਉਸ ਕੋਲ ਆਇਆ ਤੇ ਉਸਨੂੰ ਆਪਣੀਆਂ ਜ਼ਿੰਮੇਵਾਰੀਆਂ ਦੀਆਂ ਮਜਬੂਰੀਆਂ ਬਾਰੇ ਦੱਸਣ ਲੱਗਾ । ਪਰ ਉਸਨੇ ਉਸਦਾ ਸ਼ੱਕ ਦੂਰ ਕਰ ਦਿੱਤਾ । ਇਹ ਖ਼ਬਰ ਸਾਰੇ ਸ਼ਹਿਰ 'ਚ ਫੈਲ ਗਈ ਤੇ ਅਖ਼ਬਾਰਾਂ 'ਚ ਵੀ ਛਪ ਗਈ ।

ਸੰਤ ਹਰਚੰਦ ਸਿੰਘ ਲੌਂਗੋਵਾਲ ਉਹਨਾਂ ਦੇ ਪਰਿਵਾਰਕ ਮਿੱਤਰ ਸਨ, ਉਹਨਾਂ ਨੂੰ ਅਤੇ ਫੌਜਾ ਸਿੰਘ, ਜਿਹਨਾਂ ਨੂੰ ਸੰਨ 1978 'ਚ ਮਾਰ ਦਿੱਤਾ ਗਿਆ ਸੀ, ਉਹਨਾਂ ਦੀ ਵਿਧਵਾ ਬੀਬੀ ਅਮਰਜੀਤ ਕੌਰ ਨੂੰ ਦਰਬਾਰ ਸਾਹਿਬ ਵਿੱਚੋਂ ਗ੍ਰਿਫ਼ਤਾਰ ਕਰਕੇ ਰਾਜਸਥਾਨ ਦੀ ਜੇਲ੍ਹ 'ਚ ਭੇਜ ਦਿੱਤਾ ਗਿਆ । ਸੰਤ ਲੌਂਗੋਵਾਲ ਇਕ ਵੱਡੀ ਰਾਜਨੀਤਕ ਹਸਤੀ ਸਨ ਤੇ ਉਸ ਲੜਾਈ ਦੇ ਮੁਖੀ ਸਨ, ਜੋ ਸਰਕਾਰ ਦੇ ਵਿਰੁੱਧ-ਲੜੀ ਜਾ ਰਹੀ ਸੀ । ਬੀਬੀ ਅਮਰਜੀਤ ਕੌਰ ਜ਼ਿਆਦਾ ਸਮਾਂ ਦਰਬਾਰ ਸਾਹਿਬ 'ਚ ਰਹਿੰਦਿਆਂ ਹੋਇਆਂ, ਸਿਰਫ਼ ਪ੍ਰਭੂ-ਭਗਤੀ 'ਚ ਹੀ ਲੀਨ ਰਹਿੰਦੇ ਸਨ । ਡਾ. ਇੰਦਰਜੀਤ ਕੌਰ ਨੂੰ ਇਸ ਗੱਲ ਨੇ ਬੜੀ ਠੇਸ ਪਹੁੰਚਾਈ ਤੇ ਉਸਨੇ ਉਹਨਾਂ ਨੂੰ ਰਾਜਸਥਾਨ ਜੇਲ੍ਹ 'ਚ ਜਾਕੇ ਮਿਲਣ ਦਾ ਫ਼ੈਸਲਾ ਕਰ ਲਿਆ । ਸੰਤ ਲੌਂਗੋਵਾਲ ਉਦੇਪੁਰ 'ਚ ਸਨ ਤੇ ਬੀਬੀ ਅਮਰਜੀਤ ਕੌਰ ਜੋਧਪੁਰ 'ਚ ਸਨ । ਦੋਵਾਂ ਥਾਵਾਂ 'ਚ ਕਾਫ਼ੀ ਫ਼ਾਸਲਾ ਸੀ ਤੇ ਇਸ ਫ਼ਾਸਲੇ ਤੋਂ ਇਲਾਵਾ ਉਸ ਵੇਲੇ ਜੇਲ੍ਹ ਦੇ ਅੰਦਰ ਕੈਦੀਆਂ ਨੂੰ ਮਿਲਣ ਦੀ ਆਗਿਆ ਲੈਣ ਵਾਸਤੇ ਬਹੁਤ ਸਾਰੀਆਂ ਹੋਰ ਕਾਰਵਾਈਆਂ ਕਰਨੀਆਂ ਪੈਣੀਆਂ ਸਨ। ਇਸ ਕਾਰਵਾਈ ਨੂੰ ਪੂਰੇ ਹੋਣ 'ਚ ਕਈ ਦਿਨ ਲੱਗ ਗਏ । ਉਹ ਉਹਨਾਂ ਦੋਹਾਂ ਨੂੰ ਮਿਲੀ ਤੇ ਜੇਲ੍ਹ ਵਿੱਚ ਉਹਨਾਂ ਦੇ ਕੰਮ ਆਉਣ ਵਾਲੀਆਂ ਕਈ ਚੀਜ਼ਾਂ ਉਹਨਾਂ ਨੂੰ ਦਿੱਤੀਆਂ । ਉਹ ਹੋਰ ਜੇਲ੍ਹਾਂ 'ਚ ਵੀ ਗਈ, ਜਿੱਥੇ ਭੋਲੇ-ਭਾਲੇ ਸਿੱਖਾਂ ਨੂੰ ਦਰਬਾਰ-ਸਾਹਿਬ ਚੋਂ ਗ੍ਰਿਫ਼ਤਾਰ ਕਰਕੇ ਲਿਆਂਦਾ ਗਿਆ ਸੀ ਤੇ ਉਹਨਾਂ ਨੂੰ ਆਪਣੇ ਕੋਲੋਂ ਹੀ ਜ਼ਰੂਰੀ ਸਮਾਨ ਵੀ ਦਿੱਤਾ ।

ਸੰਨ 1986 ਵਿੱਚ ਜਦੋਂ ਡਾ. ਇੰਦਰਜੀਤ ਕੌਰ ਪਿੰਗਲਵਾੜੇ ਆਈ, ਤਾਂ ਭਗਤ ਜੀ ਨੇ ਉਹਨਾਂ ਨੂੰ ਵੱਖ-ਵੱਖ ਵਾਰਡਾਂ ਵਿੱਚ ਜਾਣ ਲਈ ਤੇ ਉੱਥੋਂ ਦੀ ਲਿਖਤੀ ਰਿਪੋਰਟ ਦੇਣ ਲਈ ਕਿਹਾ । ਉਸ ਸਮੇਂ ਤੱਕ ਭਗਤ ਜੀ ਨੇ ਡਾ. ਇੰਦਰਜੀਤ ਕੌਰ ਨੂੰ "ਬੀਬੀ" ਕਹਿਣਾ ਸ਼ੁਰੂ ਕਰ ਦਿੱਤਾ ਸੀ। ਉਹ ਵੱਖ-ਵੱਖ ਵਾਰਡਾਂ 'ਚ ਗਈ ਤੇ ਲਿਖਤੀ ਰਿਪੋਰਟ ਲਿਆ ਕੇ ਭਗਤ ਜੀ ਨੂੰ ਦਿੱਤੀ । ਉਸ ਨੇ ਕਿਸੇ ਵੀ ਚੀਜ਼ ਦੀ ਕਮੀ ਬਾਰੇ ਨਹੀਂ ਕਿਹਾ, ਬਲਕਿ ਇਹੋ ਜਿਹੇ ਸੁਝਾਅ ਦਿੱਤੇ, ਜਿਸ ਨਾਲ ਪਿੰਗਲਵਾੜੇ ਦੀ ਸਥਿਤੀ ਨੂੰ ਹੋਰ ਸੁਧਾਰਿਆ ਜਾ ਸਕਦਾ ਸੀ । ਸ਼ਾਇਦ ਭਗਤ ਜੀ ਪਿੰਗਲਵਾੜੇ ਦੇ ਕੰਮਾਂ 'ਚ ਉਹਨਾਂ ਦੀ ਦਿਲਚਸਪੀ ਦਾ ਇਮਤਿਹਾਨ ਲੈ ਰਹੇ ਸਨ ।

ਭਗਤ ਪੂਰਨ ਸਿੰਘ ਨੇ ਰਿਪੋਰਟ ਦੇਖੀ ਤੇ ਉਹਨਾਂ ਦੇ ਸੁਝਾਵਾਂ ਨੂੰ ਧਿਆਨ ਨਾਲ ਪੜ੍ਹਿਆ । ਬਾਅਦ ਵਿੱਚ ਉਹਨਾਂ ਨੇ ਆਪਣੇ ਦਿਲ ਦੀ ਗੱਲ ਡਾ. ਇੰਦਰਜੀਤ ਕੌਰ ਨਾਲ ਕੀਤੀ ਕਿ ਉਹ ਉਹਨਾਂ ਨੂੰ ਬੜੀ ਵੱਡੀ ਜ਼ਿੰਮੇਵਾਰੀ ਸੌਂਪਣਾ ਚਾਹੁੰਦੇ ਹਨ ਤੇ ਉਹਨਾਂ ਨੂੰ ਪੂਰੀ ਉਮੀਦ ਹੈ ਕਿ ਉਹ ਇਸ ਤੋਂ ਇਨਕਾਰ ਨਹੀਂ ਕਰੇਗੀ ਤੇ ਉਹਨਾਂ ਦੀਆਂ ਉਮੀਦਾਂ 'ਤੇ ਪੂਰੀ ਉੱਤਰੇਗੀ । ਭਾਵੇਂ ਡਾ. ਇੰਦਰਜੀਤ ਕੌਰ ਭਗਤ ਜੀ ਦੀ ਸਹਾਇਤਾ ਕਰਨੀ ਚਾਹੁੰਦੀ ਸੀ, ਪਰ ਉਸਨੇ ਭਗਤ ਜੀ ਨੂੰ ਪੂਰੀ ਤਰ੍ਹਾਂ ਖੁੱਲ੍ਹ ਕੇ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਸਨੇ ਆਪਣੇ ਪਿਤਾ ਜੀ ਨੂੰ ਵੀ ਇਹ ਵਚਨ ਦਿੱਤਾ ਸੀ ਕਿ ਉਹ ਉਹਨਾਂ ਦੀ ਮੌਤ ਤੋਂ ਬਾਅਦ, ਹਸਪਤਾਲ ਦਾ ਕੰਮ ਨਹੀਂ ਛੱਡੇਗੀ ਤੇ ਸਮਾਜ ਸੇਵਾ ਵੀ ਕਰਦੀ ਰਹੇਗੀ । ਉਸਨੇ ਕਿਹਾ ਕਿ ਉਹ ਪਿੰਗਲਵਾੜੇ 'ਚ ਸੇਵਾ ਤਾਂ ਕਰਦੀ ਰਹੇਗੀ, ਪਰ ਅੰਮ੍ਰਿਤਸਰ ਪੱਕੀ ਤਰ੍ਹਾਂ ਰਹਿ ਕੇ ਪਿੰਗਲਵਾੜੇ ਦਾ ਕੰਮ ਕਰਨ ਤੋਂ ਹਿਚਕਿਚਾ ਰਹੀ ਸੀ । ਪਰ ਭਗਤ ਜੀ ਪਿੰਗਲਵਾੜੇ ਲਈ ਫ਼ਿਕਰਮੰਦ ਸਨ ਤੇ ਉਹਨਾਂ ਨੇ ਡਾ. ਇੰਦਰਜੀਤ ਕੌਰ ਦੇ ਸਾਹਮਣੇ ਰਜਿਸਟਰ ਰੱਖ ਕੇ ਉਹਨਾਂ ਨੂੰ ਉਸ 'ਤੇ ਆਪਣੇ ਦਸਤਖ਼ਤ ਕਰਨ ਨੂੰ ਕਿਹਾ । ਉਸਨੇ ਉਸ ਵਿਚਲੀ ਇਕ ਮੀਟਿੰਗ ਦੀਆਂ ਕਾਰਵਾਈਆਂ ਬਾਰੇ ਪੜ੍ਹਿਆ । ਉਸਦੇ ਵਿੱਚ ਇਕ ਮਤਾ ਸੀ, ਜਿਸ 'ਚ ਉਹਨਾਂ ਨੂੰ ਪਿੰਗਲਵਾੜੇ ਦੀ ਸੁਸਾਇਟੀ ਦੀ ਇਕ ਮੈਂਬਰ ਦੇ ਤੌਰ 'ਤੇ ਨਾਮਜ਼ਦ ਕੀਤਾ ਗਿਆ ਸੀ । ਉਸਨੂੰ ਦਸਤਖ਼ਤ ਕਰਕੇ ਇਹ ਤਸੱਲੀ ਹੋ ਗਈ ਕਿ ਉਹ ਵੀ ਸੱਤਾਂ ਮੈਂਬਰਾਂ 'ਚੋਂ ਇਕ ਮੈਂਬਰ ਹੈ । ਇਸ ਕਰਕੇ ਇਹ ਕੰਮ ਪੂਰੇ ਸਮੇਂ ਲਈ ਨਹੀਂ ਸੀ ।

ਸੰਨ 1988 ਦੇ ਸਤੰਬਰ ਮਹੀਨੇ 'ਚ, ਪੰਜਾਬ ਤੇ ਹਿਮਾਚਲ ਪ੍ਰਦੇਸ਼



'ਚ ਬਹੁਤ ਬਾਰਸ਼ਾਂ ਹੋਈਆਂ ਤੇ ਨਦੀਆਂ 'ਚ ਹੜ੍ਹ ਆ ਗਏ । ਜਿਹੜੇ ਲੋਕ ਨਦੀਆਂ ਦੇ ਕਿਨਾਰੇ 'ਤੇ ਵੱਸੇ ਹੋਏ ਸਨ, ਉਹ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ । ਕੁਝ ਪਿੰਡ ਤਾਂ ਹੜ੍ਹਾਂ 'ਚ ਪੂਰੀ ਤਰ੍ਹਾਂ, ਰੁੜ੍ਹ ਗਏ ਸਨ । ਬਹੁਤ ਸਾਰੇ ਲੋਕ, ਪਾਣੀ ਦੇ ਤੇਜ਼ ਵਹਾਅ ਨਾਲ ਰੁੜ੍ਹ ਗਏ । ਰੇਲਵੇ ਤੇ ਬੱਸਾਂ, ਭਾਵ ਕਿ ਆਉਣ ਜਾਣ ਦੇ ਸਾਧਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ । ਫ਼ਸਲਾਂ ਬਰਬਾਦ ਹੋ ਗਈਆਂ ਸਨ । ਇੰਦਰਜੀਤ ਕੌਰ ਨੇ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਜ਼ਿੰਮੇਵਾਰੀ ਲੈ ਲਈ । ਉਹਨਾਂ ਨੂੰ ਆਟਾ, ਚਾਹ, ਖੰਡ, ਦਾਲਾਂ, ਕੱਪੜਿਆਂ ਆਦਿ ਦੀ ਸਹਾਇਤਾ ਪਹੁੰਚਾਈ ਗਈ । ਉਸਨੇ ਸੰਗਰੂਰ ਤੇ ਨੇੜਲੇ ਇਲਾਕਿਆਂ ਤੋਂ ਸਮਾਨ ਇਕੱਠਾ ਕਰਕੇ ਟਰੱਕਾਂ ਰਾਹੀਂ ਲੋਕਾਂ 'ਚ ਵੰਡਣ ਲਈ ਭੇਜਿਆ ।

ਇੰਦਰਜੀਤ ਕੌਰ ਨੇ ਆਪਣੇ ਦੋਸਤਾਂ ਮਿੱਤਰਾਂ ਦੀ ਸਹਾਇਤਾ ਨਾਲ ਲੋਕਾਂ ਕੋਲੋਂ ਪੈਸੇ ਤੇ ਕੱਪੜੇ ਇਕੱਠੇ ਕੀਤੇ ਤੇ ਇਹਨਾਂ ਚੀਜ਼ਾਂ ਨਾਲ ਟਰੱਕ ਭਰ ਕੇ ਅੰਮ੍ਰਿਤਸਰ ਆ ਗਏ । ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹੇ ਦੇ ਪ੍ਰਭਾਵਿਤ ਇਲਾਕਿਆਂ ਬਾਰੇ ਪੁੱਛ-ਪੜਤਾਲ ਕਰਕੇ, ਇਕ ਟੀਮ, ਇਹਨਾਂ ਇਲਾਕਿਆਂ 'ਚ ਸਮਾਨ ਵੰਡਣ ਨੂੰ ਭੇਜੀ ।

ਇਹਨਾਂ ਇਲਾਕਿਆਂ 'ਚ ਪ੍ਰਭਾਵਿਤ ਲੋਕਾਂ ਲਈ, ਡਾ. ਇੰਦਰਜੀਤ ਕੌਰ ਖ਼ਾਸ ਦਵਾਈਆਂ ਵੀ ਨਾਲ ਲੈ ਗਏ । ਗੁਰਦਾਸਪੁਰ ਜ਼ਿਲ੍ਹੇ 'ਚ, ਉਸਨੇ ਦੇਖਿਆ ਕਿ ਰਾਵੀ ਦੇ ਕੰਢੇ ਵੱਸੇ ਕਈ ਪਿੰਡ ਤਾਂ ਹੜ੍ਹਾਂ ਨਾਲ ਪੂਰੀ ਤਰ੍ਹਾਂ ਰੁੜ੍ਹ ਗਏ ਸਨ ਤੇ ਘਰਾਂ ਦੀ ਰਹਿੰਦ ਖੂੰਹਦ ਹੀ ਨਜ਼ਰ ਆਉਂਦੀ ਸੀ ।

ਹਾਲੀ ਵੀ, ਬਹੁਤ ਸਾਰੇ ਪਿੰਡਾਂ ਦੁਆਲੇ, ਬਹੁਤ ਸਾਰਾ ਪਾਣੀ ਖੜ੍ਹਾ ਸੀ । ਲੋਕੀਂ ਹੜ੍ਹਾਂ ਨਾਲ ਹੋਈ ਤਬਾਹੀ ਬਾਰੇ ਦੱਸ ਰਹੇ ਸਨ । ਲੋਕ ਆਪਣੇ ਪਿਆਰੇ ਤੇ ਨੇੜਲੇ ਰਿਸ਼ਤੇਦਾਰਾਂ ਆਦਿ ਨੂੰ ਹੜ੍ਹਾਂ 'ਚ ਵਹਿੰਦੇ ਹੋਏ ਦੇਖਦੇ ਰਹੇ, ਪਰ ਉਹਨਾਂ ਦੀ ਜਾਨ ਬਚਾਉਣ ਲਈ ਬੇਵੱਸ ਸਨ । ਪਿਤਾ ਨੇ ਪੁੱਤਰ ਨੂੰ ਤੇ ਪੁੱਤਰ ਨੇ ਪਿਤਾ ਨੂੰ ਰੁੜ੍ਹਦਿਆਂ ਦੇਖਿਆ, ਪਰ ਪਾਣੀ ਦੇ ਵਹਾਉ ਤੋਂ ਉਹਨਾਂ ਨੂੰ ਬਚਾਉਣ ਲਈ ਉਹ ਕੁਝ ਨਾ ਕਰ ਸਕੇ । ਭਰਾਵਾਂ ਨੇ ਭਰਾਵਾਂ ਨੂੰ ਰੁੜਦਿਆਂ ਦੇਖਿਆ ਤੇ ਕਈ ਲੋਕ ਬਹੁਤ ਸਾਰੇ ਪਸ਼ੂਆਂ ਨੂੰ ਪਾਣੀ 'ਚ ਰੁੜ੍ਹਦੇ ਦੇਖਦੇ ਰਹੇ । ਇੰਦਰਜੀਤ ਕੌਰ ਉੱਥੇ ਤਿੰਨ ਦਿਨ ਰਹਿ ਕੇ, ਲੋਕਾਂ ਨੂੰ ਰਾਹਤ ਪਹੁੰਚਾਉਂਦੀ ਰਹੀ ਤੇ ਉਹਨਾਂ ਦਾ ਦੁਖ ਵੰਡਾਉਂਦੀ ਰਹੀ । ਜਦੋਂ ਉਹ ਪਿੰਡਾਂ 'ਚ ਗਈ, ਤਾਂ ਉਸਨੇ ਬਹੁਤ ਸਾਰੇ ਲੋਕਾਂ ਨੂੰ ਵੱਖ-ਵੱਖ ਬਿਮਾਰੀਆਂ ਤੋਂ

ਪੀੜ੍ਹਿਤ ਦੇਖਿਆ, ਪਰ ਉਹਨਾਂ ਦੇ ਇਲਾਜ ਨਾ ਹੋਣ ਤੇ ਉਹਨਾਂ ਦੇ ਠੀਕ ਨਾ ਹੋਣ 'ਚ, ਗ਼ਰੀਬੀ ਹੀ ਵੱਡਾ ਕਾਰਨ ਸੀ । ਔਰਤਾਂ ਤੇ ਬਜ਼ੁਰਗਾਂ ਨੇ, ਇਸ ਟੀਮ ਦੇ ਸਾਰੇ ਲੋਕਾਂ ਨੂੰ ਅਸੀਸਾਂ ਦਿੱਤੀਆਂ ਤੇ ਇਸ ਨਾਲ ਡਾ. ਇੰਦਰਜੀਤ ਕੌਰ ਨੂੰ ਖ਼ੁਸ਼ੀ ਦਾ ਅਦੁੱਤੀ ਅਹਿਸਾਸ ਹੋਇਆ ।

ਸੰਨ 1988 'ਚ, ਭਗਤ ਜੀ ਨੇ ਇਕ ਮਤਾ ਪਾਸ ਕੀਤਾ, ਜਿਸ 'ਚ, ਡਾ. ਇੰਦਰਜੀਤ ਕੌਰ ਨੂੰ All India Pingalwara Society ਦੀ ਵਾਈਸ-ਪ੍ਰੈਜ਼ੀਡੈਂਟ ਨਿਯੁਕਤ ਕਰ ਦਿੱਤਾ ਤੇ ਫੇਰ ਉਹਨਾਂ ਨੂੰ ਉਸ ਮਤੇ ' ਤੇ ਦਸਤਖ਼ਤ ਕਰਨ ਲਈ ਕਿਹਾ ਗਿਆ । ਭਾਵੇਂ ਉਹ ਇਸ ਨਿਸ਼ਕਾਮ ਸੇਵਾ ਨਾਲ ਜੁੜ ਕੇ ਖ਼ੁਸ਼ ਸਨ, ਪਰ ਉਹਨਾਂ ਨੂੰ ਇਹ ਖ਼ਿਆਲ ਕਦੀ ਨਹੀਂ ਸੀ ਆਇਆ ਕਿ ਇਹ ਸੇਵਾ ਕੁਲਵਕਤੀ ਸਮੇਂ ਦੀ ਹੋਵੇਗੀ ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਇਸ ਸੇਵਾ 'ਚ ਸ਼ਾਮਲ ਹੋਣਾ ਪਏਗਾ । ਇਸ ਵੇਲੇ ਤੱਕ, ਉਸਦਾ ਇਹੋ ਖ਼ਿਆਲ ਸੀ ਕਿ ਉਹ ਵੀ ਸੰਸਥਾ ਦੇ ਹੋਰ ਮੈਂਬਰਾਂ ਵਾਂਗ ਇਕ ਮੈਂਬਰ ਹੀ ਹੈ ।

ਇਸ ਤੋਂ ਬਾਅਦ, ਭਗਤ ਜੀ ਨੇ ਇੰਦਰਜੀਤ ਕੌਰ ਨੂੰ ਬਿਨਾਂ ਸੂਚਿਤ ਕੀਤਿਆਂ, ਉਸਨੂੰ ਇਸ ਸੰਸਥਾ ਦੀ ਆਪਣੀ ਉਤਰਾਧਿਕਾਰੀ ਬਨਾਉਣ ਲਈ ਆਪਣੀ ਵਸੀਅਤ ਬਣਾ ਲਈ ।

ਪਰ ਸੰਨ ਜੂਨ 1992 ਵਿੱਚ, ਭਗਤ ਜੀ ਨੂੰ ਅੰਤੜੀਆਂ ਦੀ ਰੁਕਾਵਟ ਦੀ ਬਿਮਾਰੀ ਨੇ ਘੇਰ ਲਿਆ ਤੇ ਉਹਨਾਂ ਨੂੰ ਛੇਤੀ ਨਾਲ ਸਰਦਾਰ ਵਰਿਆਮ ਸਿੰਘ ਦੇ ਹਸਪਤਾਲ 'ਚ ਦਾਖ਼ਲ ਕਰਾਇਆ ਗਿਆ । ਕਿਸੇ ਸੇਵਾਦਾਰ ਨੇ ਡਾ. ਇੰਦਰਜੀਤ ਕੌਰ ਨੂੰ ਇਸ ਬਾਰੇ ਸੂਚਿਤ ਕੀਤਾ ਤੇ ਉਹ ਫ਼ਟਾਫ਼ਟ ਉੱਥੇ ਪਹੁੰਚ ਗਈ । ਉਸਨੇ ਡਾਕਟਰ ਦਾ ਵਿਹਾਰ ਦੇਖਿਆ ਤੇ ਬਿਮਾਰੀ ਨੂੰ ਸਮਝਣ 'ਚ ਉਹਨਾਂ ਦੀ ਅਸਮਰਥਾ ਮਹਿਸੂਸ ਕੀਤੀ । ਉਸ ਨੂੰ ਉੱਥੇ ਤਸੱਲੀ ਨਹੀਂ ਸੀ ਤੇ ਉਹ ਉਹਨਾਂ ਨੂੰ ਚੰਡੀਗੜ੍ਹ ਲੈ ਕੇ ਜਾਣਾ ਚਾਹੁੰਦੀ ਸੀ । ਉਸਨੂੰ ਦੱਸਿਆ ਗਿਆ ਕਿ ਇਸ ਹਾਲਤ 'ਚ, ਉਹਨਾਂ ਨੂੰ ਚੰਡੀਗੜ੍ਹ ਲੈ ਕੇ ਜਾਣਾ ਸੁਰੱਖਿਅਤ ਨਹੀਂ ਹੈ ਤੇ ਇਸ ਲਈ ਉੱਥੇ ਹੀ ਉਹਨਾਂ ਦਾ ਅਪਰੇਸ਼ਨ ਕਰ ਦਿੱਤਾ ਗਿਆ, ਪਰ ਇਸ ਤੋਂ ਬਾਅਦ ਉਹਨਾਂ ਦੀ ਹਾਲਤ ਹੋਰ ਵਿਗੜ ਗਈ ।

ਇਸ ਤੋਂ ਕੁਝ ਦਿਨਾਂ ਬਾਅਦ, ਭਗਤ ਜੀ ਨੂੰ ਫੇਰ ਅਪਰੇਸ਼ਨ ਥੀਏਟਰ 'ਚ ਲਿਆਂਦਾ ਗਿਆ ਤੇ ਉਹਨਾਂ ਦੇ ਟਾਂਕੇ ਖੋਲ੍ਹੇ ਗਏ । ਇਹਨਾਂ ਟਾਂਕਿਆਂ ਨੂੰ ਸਾਫ਼ ਕਰਕੇ, ਦੁਬਾਰਾ ਨਵੇਂ ਟਾਂਕੇ ਲਗਾਏ ਗਏ । ਭਗਤ ਜੀ



ਦੇ ਅਪਰੇਸ਼ਨ ਦੀਆਂ ਖ਼ਬਰਾਂ ਅਖ਼ਬਾਰਾਂ 'ਚ ਛਪ ਗਈਆਂ ਤੇ ਹਸਪਤਾਲ ਦੇ ਸਾਹਮਣੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਪਰ ਡਾਕਟਰਾਂ ਨੇ ਕਿਸੇ ਨੂੰ ਵੀ ਉਹਨਾਂ ਨੂੰ ਦੇਖਣ ਦੀ ਆਗਿਆ ਨਹੀਂ ਦਿੱਤੀ, ਇਸ ਲਈ ਉਹ ਬਾਹਰ ਖੜ੍ਹੇ-ਖੜ੍ਹੇ ਹੀ ਉਹਨਾਂ ਦੀ ਸਿਹਤਯਾਬੀ ਲਈ ਅਰਦਾਸ ਕਰਕੇ ਵਾਪਸ ਚਲੇ ਗਏ। ਅਗਲੇ ਦਿਨ, ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਉਹਨਾਂ ਦੀ ਸਿਹਤ ਦਾ ਹਾਲ ਚਾਲ ਪਤਾ ਕਰਨ ਆਏ ਤੇ ਡਾ. ਇੰਦਰਜੀਤ ਕੌਰ ਨੂੰ ਮਿਲੇ । ਪਰ ਜਦੋਂ ਉਹ ਭਗਤ ਜੀ ਕੋਲ ਬੈਠੇ ਤਾਂ ਭਗਤ ਜੀ ਉਹਨਾਂ ਨੂੰ ਦਰਖ਼ਤ ਲਗਾਉਣ 'ਚ ਵਾਧਾ ਕਰਨ ਲਈ ਤੇ ਮੈਂਟਲ ਹਸਪਤਾਲ ਦੇ ਮਰੀਜ਼ਾਂ ਦੇ ਭੋਜਨ ਦੇ ਖ਼ਰਚੇ ਵਧਾਉਣ ਬਾਰੇ ਪੁੱਛਣ ਲੱਗ ਪਏ । ਬੇਅੰਤ ਸਿੰਘ ਜੀ ਬਹੁਤ ਹੈਰਾਨ ਹੋਏ ਕਿ ਉਹ ਵਾਤਾਵਰਣ ਬਾਰੇ ਤੇ ਮਰੀਜ਼ਾਂ ਬਾਰੇ ਕਿੰਨੇ ਫ਼ਿਕਰਮੰਦ ਹਨ। ਪਰ ਉਹਨਾਂ ਨੂੰ ਅਹਿਸਾਸ ਹੋਇਆ ਕਿ ਭਗਤ ਜੀ ਨੂੰ ਖ਼ਾਸ ਇਲਾਜ ਦੀ ਜ਼ਰੂਰਤ ਹੈ; ਇਸ ਲਈ ਉਹਨਾਂ ਨੇ ਪ੍ਰਸ਼ਾਸਨ ਨੂੰ ਇਕ ਹੈਲੀਕਾਪਟਰ ਦਾ, ਪ੍ਰਬੰਧ ਕਰਨ ਲਈ ਕਿਹਾ, ਤਾਂ ਜੋ ਉਹਨਾਂ ਨੂੰ P.G.I. ਚੰਡੀਗੜ੍ਹ ਲਿਜਾਇਆ ਜਾ ਸਕੇ ।

P.G.I 'ਚ ਵਧੀਆ ਤੇ ਬਿਹਤਰ ਸਹੂਲਤਾਂ ਸਨ । ਇਲਾਜ ਵਾਸਤੇ ਇਕ ਖ਼ਾਸ ਟੀਮ ਬਣਾਈ ਗਈ । P.G.I. 'ਚ ਉਹਨਾਂ ਦਾ ਤੀਸਰੀ ਵਾਰੀ ਅਪਰੇਸ਼ਨ ਕੀਤਾ ਗਿਆ, ਪਰ ਉਹਨਾਂ ਦੀ ਸਿਹਤ 'ਚ ਕੋਈ ਸੁਧਾਰ ਨਾ ਹੋਇਆ । ਉਹ ਸਿਰਫ਼ ਇਕ ਦਿਨ ਲਈ ਹੀ ਹੋਸ਼ ਵਿੱਚ ਰਹੇ । ਅਗਲੇ ਦਿਨ ਸ੍ਰੀ ਵੀ. ਐਨ. ਨਰਾਇਣਨ, ਟ੍ਰਿਬਿਊਨ ਦੇ ਮੁੱਖ ਸੰਪਾਦਕ ਉਹਨਾਂ ਨੂੰ ਆਈ. ਸੀ. ਯੂ. 'ਚ ਦੇਖਣ ਲਈ ਆਏ । ਭਗਤ ਪੂਰਨ ਸਿੰਘ ਜੀ ਨੇ ਉਹਨਾਂ ਨੂੰ ਇਕ ਫ਼ਕੀਰ ਸਮਝਿਆ । ਉਹ ਕਹਿਣ ਲੱਗੇ, "ਇਕ ਫ਼ਕੀਰ ਨੂੰ ਦੂਸਰਾ ਫ਼ਕੀਰ ਮਿਲਣ ਆਇਆ ਹੈ।" ਅਗਲੇ ਦਿਨ ਭਗਤ ਜੀ ਕੋਮਾ ਵਿੱਚ ਚਲੇ ਗਏ ਤੇ ਉਹਨਾਂ ਨੂੰ ਵੈਂਟੀਲੇਟਰ 'ਤੇ ਰੱਖ ਦਿੱਤਾ ਗਿਆ । ਬਹੁਤ ਸਾਰੇ ਲੋਕ ਉਹਨਾਂ ਨੂੰ ਦੇਖਣ ਲਈ ਆ ਰਹੇ ਸਨ, ਪਰ ਉਹਨਾਂ ਦੀ ਸਿਹਤ ਦਾ ਧਿਆਨ ਰੱਖਦਿਆਂ ਹੋਇਆਂ ਕਿਸੇ ਨੂੰ ਵੀ ਉਹਨਾਂ ਨੂੰ ਦੇਖਣ ਦੀ ਆਗਿਆ ਨਹੀਂ ਸੀ ਦਿੱਤੀ ਜਾ ਰਹੀ, ਸਿਰਫ਼ ਬੀਬੀ ਇੰਦਰਜੀਤ ਕੌਰ ਤੇ ਇਕ ਨਰਸ ਮਨਜੀਤ ਕੌਰ ਹੀ ਉਹਨਾਂ ਦੀ ਦੇਖ-ਰੇਖ ਕਰ ਰਹੀਆਂ ਸਨ ਅਤੇ ਇਹਨਾਂ ਨੂੰ ਹੀ ਆਈ. ਸੀ. ਯੂ. ਦੇ ਅੰਦਰ ਜਾਣ ਦੀ ਆਗਿਆ ਸੀ। ਪਰ ਉਹਨਾਂ ਦੀ ਸਿਹਤ ਲਗਾਤਾਰ ਵਿਗੜਦੀ ਜਾ ਰਹੀ ਸੀ ਤੇ ਇਸਦਾ ਹਰ ਕਿਸੇ ਨੂੰ ਫ਼ਿਕਰ ਸੀ । ਇਕ ਹਫ਼ਤਾ ਉਹਨਾਂ ਦੀ ਸਿਹਤ ਇਸੇ ਤਰ੍ਹਾਂ ਹੀ ਰਹੀ । ਫੇਰ ਉਹਨਾਂ ਦੀ ਹਾਲਤ 'ਚ ਕੁਝ ਸੁਧਾਰ ਨਜ਼ਰ ਆਉਣ ਲੱਗਾ। ਬੀਬੀ ਇੰਦਰਜੀਤ ਕੌਰ ਨੂੰ ਉਹ ਸਮਾਂ ਯਾਦ

ਆਉਣ ਲੱਗਾ ਜਦੋਂ ਭਗਤ ਜੀ, ਆਪਣੀ ਮਾਂ ਦੀ ਵਧੀਆ ਦੇਖਭਾਲ 'ਚ ਇਕ ਬਿਮਾਰੀ ਤੋਂ ਰਾਜ਼ੀ ਹੋ ਗਏ ਸਨ । ਪਰ ਹੁਣ ਏਨੀ ਦੇਖਭਾਲ ਦੇ ਹੁੰਦਿਆਂ ਵੀ ਉਹ ਰਾਜ਼ੀ ਨਹੀਂ ਸਨ ਹੋ ਰਹੇ । ਅਗਸਤ 5,1992 ਨੂੰ, ਉਹਨਾਂ ਦੀ ਸਿਹਤ ਵਿਗੜ ਗਈ ਤੇ ਉਹ ਸਵਰਗਵਾਸ ਹੋ ਗਏ । ਉਹਨਾਂ ਦੀ ਮੌਤ ਦੀ ਖ਼ਬਰ ਸੁਣ ਕੇ, ਬੀਬੀ ਇੰਦਰਜੀਤ ਕੌਰ ਛੇਤੀ ਨਾਲ, ਉਹਨਾਂ ਦੇ ਕਮਰੇ 'ਚ ਗਈ, ਜਿੱਥੇ ਉਹਨਾਂ ਦੇ ਮ੍ਰਿਤਕ ਸਰੀਰ ਨੂੰ ਇਕ ਆਮ ਆਦਮੀ ਵਾਂਗ ਹੀ ਲਪੇਟਿਆ ਜਾ ਰਿਹਾ ਸੀ । ਉਹ ਨਾਰਾਜ਼ ਹੋ ਗਈ ਤੇ ਅਧਿਕਾਰੀਆਂ ਦੀ ਆਮ ਬੁੱਧੀ 'ਤੇ ਉਦਾਸ ਹੁੰਦਿਆਂ ਗੁੱਸੇ 'ਚ ਬੋਲੀ, "ਇਕ ਏਨਾ ਮਹਾਨ ਵਿਅਕਤੀ, ਜਿਸ ਨੇ ਸਮਾਜ ਦੇ ਹਜ਼ਾਰਾਂ ਲੋਕਾਂ ਦੀ ਸੇਵਾ ਕੀਤੀ, ਉਸਨੂੰ ਤੁਸੀਂ ਇਸ ਤਰੀਕੇ ਨਾਲ ਲਪੇਟ ਰਹੇ ਹੋ । ਤੁਸੀਂ ਇਕ ਪਵਿੱਤਰ ਆਤਮਾ ਦੀ ਬੇਇਜ਼ਤੀ ਕੀਤੀ ਹੈ। ਹਜ਼ਾਰਾਂ ਲੋਕ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਆਉਣਗੇ ।" ਡਾਕਟਰਾਂ ਨੇ ਮ੍ਰਿਤਕ ਸਰੀਰ ਨੂੰ ਫੇਰ ਖੋਲ੍ਹਿਆ । ਉਹਨਾਂ ਨੂੰ ਨਵੇਂ ਕੱਪੜੇ ਪਹਿਨਾਏ ਗਏ, ਸਿਰ 'ਤੇ ਪੱਗ ਬੰਨ੍ਹੀ ਗਈ । ਫੇਰ ਡਾ. ਇੰਦਰਜੀਤ ਕੌਰ ਤੇ ਸ੍ਰੀ ਇੰਦਰਜੀਤ ਸਿੰਘ ਬਾਗ਼ੀ ਉਹਨਾਂ ਦੇ ਮ੍ਰਿਤਕ ਸਰੀਰ ਨੂੰ ਅੰਮ੍ਰਿਤਸਰ ਲੈ ਕੇ ਆਏ ।

ਬਹੁਤ ਸਾਰੇ ਲੋਕ ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਪਿੰਗਲਵਾੜੇ ਦੇ ਅੰਦਰ ਆ ਗਏ । ਸਾਰੀ ਰਾਤ, ਦਰਬਾਰ ਸਾਹਿਬ ਦੇ ਰਾਗੀ ਉੱਥੇ ਕੀਰਤਨ ਕਰਦੇ ਰਹੇ। ਸਵੇਰ ਵੇਲੇ ਬਹੁਤ ਸਾਰੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੇ ਨਾਲ ਭਗਤ ਜੀ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ।

ਅਗਲੇ ਦਿਨ, ਇਸ਼ਨਾਨ ਕਰਾਉਣ ਤੋਂ ਬਾਅਦ, ਉਹਨਾਂ ਦੇ ਸਰੀਰ ਨੂੰ ਦਰਬਾਰ ਸਾਹਿਬ ਦੇ ਸਾਹਮਣੇ ਦੇ ਇਕ ਰਸਤੇ ਰਾਹੀਂ ਗੁਰਦੁਆਰਾ ਸ਼ਹੀਦਾਂ ਦੇ ਨੇੜੇ ਸ਼ਮਸ਼ਾਨ ਘਾਟ 'ਚ, ਅੰਤਿਮ ਸਸਕਾਰ ਲਈ ਲਿਆਂਦਾ ਗਿਆ। ਜਦੋਂ ਉਹ ਸਾਰੇ ਦਰਬਾਰ ਸਾਹਿਬ ਦੇ ਸਾਹਮਣਿਉਂ ਲੰਘ ਰਹੇ ਸਨ, ਤਾਂ ਬੀਬੀ ਇੰਦਰਜੀਤ ਕੌਰ ਉਸ ਥਾਂ ਨੂੰ ਦੇਖ ਰਹੀ ਸੀ, ਜਿੱਥੇ ਬੈਠ ਕੇ ਉਹ ਦਹਾਕਿਆਂ ਤੋਂ ਸਾਹਿਤ ਵੰਡ ਰਹੇ ਸਨ। ਉਹਨਾਂ ਦੇ ਸਸਕਾਰ ਸਮੇਂ ਹਜ਼ਾਰਾਂ ਲੋਕ ਹਾਜ਼ਰ ਸਨ, ਪਰ ਕੋਈ ਵੀ ਮਹੱਤਵਪੂਰਨ ਸਰਕਾਰੀ ਪ੍ਰਤੀਨਿਧ ਹਾਜ਼ਰ ਨਹੀਂ ਸੀ। ਪ੍ਰੈੱਸ ਵਾਲਿਆਂ ਨੇ ਇਹ ਗੱਲ ਨੋਟ ਕਰ ਲਈ ਤੇ ਅਗਲੇ ਦਿਨ ਅਖ਼ਬਾਰਾਂ 'ਚ ਇਹ ਖ਼ਬਰ ਆ ਗਈ। ਇਸ ਗੱਲ ਨਾਲ ਵੀ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਦੇ ਮੈਂਬਰਾਂ ਨੂੰ ਬਹੁਤ ਦੁੱਖ ਹੋਇਆ।



ਸਿਮਰਨਜੀਤ ਸਿੰਘ ਮਾਨ, ਆਪਣੇ ਸਮਰਥਕਾਂ ਨਾਲ ਪਿੰਗਲਵਾੜੇ ਤੋਂ ਸ਼ਮਸ਼ਾਨਘਾਟ ਤੱਕ ਅੰਤਿਮ ਯਾਤਰਾ 'ਚ ਸ਼ਾਮਲ ਰਹੇ। ਮਨਜੀਤ ਸਿੰਘ, ਜੋ ਕਿ ਉਸ ਸਮੇਂ ਅਕਾਲ ਤਖ਼ਤ ਦੇ ਜਥੇਦਾਰ ਸਨ, ਭਗਤ ਜੀ ਦੇ ਮ੍ਰਿਤਕ ਸਰੀਰ ਨੇੜੇ ਖੜ੍ਹੇ ਰਹੇ ਤੇ ਉਹਨਾਂ ਨੇ ਚਿਤਾ ਨੂੰ ਅੱਗ ਲਗਾਈ।

14 ਅਗਸਤ ਨੂੰ, ਦਰਬਾਰ ਸਾਹਿਬ 'ਚ, ਮੰਜੀ ਸਾਹਿਬ ਵਿਖੇ ਭੋਗ ਦੀ ਰਸਮ ਹੋਈ । "ਵਸੀਅਤ" ਜਿਹੜੀ ਕਿ ਭਗਤ ਜੀ ਨੇ ਤਿਆਰ ਕਰਵਾਈ ਸੀ, ਉਹ ਸਾਰੀ ਪਬਲਿਕ ਵਿੱਚ ਪੜ੍ਹੀ ਗਈ, ਜਿਸ ਵਿੱਚ ਬੀਬੀ ਇੰਦਰਜੀਤ ਕੌਰ ਨੂੰ ਉਹਨਾਂ ਆਪਣਾ ਉੱਤਰਾਧਿਕਾਰੀ ਸੌਂਪਿਆ ਹੋਇਆ ਸੀ। ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਬੀਬੀ ਇੰਦਰਜੀਤ ਕੌਰ ਕੁਝ ਦਿਨ ਅੰਮ੍ਰਿਤਸਰ ਰਹਿਣਗੇ; ਪਰ ਉਹ ਅਗਲੇ ਦਿਨ ਸੰਗਰੂਰ ਚਲੇ ਗਈ, ਕਿਉਂਕਿ ਉਹ ਪਿਛਲੇ ਦੋ ਮਹੀਨਿਆਂ ਤੋਂ ਸੰਗਰੂਰ ਤੋਂ ਬਾਹਰ ਸਨ। ਉਹਨਾਂ ਦਾ ਖ਼ਿਆਲ ਸੀ ਕਿ ਸੰਗਰੂਰ ਵਾਲੇ ਹਸਪਤਾਲ ਦਾ ਕੰਮ ਚੰਗੀ ਤਰ੍ਹਾਂ ਨਹੀਂ ਹੋ ਰਿਹਾ ਹੋਵੇਗਾ। ਪਰਿਵਾਰ ਲਈ ਪੈਸੇ ਦਾ ਕੋਈ ਹੋਰ ਸਾਧਨ ਨਹੀਂ ਸੀ। ਉਸਨੂੰ ਇੰਦਰਜੀਤ ਸਿੰਘ ਬਾਗ਼ੀ 'ਚ ਪੂਰਾ ਵਿਸ਼ਵਾਸ ਸੀ ਤੇ ਉਸ ਦਾ ਖ਼ਿਆਲ ਸੀ ਕਿ ਉਸਦੀ ਗ਼ੈਰ-ਹਾਜ਼ਰੀ 'ਚ, ਉਹ ਪਿੰਗਲਵਾੜੇ ਦੇ ਕੰਮਾਂ ਦੀ ਦੇਖਭਾਲ ਕਰਨਗੇ। ਉਸ ਦਾ ਵਿਚਾਰ ਸੀ ਕਿ ਸੰਗਰੂਰ ਤੋਂ ਉਹ ਸੌਖਿਆਂ ਹੀ ਪਿੰਗਲਵਾੜੇ ਦੇ ਪ੍ਰਬੰਧ ਦਾ ਕੰਮ ਦੇਖ ਸਕਦੀ ਹੈ । ਉਹ ਪਿੰਗਲਵਾੜੇ ਦੇ ਸੰਪਰਕ ਵਿੱਚ ਰਹੇਗੀ ਤੇ ਹਰ ਹਫ਼ਤੇ ਦੇ ਅਖ਼ੀਰ 'ਚ, ਉੱਥੇ ਆ ਜਾਇਆ ਕਰੇਗੀ। ਇਸ ਸਮੇਂ ਤਕ, ਉਸਦੀ ਦਿਲਚਸਪੀ ਆਪਣੇ ਪਿਤਾ ਦੁਆਰਾ ਸ਼ੁਰੂ ਕੀਤੇ ਹਸਪਤਾਲ 'ਚ ਵਧ ਗਈ ਸੀ, ਜੋ ਕਿ ਖ਼ਾਸ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ। ਉਹ ਹਸਪਤਾਲ 'ਚ ਆਪਣੀ ਪ੍ਰੈਕਟਿਸ ਦੇ ਨਾਲ-ਨਾਲ, ਸਮਾਜ-ਸੇਵਾ 'ਚ ਵੀ ਜੁੱਟੀ ਰਹਿਣਾ ਚਾਹੁੰਦੀ ਸੀ। ਉਸਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਪਿੰਗਲਵਾੜੇ ਦਾ ਕੰਮ ਉਸੇ ਤਰ੍ਹਾਂ ਹੀ ਜਾਰੀ ਰਹੇਗਾ, ਜਿਵੇਂ ਕਿ ਪਹਿਲਾਂ ਹੋ ਰਿਹਾ ਸੀ।

ਕੁਝ ਦਿਨਾਂ ਬਾਅਦ, ਉਸਨੂੰ ਪਿੰਗਲਵਾੜੇ ਦੇ ਮੁਖੀ ਦੇ ਤੌਰ 'ਤੇ ਚੰਡੀਗੜ੍ਹ 'ਚ ਇਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਬੁਲਾਇਆ ਗਿਆ। ਇਹ ਪ੍ਰੋਗਰਾਮ ਚੰਡੀਗੜ੍ਹ ਦੀ ਸੰਗਤ ਵੱਲੋਂ ਕਰਵਾਇਆ ਗਿਆ ਸੀ। ਉਹ ਸਵੇਰ ਦੇ ਸਮੇਂ ਚੰਡੀਗੜ੍ਹ ਪਹੁੰਚ ਗਈ ਤੇ ਸੰਗਤ ਨੇ ਉਹਨਾਂ ਨੂੰ ਸਟੇਜ 'ਤੇ ਬੈਠਣ ਲਈ ਕਿਹਾ। ਉਹ ਉੱਥੇ ਇਕ ਘੰਟੇ ਲਈ ਠਹਿਰੀ। ਫੇਰ ਇਕ ਔਰਤ

ਨੇ ਉਸਨੂੰ ਸਵੇਰ ਦੇ ਨਾਸ਼ਤੇ ਲਈ ਬੁਲਾ ਲਿਆ। ਜਦੋਂ ਉਹ ਨਾਸ਼ਤੇ ਲਈ ਪਹੁੰਚੀ ਤਾਂ, ਉਸਨੇ ਉੱਥੇ ਨਾਸ਼ਤੇ 'ਚ, ਜੂਸ, ਫਲ, ਮੱਖਣ, ਜੈਮ, ਬਰੈੱਡ ਤੇ ਦਹੀਂ ਵਗੈਰਾ ਪਰੋਸੇ ਹੋਏ ਦੇਖੇ। ਉਸਨੂੰ ਇਹ ਦੇਖ ਕੇ ਬੜਾ ਅਜੀਬ ਲੱਗਾ, ਕਿਉਂਕਿ ਉਸਦੇ ਖ਼ਿਆਲ 'ਚ ਇਹ ਗੱਲ ਸੀ ਕਿ ਨਾਸ਼ਤਾ ਤਾਂ ਬੜਾ ਸਾਦਾ ਜਿਹਾ ਹੋਣਾ ਚਾਹੀਦਾ ਹੈ। ਇੰਵ ਜਾਪਦਾ ਸੀ ਕਿ ਇਹ ਨਾਸ਼ਤਾ ਤਾਂ ਕਿਸੇ ਪੰਜ ਤਾਰਾ ਹੋਟਲ ਦੇ ਨਾਸ਼ਤੇ ਵਰਗਾ ਸੀ ਅਤੇ ਉਸਨੇ ਪੁੱਛਿਆ ਕਿ ਕੀ ਇਹ ਨਾਸ਼ਤਾ ਸਭ ਲਈ ਹੈ ਜਾਂ ਕੁਝ ਲੋਕਾਂ ਲਈ—ਤੇ ਜਦੋਂ ਉਸਨੂੰ ਦੱਸਿਆ ਗਿਆ ਕਿ ਇਹ ਨਾਸ਼ਤਾ ਸਿਰਫ਼ ਕੁਝ ਸੱਦੇ ਹੋਏ ਵਿਅਕਤੀਆਂ ਲਈ ਹੀ ਹੈ ਤਾਂ ਉਸਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ। ਸਿੱਖ ਸੰਗਤ ਨੇ ਸਿੱਖ ਗੁਰੂਆਂ ਰਾਹੀਂ ਦਿੱਤੇ ਗਏ ਸਾਦਗੀ ਦੇ ਉਪਦੇਸ਼ ਨੂੰ ਨਹੀਂ ਸਿੱਖਿਆ ਹੈ। ਭਗਤ ਪੂਰਨ ਸਿੰਘ ਸਾਰੀ ਉਮਰ ਸਾਦੀ ਜ਼ਿੰਦਗੀ ਤੇ ਸੰਜਮੀ ਜੀਵਨ ਦਾ ਹੋਕਾ ਦਿੰਦੇ ਰਹੇ। ਇਸ ਲਈ ਉਹ ਸੱਦੇ ਗਏ ਮਹਿਮਾਨਾਂ ਲਈ ਤਿਆਰ ਕੀਤੇ ਖ਼ਾਸ ਦੁਪਹਿਰ ਦੇ ਭੋਜਨ ਲਈ ਨਹੀਂ ਗਈ। ਜਿਹੜਾ ਲੰਗਰ ਸੰਗਤ ਲਈ ਤਿਆਰ ਕੀਤਾ ਗਿਆ ਸੀ, ਉਸਨੇ ਤੇ ਪਿੰਗਲਵਾੜਾ ਦੇ ਸੇਵਾਦਾਰਾਂ ਨੇ ਦੁਪਹਿਰੇ ਤੇ ਰਾਤ ਨੂੰ ਵੀ ਉਹੋ ਲੰਗਰ ਹੀ ਛਕਿਆ। ਸਟੇਜ 'ਤੇ ਬੈਠੀ ਹੋਈ ਇੰਦਰਜੀਤ ਬੇਆਰਾਮੀ ਜਿਹੀ ਮਹਿਸੂਸ ਕਰ ਰਹੀ ਸੀ, ਇਸ ਲਈ ਉਹ ਥੱਲੇ ਉੱਤਰ ਆਈ ਤੇ ਉਸਨੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਵਾਲੇ ਰਾਹ ਦੇ ਨੇੜੇ ਇਕ ਬੁੱਕ-ਸਟਾਲ ਲਗਾ ਦਿੱਤਾ। ਹੁਣ ਸੰਗਤ ਦੇ ਲੋਕਾਂ ਨੂੰ ਉਸਨੂੰ ਮਿਲਣਾ ਅਤੇ ਭਗਤ ਜੀ ਦੇ ਅਕਾਲ-ਚਲਾਣੇ ਤੋਂ ਬਾਅਦ, ਪਿੰਗਲਵਾੜੇ ਦੇ ਕੰਮਾਂ ਕਾਰਾਂ ਬਾਰੇ ਪੁੱਛਣਾ ਸੌਖਾ ਹੋ ਗਿਆ। ਬਹੁਤ ਸਾਰਾ ਹਜ਼ਾਰਾਂ ਰੁਪਈਆਂ ਦਾ ਸਾਹਿਤ ਬਿਲਕੁਲ ਮੁਫ਼ਤ ਵੰਡਿਆ ਗਿਆ।

ਇਹ ਪ੍ਰੋਗਰਾਮ ਰਾਤ ਦੇਰ ਤਕ ਚੱਲਿਆ ਤੇ ਉਸਨੂੰ ਉੱਥੇ ਰਾਤ ਰੁਕਣਾ ਪਿਆ । ਉਹ ਅਗਲੇ ਦਿਨ ਸੰਗਰੂਰ ਆ ਗਈ। ਇਸ ਪ੍ਰੋਗਰਾਮ 'ਤੇ ਉਹ ਸ੍ਰੀ ਜਗਮੋਹਨ ਸਿੰਘ ਤੇ ਉਸਦੇ ਇਕ ਦੋਸਤ ਨੂੰ ਮਿਲੀ, ਜੋ ਸਾਰੇ ਪ੍ਰੋਗਰਾਮ 'ਚ ਉਸਦੇ ਨਾਲ ਹੀ ਰਹੇ।



## ਆਪਣੇ ਜੀਵਨ ਦਾ ਪਿੰਗਲਵਾੜੇ ਨੂੰ ਸਮਰਪਣ

ਭਗਤ ਪੂਰਨ ਸਿੰਘ ਜੀ ਦੀ ਪਹਿਲੀ ਬਰਸੀ 'ਚ ਸ਼ਾਮਲ ਹੋਣ ਲਈ ਸਰਦਾਰ ਸੁਰਜੀਤ ਸਿੰਘ ਬਰਨਾਲਾ ਵੀ ਆਏ, ਜਿਹਨਾਂ 'ਤੇ ਭਗਤ ਜੀ ਦੇ ਪਹਿਰਾਵੇ ਤੇ ਉਹਨਾਂ ਦੇ ਗਲੇ ਦੁਆਲੇ ਬੰਨ੍ਹੀ ਹੋਈ ਘੰਟੀ ਦਾ ਬੜਾ ਅਸਰ ਪਿਆ ਸੀ । ਇਕ ਵਾਰੀ ਰੇਲ ਗੱਡੀ ਦਾ ਸਫ਼ਰ ਕਰਦਿਆਂ, ਉਹਨਾਂ ਦੀ ਗੱਲਬਾਤ ਭਗਤ ਜੀ ਨਾਲ ਹੋਈ ਸੀ, ਜਿਸ ਤੋਂ ਉਹਨਾਂ ਨੂੰ ਪਿੰਗਲਵਾੜੇ ਬਾਰੇ ਜਾਣਕਾਰੀ ਮਿਲੀ ਸੀ। ਹੋਰ ਮਾਣਯੋਗ ਲੋਕਾਂ ਦੇ ਦਰਮਿਆਨ, ਰੀਮਾ ਆਨੰਦ ਵੀ ਸੀ ਜਿਹਨਾਂ ਨੇ ਭਗਤ ਪੂਰਨ ਸਿੰਘ ਬਾਰੇ ਇਕ ਡਾਕੂਮੈਂਟਰੀ ਫ਼ਿਲਮ ਬਣਾਈ ਸੀ, **"ਇਹ ਜਨਮ ਤੁਮ੍ਹਾਰੇ ਲੇਖੇ"** ਤੇ ਉਸਦਾ ਪ੍ਰਦਰਸ਼ਣ ਵੀ ਕੀਤਾ ਗਿਆ ਸੀ। ਸੋ, ਸਾਰੀਆਂ ਮਾਣਯੋਗ ਹਸਤੀਆਂ ਜਿਹਨਾਂ 'ਚ ਸ੍ਰੀ ਸੁੰਦਰ ਲਾਲ ਬਹੁਗੁਣਾ ਤੋਂ ਬੜੀ ਪ੍ਰਭਾਵਿਤ ਹੋਈ। ਉਹਨਾਂ ਦਾ ਸੰਤਾਂ ਵਰਗਾ ਵਿਅਕਤੀਤਵ ਸੀ ਤੇ ਉਹ ਇਕ ਵੱਡੇ ਵਾਤਾਵਰਣ ਪ੍ਰੇਮੀ ਤੇ ਸਮਾਜ ਦੇ ਨਿਸ਼ਕਾਮ ਸੇਵਕ ਸਨ।

ਚਾਰ ਸਾਲ ਦੇ ਲਗਭਗ, ਇੰਦਰਜੀਤ ਕੌਰ ਅੰਮ੍ਰਿਤਸਰ, ਹਫ਼ਤੇ 'ਚ ਇਕ ਵਾਰੀ ਆਉਂਦੀ ਰਹੀ। ਪਰ ਹੁਣ ਪਿੰਗਲਵਾੜੇ ਦੇ ਕੰਮ 'ਚ ਕੁਝ ਸ਼ਿਕਾਇਤਾਂ ਆਉਣ ਲੱਗੀਆਂ। ਇਕ ਸ਼ਿਕਾਇਤ ਇਹ ਸੀ ਕਿ ਚੰਡੀਗੜ੍ਹ ਦੇ ਦਾਨ-ਪਾਤਰਾਂ 'ਚੋਂ ਕੁਝ ਫਟੇ ਹੋਏ ਨੋਟ ਮਿਲੇ ਸਨ ਅਤੇ ਇਸ ਨਾਲ ਇਹ ਰੌਲਾ ਪੈ ਗਿਆ ਕਿ ਕਿਸੇ ਨੇ ਇਹਨਾਂ ਨੋਟਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਸੀ। ਪਿੰਗਲਵਾੜੇ ਦੇ ਇਕ ਸਹਾਇਕ ਸ੍ਰੀ ਜਗਮੋਹਨ ਸਿੰਘ ਨੂੰ ਸ਼ਿਕਾਇਤ ਦੀ ਪੜਤਾਲ ਕਰਨ ਲਈ ਕਿਹਾ ਤੇ ਸੱਚੀਂ ਮੁੱਚੀਂ ਇਹ ਸ਼ਿਕਾਇਤ ਠੀਕ ਸੀ। ਇੰਦਰਜੀਤ ਕੌਰ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ, ਕਿਉਂਕਿ ਇਸ ਨਾਲ ਦਾਨ ਕਰਨ ਵਾਲਿਆਂ ਦਾ ਵਿਸ਼ਵਾਸ ਡੋਲ ਗਿਆ ਸੀ। ਇਸ ਤੋਂ ਬਾਅਦ, ਇਹਨਾਂ ਦਾਨ-ਪਤਾਰਾਂ ਦੀ ਨਿਗਰਾਨੀ ਕੀਤੀ ਜਾਣ ਲੱਗੀ ਤੇ ਇਹਨਾਂ 'ਚੋਂ ਦਸ ਗੁਣਾਂ ਜ਼ਿਆਦਾ ਪੈਸੇ ਨਿਕਲਣ ਲੱਗੇ। ਭਾਵੇਂ ਉਸ ਨੂੰ ਦੁੱਖ ਤਾਂ ਹੋਇਆ ਹੀ ਸੀ, ਪਰ ਉਹ ਭਵਿੱਖ ਲਈ ਸਾਵਧਾਨ ਹੋ ਗਈ। ਉਹਨਾਂ ਦਿਨਾਂ 'ਚ ਹੀ ਉਸਨੂੰ ਇਕ ਹੋਰ ਸ਼ਿਕਾਇਤ ਮਿਲੀ ਕਿ ਜਿਹੜੀ ਐਂਬੂਲੈਂਸ ਮਰੀਜ਼ਾਂ ਨੂੰ ਹਸਪਤਾਲ ਲਿਜਾਣ ਵਾਸਤੇ ਸੀ, ਉਹ ਕੁਝ ਹੋਰ ਲੋਕਾਂ ਰਾਹੀਂ ਦੂਸਰੇ ਕੰਮਾਂ ਲਈ ਵਰਤੀ ਜਾ ਰਹੀ ਸੀ ਅਤੇ ਉਸ ਦਿਨ, ਮਰੀਜ਼ ਰਿਕਸ਼ਾ 'ਚ ਆਉਂਦੇ ਤੇ ਜਾਂ ਫੇਰ ਉਹ ਉਸ ਦਿਨ ਦੀ ਦਵਾਈ ਲੈਣ ਅਤੇ ਡਾਕਟਰ ਨੂੰ ਦਿਖਾਉਣ ਤੋਂ ਵਾਂਞੇ ਹੀ ਰਹਿ ਜਾਂਦੇ ਸਨ । ਇਹ ਬਹੁਤ

ਗੰਭੀਰ ਗੱਲ ਸੀ ਤੇ ਇੰਦਰਜੀਤ ਇਹੋ ਜਿਹੀਆਂ ਕੁਤਾਹੀਆਂ ਲਈ ਆਪਣੇ ਆਪ ਨੂੰ ਦੋਸ਼ੀ ਸਮਝਦੀ ਸੀ। ਉਸਨੂੰ ਕੁਝ ਹੋਰ ਸ਼ਿਕਾਇਤਾਂ ਵੀ ਮਿਲੀਆਂ। ਇਕ ਦਿਨ ਇਕ ਆਦਮੀ ਨੇ ਪਿੰਗਲਵਾੜੇ ਤੋਂ ਆ ਕੇ ਕੁਝ ਹੋਰ ਸ਼ਿਕਾਇਤਾਂ ਬਾਰੇ ਵੀ ਉਸਨੂੰ ਦੱਸਿਆ।

ਉਸ ਦਿਨ ਇੰਦਰਜੀਤ ਕੌਰ ਸਾਰੀ ਰਾਤ ਸੌਂ ਨਹੀਂ ਸਕੀ ਤੇ ਸੋਚਦੀ ਰਹੀ। ਉਹ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰ ਰਹੀ ਸੀ। ਉਹ ਸੋਚਣ ਲੱਗੀ ਕਿ ਭਗਤ ਪੂਰਨ ਸਿੰਘ ਜੀ ਉਸ 'ਚ ਅਟੁੱਟ ਵਿਸ਼ਵਾਸ ਰੱਖਦੇ ਸਨ। ਭਗਤ ਜੀ ਨੂੰ ਇੰਦਰਜੀਤ ਕੌਰ 'ਤੇ ਆਪਣੀ ਉੱਤਰਾਧਿਕਾਰੀ ਥਾਪਣ 'ਚ ਲੋੜ ਤੋਂ ਜ਼ਿਆਦਾ ਭਰੋਸਾ ਸੀ। ਉਸ ਸੰਤ ਆਦਮੀ ਨੇ ਬਹੁਤ ਤਕਲੀਫ਼ਾਂ ਸਹੀਆਂ ਸਨ ਤੇ ਫੇਰ ਕਿਤੇ ਇਹ ਆਸ਼ਰਮ, ਬੇਸਹਾਰਾ ਲੋਕਾਂ ਲਈ ਇਕ ਆਸ ਦੀ ਕਿਰਨ ਬਣ ਕੇ ਆਇਆ ਸੀ। ਉਹ ਲੋਕ, ਜਿਹੜੇ ਕਿ ਸੰਸਾਰ ਦੇ ਸਾਰੇ ਭਾਗਾਂ 'ਚੋਂ ਦਾਨ ਭੇਜ ਰਹੇ ਸਨ, ਉਹਨਾਂ ਦੇ ਵਿਸ਼ਵਾਸ ਦਾ ਕੀ ਬਣੇਗਾ। ਉਹ ਸੋਚਣ ਲੱਗੀ ਕਿ ਉਹਨਾਂ ਦਾ ਵਿਸ਼ਵਾਸ ਟੁੱਟ ਜਾਏਗਾ, ਜਦੋਂ ਉਹਨਾਂ ਨੂੰ ਇਹਨਾਂ ਕੁਤਾਹੀਆਂ ਬਾਰੇ ਪਤਾ ਲੱਗੇਗਾ ਤੇ ਇਹ ਵੀ ਕਿ ਉਹ ਲੋਕ, ਉਸ ਬਾਰੇ ਕਿਹੋ ਜਿਹੇ ਵਿਚਾਰ ਬਣਾ ਲੈਣਗੇ। ਭਗਤ ਜੀ, ਜਿਸ ਨੂੰ ਵੀ ਮਿਲਦੇ ਸਨ, ਉਹਦੇ 'ਚ ਪੂਰਾ ਵਿਸ਼ਵਾਸ ਕਰਨ ਲੱਗ ਪੈਂਦੇ ਸਨ। ਇੰਦਰਜੀਤ ਕੌਰ ਤੋਂ ਪਹਿਲਾਂ, ਉਹਨਾਂ ਨੇ ਆਪਣੇ ਮਨ 'ਚ ਕਈ ਲੋਕਾਂ ਬਾਰੇ ਆਪਣਾ ਉੱਤਰਾਧਿਕਾਰੀ ਬਨਾਉਣ ਲਈ ਸੋਚਿਆ ਸੀ ਅਤੇ ਜਦੋਂ ਉਹਨਾਂ ਨੂੰ ਉਹਨਾਂ ਲੋਕਾਂ ਵੱਲੋਂ ਲੋਕਾਂ ਦੇ ਸ਼ੋਸ਼ਣ ਕਰਨ ਦੀ ਗੱਲ ਬਾਰੇ ਜਾਣਕਾਰੀ ਮਿਲੀ ਤਾਂ ਉਹਨਾਂ ਨੇ ਬੜੇ ਹੀ ਦੁੱਖ ਨਾਲ ਆਪਣਾ ਫ਼ੈਸਲਾ ਬਦਲ ਲਿਆ ਸੀ। ਜੇ ਇੰਦਰਜੀਤ ਕੌਰ ਵੀ ਭਗਤ ਜੀ ਦਾ ਉਦੇਸ਼ ਪੂਰਾ ਕਰਨ 'ਚ ਸਫ਼ਲ ਨਹੀਂ ਹੁੰਦੀ ਤਾਂ, ਉਹਨਾਂ ਦੀ ਆਤਮਾ ਨੂੰ ਬਹੁਤ ਦੁੱਖ ਹੋਵੇਗਾ ਤੇ ਉਹਨਾਂ ਦੀ ਪੰਜਾਹ ਵਰ੍ਹਿਆਂ ਦੀ ਮਿਹਨਤ ਉਸੇ ਕਰਕੇ ਜ਼ਾਇਆ ਹੋ ਜਾਏਗੀ। ਉਹ ਸਾਰੀ ਰਾਤ ਇਹਨਾਂ ਸੋਚਾਂ 'ਚ ਹੀ ਡੁੱਬੀ ਰਹੀ। ਉਸਨੂੰ ਸੰਗਰੂਰ ਵਾਲੇ ਹਸਪਤਾਲ ਤੇ ਪਿੰਗਲਵਾੜੇ 'ਚੋਂ ਇਕ ਦੀ ਚੋਣ ਕਰਨੀ ਪੈਣੀ ਸੀ। ਜੇ ਉਹ ਪਿੰਗਲਵਾੜੇ ਨੂੰ ਚੁਣਦੀ ਹੈ ਤਾਂ ਪੱਕੇ ਤੌਰ 'ਤੇ ਉਸਨੂੰ ਪਿੰਗਲਵਾੜੇ ਹੀ ਰਹਿਣਾ ਪੈਣਾ ਸੀ। ਅਗਲੀ ਸਵੇਰ ਨੂੰ ਜਦੋਂ ਉਹ ਜਾਗੀ, ਤਾਂ ਉਸਦਾ ਮਨ ਪੂਰੀ ਤਰ੍ਹਾਂ ਬਦਲ ਚੁੱਕੀ ਸੀ ਤੇ ਉਹ ਆਜ਼ਾਦਾਨਾ ਤੌਰ 'ਤੇ ਆਪਣੀ ਜ਼ਿੰਦਗੀ ਦਾ ਤੀਸਰਾ ਤੇ ਮੁਸ਼ਕਲ ਫ਼ੈਸਲਾ ਕਰ ਚੁੱਕੀ ਸੀ । ਉਸਦਾ ਉਦੇਸ਼ ਸੀ, **"ਆਪਣਾ ਜੀਵਨ ਪਿੰਗਲਵਾੜੇ ਦੇ ਲੇਖੇ ਲਾ ਦੇਣਾ।"**

ਸਵੇਰ ਦੇ ਗਿਆਰਾਂ ਵਜੇ, ਉਹ ਅੰਮ੍ਰਿਤਸਰ ਪਹੁੰਚ ਗਈ ਤੇ ਸ਼ਾਮ



ਨੂੰ ਉਸਨੇ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਦੀ ਮੀਟਿੰਗ ਬੁਲਾ ਲਈ। ਉਸ ਨੇ ਉੱਥੇ ਨਾ ਰਹਿਣ ਦੀ ਆਪਣੀ ਗ਼ਲਤੀ ਮੰਨ ਲਈ। ਮੀਟਿੰਗ 'ਚ ਕਈ ਨਵੀਆਂ ਸ਼ਿਕਾਇਤਾਂ ਦਾ ਪਤਾ ਵੀ ਲੱਗਾ। ਉਸਨੇ ਬਰਨਾਰਡ ਸ਼ਾਹ ਦੇ ਕਹੇ ਹੋਏ ਸ਼ਬਦ ਸਭ ਨੂੰ ਸੁਣਾਏ ਕਿ ਕੁਝ ਲੋਕ ਸਮਾਜ ਜਿਵੇਂ ਦਾ ਵੀ ਹੋਵੇ, ਉਸ ਨਾਲ ਸੰਤੁਸ਼ਟ ਰਹਿੰਦੇ ਹਨ ਤੇ ਆਪਣੇ ਆਪ ਨੂੰ ਉਸ ਅਨੁਸਾਰ ਢਾਲ ਲੈਂਦੇ ਹਨ, ਪਰ ਕੁਝ ਲੋਕਾਂ ਨੂੰ ਇਸ ਨਾਲ ਸੰਤੁਸ਼ਟੀ ਨਹੀਂ ਹੁੰਦੀ ਤੇ ਉਹ ਸਮਾਜ ਨੂੰ ਆਪਣੇ ਅਨੁਸਾਰ ਢਾਲ ਲੈਂਦੇ ਹਨ। ਉਹ ਆਪਣੇ ਆਪ ਨੂੰ ਇਸੇ ਸ਼੍ਰੇਣੀ 'ਚ ਰੱਖਦੀ ਹੈ। ਉਸਦਾ ਉਦੇਸ਼ ਬੇਸਹਾਰਾ ਲੋਕਾਂ ਦੀ ਸੇਵਾ ਕਰਨਾ ਹੈ ਤੇ ਉਹ ਇਸ ਲਈ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹੈ। ਇਸ ਲਈ ਪਿੰਗਲਵਾੜਾ ਸੁਸਾਇਟੀ ਨੇ ਫ਼ੈਸਲਾ ਕੀਤਾ ਕਿ ਸੁਸਾਇਟੀ ਦੇ ਪ੍ਰਬੰਧਕਾਂ 'ਚੋਂ ਕੁਝ ਬੰਦਿਆਂ ਨੂੰ ਹਟਾ ਦਿੱਤਾ ਜਾਵੇ। ਉਸਨੇ ਸੁਸਾਇਟੀ ਦੇ ਹੋਰ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕੀਤਾ। ਉਹ ਵੀ ਇਸ ਗੱਲ ਨਾਲ ਸਹਿਮਤ ਹੋ ਗਏ। ਇਸ ਫ਼ੈਸਲੇ ਨੂੰ ਲੈਣ ਲਈ ਛੇ ਮਹੀਨੇ ਲੱਗ ਗਏ। ਨੌਕਰੀ ਤੋਂ ਕੱਢੇ ਹੋਏ ਲੋਕ, ਵਾਰਡਾਂ ਦੇ ਪ੍ਰਬੰਧਕਾਂ ਨੂੰ ਹੋਰ ਸੇਵਾਦਾਰਾਂ ਨਾਲ ਮਿਲ ਕੇ ਹੜਤਾਲ ਕਰਾਉਣ ਲਈ ਭੜਕਾਉਣ ਲੱਗ ਪਏ।

ਪਰ ਅਗਲੇ ਦਿਨ, ਉਸਨੇ ਜੋ ਦੇਖਿਆ ਬੜਾ ਅਜੀਬ ਸੀ। ਵਾਰਡਾਂ ਦੇ ਪ੍ਰਬੰਧਕ ਉਸਦੇ ਹੁਕਮ ਮੰਨਣ ਨੂੰ ਤਿਆਰ ਨਹੀਂ ਸਨ ਤੇ ਉਹਨਾਂ ਦੇ ਹਰ ਹੁਕਮ ਦਾ ਵਿਰੋਧ ਕਰ ਰਹੇ ਸਨ। ਉਹਨਾਂ ਕੋਲ ਕਿਸੇ ਵਾਰਡ ਦਾ ਪ੍ਰਬੰਧ ਕਰਨ ਲਈ ਕੋਈ ਟੈਕਨੀਕਲ ਜਾਣਕਾਰੀ ਨਹੀਂ ਸੀ। ਉਹਨਾਂ ਨੂੰ ਉਸ ਸਮੇਂ ਨੌਕਰੀ 'ਚ ਰੱਖਿਆ ਗਿਆ ਸੀ, ਜਦੋਂ ਉਹ ਬੇਰੁਜ਼ਗਾਰ ਸਨ। ਉਹ ਵਿਰੋਧ ਕਿਉਂ ਕਰ ਰਹੇ ਸਨ? ਇਹ ਇਕ ਇਮਤਿਹਾਨ ਦੀ ਘੜੀ ਸੀ। ਕਈ ਲੋਕਾਂ ਨੇ, ਇੰਦਰਜੀਤ ਕੌਰ ਨੂੰ ਕਿਹਾ ਕਿ ਉਹ ਇਸ ਗੱਲ ਨੂੰ ਹੋਰ ਅੱਗੇ ਨਾ ਵਧਾਉਣ, ਪਰ ਉਸਨੂੰ ਇਸ ਮਾਮਲੇ 'ਚ ਕੋਈ ਗੰਭੀਰ ਸਾਜ਼ਸ਼ ਜਾਪ ਰਹੀ ਸੀ ਅਤੇ ਉਹ ਸੁਸਾਇਟੀ ਦੇ ਹੁਕਮ ਲਾਗੂ ਕਰਨ ਲਈ ਦ੍ਰਿੜ੍ਹ ਸੀ । ਪਰ ਉਹਨਾਂ ਲੋਕਾਂ ਨੇ ਕੁਝ ਹੋਰ ਕਰਮਚਾਰੀਆਂ ਨੂੰ ਵੀ ਨਾਲ ਰਲਾ ਲਿਆ ਤੇ ਹੜਤਾਲ ਸ਼ੁਰੂ ਕਰ ਦਿੱਤੀ।

ਅਗਲੇ ਦਿਨ, ਉਹਨਾਂ ਨੇ ਗੇਟ 'ਤੇ ਤੰਬੂ ਤੇ ਸਪੀਕਰ ਲਗਾ ਦਿੱਤਾ ਅਤੇ ਹੋਰ ਕਰਮਚਾਰੀਆਂ ਨੂੰ ਸਭ ਦੀ ਭਲਾਈ ਲਈ, ਹੜਤਾਲ 'ਚ ਸ਼ਾਮਲ ਹੋਣ ਲਈ ਉਕਸਾਉਣ ਲੱਗੇ। ਉਹ ਕਰਮਚਾਰੀਆਂ ਨੂੰ ਵੱਖ-ਵੱਖ ਰਾਜਨੀਤਕ ਨੇਤਾਵਾਂ ਕੋਲ ਮਦਦ ਲੈਣ ਲਈ ਜਾਣ ਲਈ ਉਕਸਾਉਣ ਲੱਗੇ । ਉਹ ਨੇਤਾ

ਉਹਨਾਂ ਨੂੰ ਆਪਣੇ ਛੋਟੇ-ਮੋਟੇ ਰਾਜਨੀਤਕ ਉਦੇਸ਼ਾਂ ਤੋਂ ਪ੍ਰੇਰਿਤ ਹੋ ਕੇ, ਮਦਦ ਕਰਨ ਦਾ ਯਕੀਨ ਦਿਵਾਉਣ ਲੱਗੇ, ਜਦੋਂ ਕਿ ਉਹਨਾਂ ਨੂੰ ਪਤਾ ਸੀ ਕਿ ਸਰਕਾਰ ਕੋਲ ਬੇਸਹਾਰਾ, ਅਨਾਥਾਂ, ਵਿਕਲਾਂਗ, ਅੱਖਾਂ ਤੋਂ ਹੀਣੇ, ਬੇਸੁੱਧ ਅਤੇ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਆਸਰਾ ਦੇਣ ਦਾ, ਭੋਜਨ ਕੱਪੜੇ, ਦਵਾਈਆਂ ਤੇ ਹੋਰ ਵੀ ਦੇਖ-ਭਾਲ ਕਰਨ ਦਾ ਕੋਈ ਹੋਰ ਦੂਸਰਾ ਪ੍ਰਬੰਧ ਨਹੀਂ ਸੀ। ਦਾਨ ’ਤੇ ਚੱਲਣ ਵਾਲੀ ਅਜਿਹੀ ਸੰਸਥਾ ਲਈ, ਉਹਨਾਂ ਦੀਆਂ ਮੰਗਾਂ ਬਿਲਕੁਲ ਤਰਕਹੀਣ ਸਨ। ਉਹਨਾਂ ਦੀਆਂ ਮੰਗਾਂ ਸਨ ਕਿ ਉਹਨਾਂ ਦੀਆਂ ਸੇਵਾਵਾਂ ਸਰਕਾਰੀ ਕਰਮਚਾਰੀਆਂ ਦੀਆਂ ਸੇਵਾਵਾਂ ਬਰਾਬਰ ਸਮਝੀਆਂ ਜਾਣ। ਉਹ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਦੀ ਨਿਖੇਧੀ ਕਰ ਰਹੇ ਸਨ।

ਪ੍ਰਬੰਧਕ ਕਮੇਟੀ ਨੇ ਕਰਮਚਾਰੀਆਂ ਨੂੰ ਗੱਲ-ਬਾਤ ਲਈ ਬੁਲਾਇਆ। ਉਹਨਾਂ ਨੂੰ ਇਸ ਗੱਲ ਲਈ ਮਨਾਇਆ ਜਾਣ ਲੱਗਾ ਕਿ ਉਹ ਪਿੰਗਲਵਾੜੇ ’ਚ ਰਹਿੰਦੇ ਲੋਕਾਂ ਦੇ ਹਿੱਤ ’ਚ ਹੜਤਾਲ ਖ਼ਤਮ ਕਰ ਦੇਣ, ਕਿਉਂਕਿ ਉੱਥੇ ਰਹਿਣ ਵਾਲੇ ਲੋਕਾਂ ’ਚ, ਜ਼ਿਆਦਾ ਗਿਣਤੀ ਤਾਂ ਮਰੀਜ਼ਾਂ ਦੀ ਸੀ। ਉਹਨਾਂ ਨੂੰ ਦੱਸਿਆ ਕਿ ਨਾਰੀ ਨਿਕੇਤਨ ਵਿੱਚ ਵੀ ਕੁੜੀਆਂ ਤੇ ਔਰਤਾਂ ਲਈ ਰਹਿਣ ਦੀ ਸਹੂਲਤ ਅਸਥਾਈ ਹੀ ਹੈ। ਅਜਿਹੇ ਲੋਕਾਂ ਲਈ ਕੋਈ ਵੀ ਸਰਕਾਰੀ ਪ੍ਰਬੰਧ ਨਹੀਂ ਹੈ। ਉਹਨਾਂ ਨੂੰ ਭਗਤ ਪੂਰਨ ਸਿੰਘ ਜੀ ਦਾ ਸਮਰਪਣ-ਭਾਵ ਅਤੇ ਉਦੇਸ਼ ਦਾ ਚੇਤਾ ਕਰਵਾਇਆ ਗਿਆ। ਪਰ ਉਹ ਕਿਸੇ ਤਰ੍ਹਾਂ ਵੀ ਮੰਨਣ ਨੂੰ ਤਿਆਰ ਨਹੀਂ ਸਨ।

ਗਿਆਰਾਂ ਜਾਂ ਬਾਰਾਂ ਕਰਮਚਾਰੀਆਂ ਤੋਂ ਸਿਵਾਏ, ਬਾਕੀ ਸਾਰੇ ਕਰਮਚਾਰੀ ਹੜਤਾਲ ’ਚ ਸ਼ਾਮਲ ਹੋ ਗਏ ਸਨ, ਉਹਨਾਂ ਨੇ ਮਨ ’ਚ ਝੂਠੀ ਧਾਰਨਾ ਬਣਾ ਲਈ ਸੀ ਕਿ ਸ਼ਾਇਦ ਇਸ ਸੰਸਥਾ ਦੀ ਜ਼ਿੰਮੇਵਾਰੀ ਸਰਕਾਰ ਲੈ ਲਏਗੀ ਤੇ ਇੰਞ ਉਹ ਆਪਣੇ ਆਪ ਹੀ ਸਰਕਾਰੀ ਕਰਮਚਾਰੀ ਬਣ ਜਾਣਗੇ। ਬੀਬੀ ਇੰਦਰਜੀਤ ਕੌਰ ਲਈ ਇਹ ਵੱਡੀ ਚੁਣੌਤੀ ਸੀ। ਉਸਦੇ ਕੁਝ ਸ਼ੁਭਚਿੰਤਕਾਂ ਨੇ ਉਸਨੂੰ ਇਹ ਜਗ੍ਹਾ ਛੱਡ ਦੇਣ ਲਈ ਕਿਹਾ ਤੇ ਇਸ ਮਾਮਲੇ ਤੋਂ ਦੂਰ ਰਹਿਣ ਲਈ ਕਿਹਾ, ਤਾਂ ਜੋ ਉਹ ਕਿਸੇ ਮੁਸੀਬਤ ’ਚ ਹੀ ਨਾ ਫਸ ਜਾਣ। ਪਰ ਉਸਨੇ ਇਹ ਸਭ ਸਲਾਹਾਂ ਤੇ ਉਪਦੇਸ਼ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸਨੂੰ ਆਪਣੇ ਆਪ ’ਚ ਵਿਸ਼ਵਾਸ ਸੀ ਤੇ ਉਹ ਆਪਣੇ ਸੋਚੇ ਹੋਏ ਉਦੇਸ਼ ਨੂੰ ਪੂਰਾ ਕਰਨ ਲਈ, ਕੋਈ ਵੀ ਕੁਰਬਾਨੀ ਕਰਨ ਨੂੰ ਤਿਆਰ ਸੀ। ਉਸਨੂੰ ਰਾਜਨੀਤਕ ਲੋਕਾਂ ਦੀ ਸੰਕੀਰਣ ਸੋਚ ’ਤੇ ਅਫ਼ਸੋਸ ਸੀ, ਜਿਹੜੇ ਕਿ ਕਰਮਚਾਰੀਆਂ ਨੂੰ ਬਿਨਾਂ ਕਿਸੇ ਅਧਾਰ ਦੇ ਵਾਅਦੇ ਕਰਕੇ ਭੜਕਾ ਰਹੇ ਸਨ ।



ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਮਾਜਿਕ ਸੁਰੱਖਿਆ ਦੀ ਜ਼ਿੰਮੇਵਾਰੀ ਹਮੇਸ਼ਾਂ ਸਰਕਾਰ ਦੀ ਹੀ ਹੁੰਦੀ ਹੈ। ਇਹ ਆਸ਼ਰਮ, ਬੇਸਹਾਰਾ ਲੋਕਾਂ ਲਈ ਇਕ ਆਸ ਦੀ ਕਿਰਨ ਲੈ ਕੇ ਆਇਆ ਹੈ, ਪਰ ਇਹ ਰਾਜਨੀਤਕ ਲੋਕ, ਹੋਰ ਲੋਕਾਂ ਨੂੰ ਗੁਮਰਾਹ ਕਰ ਰਹੇ ਸਨ। ਆਪ ਤਾਂ ਉਹ ਕਿਸੇ ਨੂੰ ਕੋਈ ਰਾਹਤ ਪਹੁੰਚਾ ਨਹੀਂ ਸੀ ਰਹੇ ਤੇ ਕਰਮਚਾਰੀਆਂ ਨੂੰ ਅਨੁਸ਼ਾਸਨਹੀਣਤਾ ਲਈ ਭੜਕਾ ਰਹੇ ਸਨ।

ਪਿੰਗਲਵਾੜੇ ’ਚ ਰਿਹਾਇਸ਼ ਦੇ ਦੌਰਾਨ, ਹਮੇਸ਼ਾਂ ਹੀ ਉਸਦਾ ਆਪਣੇ ਮਾਤਾ ਜੀ ਨਾਲ ਸੰਪਰਕ ਬਣਿਆ ਰਿਹਾ। ਉਹ ਜਦੋਂ ਵੀ ਉਹਨਾਂ ਨਾਲ ਗੱਲਬਾਤ ਕਰਦੀ ਸੀ, ਮਾਤਾ ਜੀ ਹਮੇਸ਼ਾਂ ਉਸਦੀ ਹੌਸਲਾ-ਅਫ਼ਜ਼ਾਈ ਕਰਦੇ ਸੀ। ਉਸਦੇ ਮਾਤਾ ਜੀ ਉਸਨੂੰ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਣ ਲਈ ਕਹਿੰਦੇ ਸਨ ਤੇ ਹੌਸਲਾ-ਅਫ਼ਜ਼ਾਈ ਕਰਦੇ ਸਨ ਕਿ ਉਸਨੂੰ ਜ਼ਰੂਰ ਹੀ ਸਫਲਤਾ ਮਿਲੇਗੀ। ਉਹ ਇਹ ਸੋਚ ਕੇ ਹੈਰਾਨ ਹੁੰਦੀ ਸੀ ਕਿ ਉਸਦੇ ਮਾਤਾ ਜੀ ਇਕ ਸਧਾਰਣ ਔਰਤ ਨਹੀਂ ਹਨ ਜੋ ਕਿ ਇਸ ਗੱਲ ਤੋਂ ਨਿਰਾਸ਼ ਹੋ ਜਾਏ ਜਾਂ ਡਰ ਜਾਏ ਕਿ ਉਸਦੀ ਬੇਟੀ ਨੂੰ ਉਹਨਾਂ ਲੋਕਾਂ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਹੜੇ ਕਿ ਉਸਨੂੰ ਉੱਥੋਂ ਹਟਾਉਣਾ ਚਾਹੁੰਦੇ ਹਨ; ਸਗੋਂ ਉਹਨਾਂ ਨੂੰ ਤਸੱਲੀ ਸੀ ਕਿ ਉਹਨਾਂ ਦੀ ਬੇਟੀ ਸਮਾਜ ਸੇਵਾ ਲਈ ਕੋਸ਼ਿਸ਼ਾਂ ਕਰ ਰਹੀ ਹੈ। ਉਹ ਤਾਂ ਸਗੋਂ ਇੰਦਰਜੀਤ ਨੂੰ ਕਹਿੰਦੇ, **“ਤੇਰੇ ਹਸਪਤਾਲ ’ਚ ਬਿਲਕੁਲ ਠੀਕ ਕੰਮ ਹੋ ਰਿਹਾ ਹੈ, ਇਸ ਬਾਰੇ ਤੂੰ ਕੋਈ ਫ਼ਿਕਰ ਨਹੀਂ ਕਰਨਾ”** ਅਤੇ ਉਸਨੂੰ ਯਕੀਨ ਦਿਵਾਉਂਦੇ ਕਿ ਉਹ ਸਫਲ ਹੋਵੇਗੀ, ਉਹ ਕਹਿੰਦੇ, **“ਤੂੰ ਸੱਚ ਦੇ ਰਾਹ ’ਤੇ ਚੱਲ ਰਹੀ ਹੈਂ, ਇਸ ਲਈ ਤੂੰ ਕੋਈ ਚਿੰਤਾ ਨਹੀਂ ਕਰਨੀ।”**

ਪਿੰਗਲਵਾੜਾ ਸੁਸਾਇਟੀ ਦੇ ਸਾਰੇ ਮੈਂਬਰ ਉਸ ਨਾਲ ਚੱਟਾਨ ਵਾਂਗ ਖੜ੍ਹੇ ਸਨ। ਮਰੀਜ਼ਾਂ ਨੂੰ ਹੜਤਾਲ ਕਾਰਨ ਮੁਸ਼ਕਲ ਆ ਰਹੀ ਸੀ। ਹੜਤਾਲ ਨੂੰ ਉਕਸਾਉਣ ਵਾਲੇ ਲੋਕ ਦੂਸਰੇ ਲੋਕਾਂ ਨੂੰ ਮਰੀਜ਼ਾਂ ਦੀ ਸੇਵਾ ਨਹੀਂ ਸੀ ਕਰਨ ਦਿੰਦੇ ਅਤੇ ਉਹ ਕਾਨੂੰਨ ਵਿਵਸਥਾ ਦੀ ਮੁਸ਼ਕਲ ਪੈਦਾ ਕਰ ਰਹੇ ਸਨ, ਬਲਕਿ ਉਹ ਉਹਨਾਂ ਲੋਕਾਂ ਨੂੰ ਧਮਕਾ ਰਹੇ ਸਨ, ਜਿਹੜੇ ਹੜਤਾਲ ’ਚ ਸ਼ਾਮਲ ਨਹੀਂ ਸਨ।

ਇੰਦਰਜੀਤ ਕੌਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ, ਭਾਈ ਰਣਜੀਤ ਸਿੰਘ ਕੋਲ ਮਦਦ ਲਈ ਗਈ। ਉਹਨਾਂ ਨੇ S.S.P ਨੂੰ ਮਾਮਲੇ ਦੀ ਪੜਤਾਲ ਕਰਨ ਲਈ ਕਿਹਾ, ਕਿਉਂਕਿ ਮਰੀਜ਼ ਮੁਸ਼ਕਲ ’ਚ ਸਨ। ਭਾਈ ਰਣਜੀਤ

ਸਿੰਘ ਦੇ ਦਖ਼ਲ ਦੇਣ ਦੇ ਬਾਅਦ, S.S.P ਅੰਮ੍ਰਿਤਸਰ ਨੇ ਬੀਬੀ ਇੰਦਰਜੀਤ ਕੌਰ ਦੀ ਮਦਦ ਕਰਨ ਲਈ ਕਾਫ਼ੀ ਸੰਖਿਆ 'ਚ ਪੁਲਿਸ ਕਰਮਚਾਰੀ ਭੇਜ ਦਿੱਤੇ। ਉਹਨਾਂ ਨੇ ਹੁਣ ਹੜਤਾਲ ਕਰ ਰਹੇ ਕਰਮਚਾਰੀਆਂ ਨੂੰ ਪਿੰਗਲਵਾੜੇ ਦੇ ਅੰਦਰ ਆਉਣ ਦੀ ਆਗਿਆ ਨਹੀਂ ਦਿੱਤੀ।

ਹੜਤਾਲੀ ਕਰਮਚਾਰੀਆਂ ਨੇ ਰਾਜਨੀਤਕ ਨੇਤਾਵਾਂ ਤੇ ਪ੍ਰਬੰਧਕਾਂ ਨੂੰ ਮਿਲਣਾ ਜਾਰੀ ਰੱਖਿਆ। ਉਹ ਪ੍ਰਬੰਧਕਾਂ ਨੂੰ ਉਹਨਾਂ ਦੇ ਪੱਖ 'ਚ ਮਸਲਾ ਹੱਲ ਕਰਨ ਲਈ ਬੇਨਤੀ ਕਰ ਰਹੇ ਸਨ। ਆਪਣੀ ਹੜਤਾਲ ਦੇ ਪੱਖ 'ਚ ਉਹ ਝੂਠੇ ਤੱਥ ਬਿਆਨ ਕਰ ਰਹੇ ਸਨ।

ਇਕ ਦਿਨ, ਇਕ ਸਰਕਾਰੀ ਅਧਿਕਾਰੀ ਪਿੰਗਲਵਾੜੇ ਵਿਖੇ ਆਇਆ। ਉਸਦੇ ਉੱਚ ਅਧਿਕਾਰੀਆਂ ਨੇ ਉਸਨੂੰ ਮਸਲਾ ਨਜਿੱਠਣ ਲਈ ਹਦਾਇਤ ਕੀਤੀ ਸੀ, ਪਰ ਉਹ ਨਿਰਪੱਖ ਨਹੀਂ ਸੀ। ਉਸਦੇ ਕੋਲ ਕੁਝ ਗ਼ਲਤ ਤੱਥ ਸਨ । ਜਾਂ ਤਾਂ ਉਸਨੂੰ ਸੂਚਨਾ ਹੀ ਗ਼ਲਤ ਦਿੱਤੀ ਗਈ ਸੀ ਤੇ ਜਾਂ ਫਿਰ ਉਹ ਹੜਤਾਲੀ ਕਰਮਚਾਰੀਆਂ ਦੇ ਪੱਖ ਵਿੱਚ ਸੀ। ਉਸਨੇ ਬੀਬੀ ਜੀ ਨੂੰ ਦਫ਼ਤਰ 'ਚ ਬੁਲਾਇਆ। ਉਸਨੇ ਬੀਬੀ ਜੀ ਦਾ ਮੁਸਕਰਾਉਂਦਿਆਂ ਹੋਇਆਂ ਸੁਆਗਤ ਕੀਤਾ ਤੇ ਉਸਨੂੰ ਪੁੱਛਣ ਲੱਗਾ ਕਿ ਉਹ ਇਹਨਾਂ ਲੋਕਾਂ ਨੂੰ ਗੁਮਰਾਹ ਕਿਉਂ ਕਰ ਰਹੀ ਹੈਂ ਅਤੇ ਇਸ ਆਸ਼ਰਮ ਨੂੰ ਸਰਕਾਰੀ ਕੰਟਰੋਲ ਦੇ ਹੱਥਾਂ 'ਚ ਦੇਣ ਲਈ ਕਿਉਂ ਰੁਕਾਵਟ ਬਣ ਰਹੀ ਹੈਂ। ਬੀਬੀ ਇਹ ਟਿੱਪਣੀ ਸੁਣ ਕੇ ਹੈਰਾਨ ਹੋ ਗਈ ਤੇ ਨਾਰਾਜ਼ ਹੋ ਗਈ। ਪਰ ਉਸਨੇ ਸਰਕਾਰੀ ਕਰਮਚਾਰੀ ਨੂੰ ਕਿਹਾ, **"ਮੈਂ ਉਹਨਾਂ ਨੂੰ ਗੁਮਰਾਹ ਨਹੀਂ ਕਰ ਰਹੀ, ਬਲਕਿ ਤੁਸੀਂ ਕਰ ਰਹੇ ਹੋ। ਕੀ ਤੁਸੀਂ ਇਸ ਸੰਸਥਾ ਨੂੰ ਸਰਕਾਰੀ ਕੰਟਰੋਲ 'ਚ ਕਰਨ ਲਈ ਕੋਈ ਆਦੇਸ਼ ਦੇਣ ਦੀ ਯੋਗਤਾ ਰੱਖਦੇ ਹੋ ਜਾਂ ਤੁਹਾਨੂੰ ਪਿੰਗਲਵਾੜਾ ਸੰਸਥਾ ਨੂੰ ਸਰਕਾਰੀ ਕੰਟਰੋਲ 'ਚ ਲੈਣ ਦਾ ਕੋਈ ਆਦੇਸ਼ ਮਿਲਿਆ ਹੈ? ਕੀ ਤੁਸੀਂ ਮੈਨੂੰ ਭਾਰਤ 'ਚ ਸਥਿਤ ਕਿਸੇ ਐਸੇ ਆਸ਼ਰਮ ਬਾਰੇ ਦੱਸ ਸਕਦੇ ਹੋ, ਜਿਸ ਦਾ ਕੰਟਰੋਲ ਸਰਕਾਰ ਕਰਦੀ ਹੋਵੇ ਤੇ ਉਹ ਸਾਰੀਆਂ ਸਹੂਲਤਾਂ ਦਿੰਦੀ ਹੋਵੇ, ਜਿਹੜੀਆਂ ਇਹ ਆਸ਼ਰਮ ਉਹਨਾਂ ਨੂੰ ਦੇ ਰਿਹਾ ਹੈ ਅਤੇ ਹੋਰ ਸਾਫ਼-ਸਾਫ਼ ਸੁਣੋ ਕਿ ਮੈਂ ਇੱਥੇ ਲੋਕਾਂ ਦੀ ਸੇਵਾ ਕਰਨ ਦੇ ਉਦੇਸ਼ ਨਾਲ ਆਈ ਹਾਂ ਅਤੇ ਪਿੰਗਲਵਾੜੇ ਦਾ ਸੰਚਾਲਨ ਕਰਨ ਲਈ, ਮੈਂ ਭਗਤ ਪੂਰਨ ਸਿੰਘ ਜੀ ਦੀ ਇੱਛਾ ਅਨੁਸਾਰ ਕੋਈ ਵੀ ਕੁਰਬਾਨੀ ਕਰ ਸਕਦੀ ਹਾਂ।"** ਉਹ ਸਾਰੀਆਂ ਗੱਲਾਂ ਇਕ ਹੀ ਸਾਹ 'ਚ ਕਹਿ ਗਈ। ਹੁਣ ਉਸ ਅਫ਼ਸਰ ਕੋਲ ਕਿਸੇ ਗੱਲ ਦਾ ਕੋਈ ਜਵਾਬ ਨਹੀਂ ਸੀ, ਸਗੋਂ ਉਹ ਨਿਰਾਸ਼ ਜਿਹਾ ਹੋ ਗਿਆ। ਉਹ ਆਪਣੇ



ਆਲੇ-ਦੁਆਲੇ ਦੇ ਲੋਕਾਂ ਤੋਂ ਮਦਦ ਦੀ ਉਮੀਦ ਕਰਦਾ ਰਿਹਾ, ਪਰ ਉਸਦੀ ਮਦਦ ਲਈ ਇਕ ਜਣਾ ਵੀ ਅੱਗੇ ਨਾ ਆਇਆ ਤੇ ਕੁਝ ਚਿਰ ਮਗਰੋਂ ਉਹ ਵਾਪਸ ਚਲਾ ਗਿਆ। ਸਰਦਾਰ ਮੁਖਤਾਰ ਸਿੰਘ ਤੇ ਮਾਸਟਰ ਰਾਜਬੀਰ ਸਿੰਘ ਉੱਥੇ ਹੀ ਖੜ੍ਹੇ ਸਨ, ਪਰ ਕੋਈ ਵੀ ਉਸਨੂੰ ਬਾਹਰ ਤਕ ਛੱਡਣ ਲਈ ਨਾ ਆਇਆ।

ਇਸ ਘਟਨਾ ਤੋਂ ਕੁਝ ਦਿਨਾਂ ਬਾਅਦ ਹੀ, ਡਾ. ਇੰਦਰਜੀਤ ਕੌਰ ਨੇ ਪਿੰਗਲਵਾੜਾ ਸੁਸਾਇਟੀ ਦੀ ਇਕ ਮੀਟਿੰਗ ਬੁਲਾਈ ਤੇ ਇਕ ਉਰਦੂ ਦਾ ਸ਼ਿਅਰ ਬੋਲਿਆ, **"ਜਬ ਭੀ ਕਭੀ ਚੋਟ ਖਾਈ ਹੈ, ਹਮ ਮੁਸਕਰਾਏ।"** ਉਸਨੇ ਕਿਹਾ, "ਇਹ ਮੇਰੀ ਆਤਮਾ ਦੀ ਆਵਾਜ਼ ਹੈ ਕਿ ਮੈਂ ਬੇਸਹਾਰਾ ਲੋਕਾਂ ਦੀ ਸੇਵਾ 'ਚ ਲੱਗੀ ਰਹਾਂਗੀ। ਅਸੀਂ ਸਾਰੇ ਠੀਕ ਰਾਹ 'ਤੇ ਚੱਲ ਰਹੇ ਹਾਂ, ਕੋਈ ਸਾਨੂੰ ਇਸ 'ਤੇ ਚੱਲਣ ਤੋਂ ਰੋਕ ਨਹੀਂ ਸਕੇਗਾ, ਸਮਾਜ ਸੇਵਾ ਦੇ ਸਾਡੇ ਉਦੇਸ਼ 'ਚ ਕੋਈ ਵੀ ਮੁਸ਼ਕਲ ਆਈ ਤਾਂ ਅਸੀਂ ਉਸਦਾ ਸਾਹਮਣਾ ਕਰਾਂਗੇ। ਇਹ ਸਮਾਜ ਸੇਵਾ ਦਾ ਆਸ਼ਰਮ ਬਨਾਉਣ ਲਈ ਭਗਤ ਪੂਰਨ ਸਿੰਘ ਜੀ ਨੇ ਆਪਣੇ ਜੀਵਨ ਦੇ ਸੱਠ ਸਾਲ ਸੇਵਾ ਕਰਦਿਆਂ ਲਗਾ ਦਿੱਤੇ ਸਨ । ਅਸੀਂ ਇਸ ਆਸ਼ਰਮ ਨੂੰ ਵਿਅਰਥ ਕਿਵੇਂ ਛੱਡ ਦੇਈਏ। ਮੇਰੀ ਜ਼ਿੰਦਗੀ ਦਾ ਉਦੇਸ਼ ਹੀ ਲੋਕ-ਸੇਵਾ ਕਰਨਾ ਹੈ।" ਆਪਣੇ ਦਿਲ 'ਚ ਉਹ ਅਰਦਾਸ ਕਰਦੀ ਕਿ ਪਰਮਾਤਮਾ ਆਪਣਾ ਆਸ਼ੀਰਵਾਦ ਭਰਿਆ ਹੱਥ ਉਸਦੇ ਸਿਰ 'ਤੇ ਰੱਖੇ ਤੇ ਪਿੰਗਲਵਾੜੇ ਨਾਲ ਸੰਬੰਧਿਤ ਮਸਲਿਆਂ ਦਾ ਹੱਲ ਹੋ ਜਾਵੇ।

ਉਸੇ ਦਿਨ ਹੀ, ਇਕ ਕੌਤਕ ਵਰਤ ਗਿਆ। ਸ਼ਾਮ ਨੂੰ ਸਾਰੇ ਹੜਤਾਲੀ ਕਾਮੇ ਪਿੰਗਲਵਾੜੇ ਦੇ ਅੰਦਰ ਆ ਗਏ। ਲਗਭਗ ਪੰਜ ਆਦਮੀ ਬੀਬੀ ਕੋਲ ਆਏ ਤੇ ਉਸਨੂੰ ਬੀਤੇ ਦੀਆਂ ਗੱਲਾਂ ਭੁੱਲ ਜਾਣ ਨੂੰ ਕਿਹਾ ਤੇ ਵਾਅਦਾ ਕੀਤਾ ਕਿ ਉਹ ਸੇਵਾ ਕਰਨ 'ਚ ਤੇ ਸਹਾਇਤਾ ਕਰਨ 'ਚ, ਹਮੇਸ਼ਾਂ ਉਸਦੇ ਨਾਲ ਖੜ੍ਹੇ ਹੋਣਗੇ।

ਅਗਲੇ ਦਿਨ, ਪਿੰਗਲਵਾੜੇ ਦੇ ਸਾਰੇ ਕਰਮਚਾਰੀ, ਬੀਬੀ ਜੀ ਦੇ ਦਫ਼ਤਰ ਦੇ ਸਾਹਮਣੇ ਇਕੱਠੇ ਹੋਏ ਅਤੇ ਉਹਨੂੰ ਤੇ ਪਿੰਗਲਵਾੜਾ ਸੁਸਾਇਟੀ ਦੇ ਹੋਰ ਮੈਂਬਰਾਂ ਨੂੰ ਉਸ ਮੀਟਿੰਗ 'ਚ ਆਉਣ ਦਾ ਸੱਦਾ ਦਿੱਤਾ। ਇੰਦਰਜੀਤ ਕੌਰ ਨੇ ਕਰਮਚਾਰੀਆਂ ਨੂੰ ਸੰਬੋਧਨ ਕੀਤਾ। ਉਹਨਾਂ ਕਹਿਣਾ ਸ਼ੁਰੂ ਕੀਤਾ, "ਕੱਲ੍ਹ, ਜਦੋਂ ਤੁਸੀਂ ਮੇਰੇ ਕੋਲ ਆਏ ਸੀ ਤਾਂ ਮੈਂ ਸਭ ਕੁਝ ਭੁਲਾ ਦਿੱਤਾ ਸੀ। ਇਹ ਸੰਸਥਾ, ਬੇਸਹਾਰਾ ਲੋਕਾਂ ਲਈ, ਇਕ ਵੱਡੀ ਉਮੀਦ ਨਾਲ ਸ਼ੁਰੂ ਕੀਤੀ

ਗਈ ਸੀ। ਇਹ ਮੇਰੀ ਜਾਇਦਾਦ ਨਹੀਂ ਹੈ। ਮੈਂ ਤੁਹਾਡੇ ਸਭ ਦੇ ਹਿੱਤਾਂ ਦੀ, ਤੇ ਖ਼ਾਸ ਕਰਕੇ ਪਿੰਗਲਵਾੜੇ ਦੇ ਨਿਵਾਸੀਆਂ ਦੇ ਹਿੱਤਾਂ ਦੀ ਰਾਖੀ ਕਰਾਂਗੀ, ਜਿਹੜੇ ਕਿ ਇਸ ਉਮੀਦ ਨਾਲ ਇੱਥੇ ਆਉਂਦੇ ਹਨ ਕਿ ਇੱਥੇ ਉਹਨਾਂ ਨੂੰ ਪਿਆਰ, ਸਨੇਹ ਮਿਲੇਗਾ ਤੇ ਉਹਨਾਂ ਦੀਆਂ ਜ਼ਰੂਰਤਾਂ ਵੱਲ ਖ਼ਾਸ ਧਿਆਨ ਦਿੱਤਾ ਜਾਏਗਾ। ਇਹ ਭਗਤ ਪੂਰਨ ਸਿੰਘ ਜੀ ਵੱਲੋਂ ਲਾਇਆ ਗਿਆ ਪੌਦਾ ਸੀ, ਜਿਸਨੂੰ ਉਹ ਸਾਰੀ ਉਮਰ ਸਿੰਜਦੇ ਰਹੇ ਤੇ ਹੁਣ ਇਹ ਵੱਡਾ ਦਰੱਖ਼ਤ ਬਣ ਗਿਆ ਹੈ। ਤੁਹਾਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਸ਼ੁਰੂ ਵਿੱਚ ਭਗਤ ਪੂਰਨ ਸਿੰਘ ਨੂੰ ਕਿਤਿਉਂ ਵੀ ਸਹਾਇਤਾ ਨਹੀਂ ਸੀ ਮਿਲਦੀ, ਪਰ ਤਾਂ ਵੀ ਉਹ ਕਿਸੇ ਨੂੰ ਇਨਕਾਰ ਨਹੀਂ ਸਨ ਕਰਦੇ ਤੇ ਉਹਨਾਂ ਦੀ ਮਦਦ, ਉਹ ਲੋਕਾਂ ਕੋਲੋਂ ਭੀਖ ਮੰਗ ਕੇ ਕਰਦੇ ਸਨ। ਮੈਂ ਤੁਹਾਨੂੰ ਸਭ ਨੂੰ ਬੇਨਤੀ ਕਰਦੀ ਹਾਂ ਕਿ ਅਸੀਂ ਉਸੇ ਭਾਵਨਾ ਨਾਲ ਲੋਕ-ਸੇਵਾ 'ਚ ਜੁੱਟ ਜਾਈਏ, ਜਿਸਦੀ ਉਮੀਦ ਭਗਤ ਜੀ ਸਾਡੇ ਕੋਲੋਂ ਕਰਦੇ ਸਨ। ਇਹ ਸਰਕਾਰੀ ਨੌਕਰੀ ਵਰਗੀ ਨੌਕਰੀ ਨਹੀਂ ਹੈ, ਬਲਕਿ ਇਹ ਇਕ ਉਦੇਸ਼ ਨੂੰ ਪ੍ਰਾਪਤ ਕਰਨ ਲਈ ਸੇਵਾ ਹੈ। ਪਰ ਤਾਂ ਵੀ ਅਸੀਂ ਤੁਹਾਡੇ ਸਭ ਦੇ ਹਿੱਤਾਂ ਦੀ ਰੱਖਿਆ ਪਰਿਵਾਰਕ ਜੀਆਂ ਵਾਂਗ ਕਰਾਂਗੇ, ਜਿਸ ਵਿੱਚ ਸਭ ਦੇ ਬਰਾਬਰ ਅਧਿਕਾਰ ਹੋਣਗੇ। ਅਸਲ 'ਚ ਇਹ ਆਸ਼ਰਮ ਦੁਨੀਆਂ ਲਈ ਇਕ ਆਦਰਸ਼ ਹੈ, ਜੋ ਬੇਸਹਾਰਾ ਤੇ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਹੋਏ ਲੋਕਾਂ ਨੂੰ ਆਸਰਾ ਦੇ ਕੇ ਤੇ ਸੇਵਾ ਕਰਕੇ ਇਸ ਆਸ਼ਰਮ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਭਗਤ ਜੀ ਨੂੰ ਹਮੇਸ਼ਾਂ ਇਹ ਚਿੰਤਾ ਰਹਿੰਦੀ ਸੀ ਕਿ ਇਹ ਆਸ਼ਰਮ ਸਥਾਈ ਤੌਰ 'ਤੇ ਚੱਲਦਾ ਰਹੇ ਤੇ ਮੈਨੂੰ ਇਹ ਸਭ ਕੁਝ ਕਰਨ ਲਈ, ਤੁਹਾਡੇ ਸਾਰਿਆਂ ਦੇ ਸਹਿਯੋਗ ਦੀ ਜ਼ਰੂਰਤ ਹੈ।" ਸਾਰਿਆਂ ਕਰਮਚਾਰੀਆਂ ਨੇ ਬੀਬੀ ਜੀ ਨੂੰ ਉਹਨਾਂ ਦੇ ਨੇਕ ਉਦੇਸ਼ ਪ੍ਰਾਪਤੀ ਵਾਸਤੇ ਸਹਿਯੋਗ ਦੇਣ ਦਾ ਯਕੀਨ ਦਿਵਾਇਆ।

ਜਦੋਂ ਕੰਮ ਲੀਹ 'ਤੇ ਪੈ ਗਿਆ, ਪਿੰਗਲਵਾੜੇ 'ਚ ਸ਼ਾਂਤੀ ਹੋ ਗਈ ਤਾਂ ਮਰੀਜ਼ਾਂ ਦੀ ਠੀਕ ਦੇਖਭਾਲ ਹੋਣੀ ਸ਼ੁਰੂ ਹੋ ਗਈ । ਕੁਝ ਦਿਨਾਂ ਬਾਅਦ, ਬੀਬੀ ਇੰਦਰਜੀਤ ਕੌਰ ਨੂੰ ਉਸਦੇ ਮਾਤਾ ਜੀ ਦਾ ਫ਼ੋਨ ਆਇਆ ਤੇ ਜਦੋਂ ਉਸਨੇ ਫ਼ੋਨ ਚੁੱਕਿਆ ਤਾਂ ਉਹ ਆਪਣੇ ਆਪ ਨੂੰ ਇਸ ਗੱਲ ਲਈ ਦੋਸ਼ੀ ਮਹਿਸੂਸ ਕਰਨ ਲੱਗੀ ਕਿ ਉਸਦੇ ਮਾਤਾ ਜੀ ਉਸ ਬਾਰੇ ਤੇ ਪਿੰਗਲਵਾੜੇ ਬਾਰੇ ਕਿੰਨੇ ਫ਼ਿਕਰਮੰਦ ਸਨ ਤੇ ਉਸਨੂੰ ਲਗਭਗ ਰੋਜ਼ ਹੀ ਫ਼ੋਨ ਕਰਕੇ, ਇਹਨਾਂ ਗੱਲਾਂ ਬਾਰੇ ਪੁੱਛਦੇ ਰਹਿੰਦੇ ਸਨ। ਪਰ ਹੁਣ ਜਦ ਉਸਨੂੰ ਸਫਲਤਾ ਮਿਲ ਗਈ ਹੈ ਉਸਨੂੰ ਇਸ



ਬਾਰੇ ਆਪਣੇ ਮਾਤਾ ਜੀ ਨੂੰ ਦੱਸਣ ਦਾ ਸਮਾਂ ਹੀ ਨਹੀਂ ਮਿਲਿਆ। ਉਸਨੇ ਫ਼ੋਨ 'ਤੇ ਹੀ ਆਪਣੇ ਮਾਤਾ ਜੀ ਕੋਲ ਇਸ ਗੱਲ ਦਾ ਪਛਤਾਵਾ ਜ਼ਾਹਰ ਕੀਤਾ, ਪਰ ਉਹਨਾਂ ਨੇ ਇਸ ਗੱਲ ਵੱਲ ਰਤਾ ਧਿਆਨ ਨਹੀਂ ਦਿੱਤਾ ਤੇ ਉਸ ਨੂੰ ਇਸ ਗੱਲ ਦੀ ਵਧਾਈ ਦਿੱਤੀ ਤੇ ਕਿਹਾ ਕਿ ਉਹਨਾਂ ਨੂੰ ਪਤਾ ਲੱਗ ਗਿਆ ਹੈ ਕਿ ਪਿੰਗਲਵਾੜਾ ਸੁਸਾਇਟੀ ਨੇ ਸਭ ਕੁਝ ਠੀਕ ਕਰ ਲਿਆ ਹੈ ਤੇ ਹੁਣ ਇਹ ਹੋਰ ਤਰੱਕੀ ਦੇ ਰਾਹ ਵੱਲ ਜਾਏਗੀ।

ਅਗਲੇ ਦਿਨ, ਮਰੀਜ਼ਾਂ ਤੇ ਬੇਸਹਾਰਾ ਲੋਕਾਂ ਨੂੰ ਨਵੀਆ ਉਮੀਦਾਂ ਬੱਝ ਗਈਆਂ ਸਨ ਤੇ ਦੂਜੇ ਪਾਸੇ ਕਰਮਚਾਰੀ ਮਰੀਜ਼ਾਂ ਤੇ ਪਿੰਗਲਵਾੜੇ ਦੇ ਨਿਵਾਸੀਆਂ ਦੀ ਸੇਵਾ 'ਚ ਨਵੇਂ ਉਤਸ਼ਾਹ ਨਾਲ ਜੁੱਟ ਗਏ ਸਨ। ਪਰ ਹਾਲੀ ਵੀ ਕਈ ਅਸੰਤੁਸ਼ਟ ਲੋਕ ਕਈ ਲੋਕਾਂ ਨੂੰ ਮਿਲਣਾ ਜਾਰੀ ਰੱਖ ਰਹੇ ਸਨ, ਜਿਹਨਾਂ 'ਚ ਰਾਜਨੀਤਕ ਲੋਕ ਵੀ ਸਨ। ਉਹ ਬੜੇ ਲੋਕਾਂ ਨੂੰ ਮਿਲੇ, ਜਿਹਨਾਂ 'ਚ ਸਰਦਾਰ ਸੁਰਜੀਤ ਸਿੰਘ ਬਰਨਾਲਾ, ਸਰਦਾਰ ਸਿਮਰਨਜੀਤ ਸਿੰਘ ਮਾਨ ਅਤੇ ਹੋਰ ਲੋਕ ਵੀ ਸਨ। ਪਰ ਕਿਸੇ ਨੇ ਵੀ ਉਹਨਾਂ ਦੀ ਗੱਲ ਨਹੀਂ ਸੁਣੀ। ਕਈ ਲੋਕਾਂ ਨੇ ਤਾਂ ਸਪੱਸ਼ਟ ਤੌਰ 'ਤੇ ਕਹਿ ਦਿੱਤਾ ਕਿ ਉਹ ਉਸੇ ਵਿਅਕਤੀ ਦਾ ਹੀ ਸਮਰਥਨ ਕਰਨਗੇ, ਜਿਹੜਾ ਵਸੀਅਤ ਦੇ ਅਨੁਸਾਰ, ਪਿੰਗਲਵਾੜੇ ਦਾ ਪ੍ਰਬੰਧਕ ਬਣਾਇਆ ਗਿਆ ਹੈ, ਕਿਉਂਕਿ ਵਸੀਅਤ ਦੇ ਅਨੁਸਾਰ, ਬੀਬੀ ਇੰਦਰਜੀਤ ਕੌਰ ਨੂੰ ਭਗਤ ਜੀ ਨੇ ਆਪਣਾ ਉੱਤਰਾਧਿਕਾਰੀ ਥਾਪਿਆ ਹੈ, ਇਸ ਲਈ, ਉਹ ਉਸਦਾ ਸਮਰਥਨ ਹੀ ਕਰਨਗੇ।

ਬੀਬੀ ਇੰਦਰਜੀਤ ਕੌਰ ਸਮਾਜ ਸੇਵਾ ਦੇ ਮਸਲੇ ਬਾਰੇ ਬਹੁਤ ਡੂੰਘਆਈ ਨਾਲ ਸੋਚਦੀ ਸੀ। ਉਸ ਦਾ ਖ਼ਿਆਲ ਸੀ ਕਿ ਭਾਵੇਂ ਲੋਕ, ਬੇਸਹਾਰਾ ਲੋਕਾਂ ਤੇ ਮਰੀਜ਼ਾਂ ਦੀ ਭਲਾਈ ਲਈ ਚੰਦਾ ਦਿੰਦੇ ਹੀ ਹਨ, ਪਰ ਉਹਨਾਂ ਨੂੰ ਇਸ ਸੰਸਥਾ ਦਾ ਪ੍ਰਬੰਧ ਚਲਾਉਣ ਵਾਲਿਆਂ ਬਾਰੇ ਵੀ ਸੋਚਣਾ ਚਾਹੀਦਾ ਹੈ। ਭਗਤ ਜੀ ਨੇ ਚੰਗਾ ਨਾਮਣਾ ਖੱਟਿਆ ਸੀ ਅਤੇ ਲੋਕਾਂ ਦਾ ਉਹਨਾਂ 'ਚ ਪੂਰਨ ਭਰੋਸਾ ਸੀ ਅਤੇ ਉਸਨੂੰ ਵੀ ਆਪਣੇ ਆਪ ਨੂੰ ਉਹੋ ਜਿਹਾ ਹੀ ਬਨਾਉਣਾ ਪਏਗਾ। ਉਸਨੂੰ ਬਹੁਤ ਮਿਹਨਤ ਕਰਨੀ ਪਏਗੀ ਤੇ ਲੋਕਾਂ ਨੂੰ ਦਿਖਾਉਣਾ ਪਏਗਾ ਕਿ ਜਿਹੜਾ ਉਦੇਸ਼ ਭਗਤ ਪੂਰਨ ਸਿੰਘ ਜੀ ਨੇ ਮਿਥਿਆ ਸੀ, ਉਹ ਉਸੇ ਉਦੇਸ਼ ਲਈ ਕੰਮ ਕਰ ਰਹੀ ਹੈ। ਆਮ ਤੌਰ 'ਤੇ ਉਸਦਾ ਕਹਿਣਾ ਸੀ ਕਿ ਹਰ ਕਿਸੇ ਨੂੰ ਆਪਣੀ ਆਤਮਾ ਦੀ ਆਵਾਜ਼ ਸੁਣਨੀ ਚਾਹੀਦੀ ਹੈ; ਕਈ ਲੋਕ ਤਾਂ ਏਦਾਂ ਹੀ ਕਰਦੇ ਸਨ, ਪਰ ਕਈ ਏਦਾਂ ਨਹੀਂ ਸੀ ਕਰਦੇ। ਉਹ ਆਪਣੀ ਅੰਦਰ ਦੀ ਆਤਮਾ ਦੀ ਆਵਾਜ਼ ਸੁਣ ਕੇ ਕੰਮ ਕਰਦੀ ਸੀ ਤੇ ਕਦੀ

ਵੀ, ਕੋਈ ਫ਼ੈਸਲਾ ਲੈਣ ਲੱਗਿਆਂ ਜਜ਼ਬਾਤੀ ਨਹੀਂ ਸੀ ਹੁੰਦੀ। ਉਹ ਹਮੇਸ਼ਾਂ ਤਰਕ-ਪੂਰਣ ਫ਼ੈਸਲਾ ਲੈਂਦੀ ਸੀ। ਜੀਵਨ 'ਚ ਉਸਨੂੰ ਬੜੇ ਇਮਤਿਹਾਨਾਂ ਦਾ ਸਾਹਮਣਾ ਕਰਨਾ ਪਿਆ, ਪਰ ਉਸ ਦੀ ਆਪਣੇ ਜੀਵਨ ਦੀ ਰੁਟੀਨ ਸਾਧਾਰਣ ਹੀ ਰਹੀ।

ਉਹ ਖ਼ਲੀਲ ਜਿਬਰਾਨ ਦੇ ਕਹੇ ਹੋਏ ਸ਼ਬਦ ਯਾਦ ਕਰਦੀ ਕਿ ਜਿਹੜੀ ਰੋਟੀ ਪਿਆਰ ਨਾਲ ਨਹੀਂ ਬਣਾਈ ਜਾਂਦੀ, ਉਹ ਭੁੱਖ ਨਹੀਂ ਮਿਟਾ ਸਕਦੀ। ਉਸਨੂੰ ਆਪਣੇ ਆਪ ਨੂੰ ਇਸ ਆਸ਼ਰਮ ਦੇ ਕੰਮ 'ਚ ਲਗਾਉਣਾ ਪਏਗਾ ਤੇ ਸਮਰਪਣ-ਭਾਵ ਨਾਲ ਕੰਮ ਕਰਨਾ ਪਏਗਾ।

ਇਸ ਵੇਲੇ, ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਪਿੰਗਲਵਾੜੇ ਬਾਰੇ ਜਿਹੜਾ ਨਾਂਹ-ਪੱਖੀ ਪ੍ਰਚਾਰ ਹੋ ਗਿਆ ਸੀ, ਉਸਨੂੰ ਦੂਰ ਕਰਨਾ। ਉਸਨੂੰ ਲੋਕਾਂ ਦਾ ਵਿਸ਼ਵਾਸ ਇਸ ਉਦੇਸ਼ ਨਾਲ ਫੇਰ ਤੋਂ ਬਹਾਲ ਕਰਨਾ ਪੈਣਾ ਸੀ ਕਿ ਪਿੰਗਲਵਾੜੇ ਦੀ ਸਾਰੀ ਟੀਮ, ਇਕਜੁੱਟ ਹੋ ਕੇ ਪਿੰਗਲਵਾੜੇ ਦੇ ਨਿਵਾਸੀਆਂ ਲਈ ਕੰਮ ਕਰ ਰਹੀ ਹੈ ਤੇ ਇਸ ਟੀਮ ਦੇ ਮੈਂਬਰਾਂ ਨੂੰ ਆਪਣੀਆਂ ਸਹੂਲਤਾਂ ਦਾ ਕੋਈ ਫ਼ਿਕਰ ਨਹੀਂ ਹੈ, ਬਲਕਿ ਉਹਨਾਂ ਨੂੰ ਬੇਸਹਾਰਾ ਲੋਕਾਂ ਦੀ ਸੇਵਾ ਕਰਨ 'ਚ ਆਨੰਦ ਮਿਲਦਾ ਹੈ।

ਉਸਨੂੰ ਮਹਿਸੂਸ ਹੋਇਆ ਕਿ ਹੜਤਾਲ ਦੇ ਦੌਰਾਨ, ਕਈ ਮਰੀਜ਼ਾਂ ਦਾ ਵਧੀਆ ਇਲਾਜ ਨਹੀਂ ਸੀ ਹੋ ਸਕਿਆ। ਡਾਕਟਰ ਹੋਣ ਦੇ ਨਾਤੇ, ਉਸਨੇ ਹਰ ਵਾਰਡ ਦੀਆਂ ਸਮੱਸਿਆਵਾਂ ਦੇਖੀਆਂ ਤੇ ਉਹਨਾਂ ਦੇ ਅਨੁਸਾਰ ਕੰਮ ਕਰਨ ਲੱਗੀ। ਕਈ ਮਰੀਜ਼ਾਂ ਨੂੰ ਖ਼ਾਸ ਇਲਾਜ ਲਈ ਭੇਜਿਆ ਗਿਆ ਤੇ ਛੋਟੀ-ਮੋਟੀ ਬਿਮਾਰੀ ਵਾਲਿਆਂ ਨੂੰ ਪਿੰਗਲਵਾੜੇ ਦੇ ਸਟਾਫ਼ ਮੈਂਬਰ ਲੋੜੀਂਦੀਆਂ ਦਵਾਈਆਂ ਦੇਣ ਲੱਗੇ। ਉਸਨੇ ਮਰੀਜ਼ਾਂ ਦੀ ਦੇਖਭਾਲ ਲਈ ਚਾਰ ਹੋਰ ਨਰਸਾਂ ਨਿਯੁਕਤ ਕੀਤੀਆਂ, ਜਿਹੜੀਆਂ ਮਰੀਜ਼ਾਂ ਦੀ ਹਰ ਵੇਲੇ ਦੇਖਭਾਲ ਕਰ ਸਕਣ। ਕੁਝ ਮਰੀਜ਼ਾਂ ਨੂੰ ਚੈੱਕ ਕਰਾਉਣ ਲਈ ਬਾਹਰੋਂ ਡਾਕਟਰ ਮੰਗਾਏ ਜਾਂਦੇ। ਕਈ ਮਰੀਜ਼ਾਂ ਨੂੰ ਟੈਸਟ ਕਰਾਉਣ ਲਈ Diagnostic laborataries ਵਿੱਚ ਭੇਜਿਆ ਜਾਂਦਾ।

ਕਈ ਰੋਗੀ ਰਾਜ਼ੀ ਹੋ ਜਾਂਦੇ ਸੀ। ਜਦੋਂ ਉਹਨਾਂ ਨੂੰ ਦਾਖ਼ਲ ਕੀਤਾ ਜਾਂਦਾ ਸੀ ਤਾਂ ਉਹ ਆਪਣਾ ਪਤਾ ਦੱਸਣ ਦੇ ਯੋਗ ਵੀ ਨਹੀਂ ਸਨ ਹੁੰਦੇ। ਫੇਰ ਇਲਾਜ ਬਾਅਦ, ਉਹ ਆਪਣਾ ਪਤਾ, ਟਿਕਾਣਾ ਵਗੈਰਾ ਦੱਸਣ ਦੇ ਯੋਗ ਹੋ ਜਾਂਦੇ ਸਨ। ਉਹਨਾਂ ਨੂੰ ਉਹਨਾਂ ਦੇ ਪਰਿਵਾਰਾਂ ਨਾਲ ਫੇਰ ਤੋਂ ਮਿਲਾਇਆ ਜਾਂਦਾ।



ਇਕ ਔਰਤ ਨੂੰ ਉਸਦੇ ਪਰਿਵਾਰ ਨਾਲ ਪੰਝੀ ਸਾਲਾਂ ਬਾਅਦ ਮਿਲਵਾਇਆ ਗਿਆ।

ਡਾ. ਇੰਦਰਜੀਤ ਮਹਿਸੂਸ ਕਰਨ ਲੱਗੀ ਕਿ ਵੱਖ-ਵੱਖ ਵਾਰਡਾਂ 'ਚ ਹੁਣ ਪੰਜ ਸੌ ਤੋਂ ਜ਼ਿਆਦਾ ਮਰੀਜ਼ ਦਾਖ਼ਲ ਹਨ, ਜੋ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਹਨ। ਜਿੰਨੀ ਜਲਦੀ ਹੋ ਸਕੇ, ਇਥੇ ਇਕ Diagnostic laboratary ਸ਼ੁਰੂ ਕਰਨ ਦੀ ਜ਼ਰੂਰਤ ਸੀ। ਕਈ ਵਿਭਾਗ, ਜਿਵੇਂ ਦੰਦਾਂ, ਹੱਡੀਆਂ ਤੇ ਸਰਜਰੀ ਵਰਗੇ ਵਿਭਾਗਾਂ 'ਚ ਵਿਸ਼ੇਸ਼ ਯੋਗਤਾ ਵਾਲੇ ਡਾਕਟਰਾਂ ਦੀ ਨਿਯੁਕਤੀ ਕਰਨ ਦੀ ਲੋੜ ਸੀ; ਪਰ ਉਸਨੇ ਸੋਚਿਆ ਕਿ ਇਹਨਾਂ ਡਾਕਟਰਾਂ ਦੀ ਨਿਯੁਕਤੀ ਤੋਂ ਪਹਿਲਾਂ ਉਹ ਬਾਹਰ ਦੇ ਡਾਕਟਰਾਂ ਦੀਆਂ ਸੇਵਾਵਾਂ ਪ੍ਰਾਪਤ ਕਰੇ। ਉਸਨੂੰ ਇਸ ਗੱਲ ਦੀ ਬੜੀ ਖ਼ੁਸ਼ੀ ਹੋਈ ਕਿ ਜਦੋਂ ਉਸਨੇ ਬਾਹਰੀ ਡਾਕਟਰਾਂ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਕੁਝ ਲੋਕਾਂ ਨਾਲ ਸਲਾਹ ਮਸ਼ਵਰਾ ਕੀਤਾ ਤਾਂ ਕੁਝ ਡਾਕਟਰਾਂ ਨੇ ਪਿੰਗਲਵਾੜਾ ਦੇ ਪ੍ਰਬੰਧਕਾਂ ਦੇ ਕਹਿਣ 'ਤੇ ਹੀ ਉੱਥੋਂ ਦੇ ਮਰੀਜ਼ਾਂ ਲਈ ਆਪਣੀਆਂ ਮੁਫ਼ਤ ਸੇਵਾਵਾਂ ਦੇਣ ਦੀਆਂ ਪੇਸ਼ਕਸ਼ਾਂ ਸ਼ੁਰੂ ਕਰ ਦਿੱਤੀਆਂ ।

ਉਸਨੇ ਪਿੰਗਲਵਾੜੇ ਦੀ ਕੁੱਲ ਕਮਾਈ ਤੇ ਖ਼ਰਚੇ ਬਾਰੇ ਮੁਲਾਂਕਣ ਕੀਤਾ ਤੇ ਭਵਿੱਖ ਦੀਆਂ ਉਮੀਦਾਂ ਤੇ ਆਪਣੇ ਕੰਮਾਂ 'ਚ ਪੈਣ ਵਾਲੀਆਂ ਰੁਕਾਵਟਾਂ ਬਾਰੇ ਡੂੰਘਾ ਸੋਚਣ ਲੱਗੀ। ਉਸਨੇ ਵਾਰਡਾਂ ਦੇ ਅਧਾਰ 'ਤੇ ਸਮੱਸਿਆਵਾਂ ਦਾ ਮੁਲਾਂਕਣ ਕੀਤਾ ਤੇ ਇਹਨਾਂ ਨੂੰ ਹੱਲ ਕਰਨ ਦੀਆਂ ਯੋਜਨਾਵਾਂ ਬਣਾਈਆਂ, ਤਾਂ ਜੋ ਆਪਣੇ ਕੰਮਾਂ 'ਚ ਨਿਪੁੰਨਤਾ ਲਿਆ ਸਕੇ। ਲੰਬੇ ਸਮੇਂ ਤੋਂ ਬਿਮਾਰੀਆਂ ਤੋਂ ਪੀੜਤ ਮਰੀਜ਼ ਤੇ ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਲਈ ਵਿਸ਼ੇਸ਼ ਡਾਕਟਰਾਂ ਦੀਆਂ ਸੇਵਾਵਾਂ ਦੀ ਜ਼ਰੂਰਤ ਸੀ। ਉਸਨੇ ਇਹਨਾਂ ਸੇਵਾਵਾਂ ਦਾ ਪ੍ਰਬੰਧ Honourary (ਮਾਣ-ਸਨਮਾਨ ਦੇ ਅਧਾਰ 'ਤੇ) ਜਾਂ ਫੇਰ ਤਨਖ਼ਾਹ ਦੇਣ ਦੇ ਅਧਾਰ 'ਤੇ ਕੋਸ਼ਿਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਹਨਾਂ ਦੀ ਰਾਏ ਸੀ ਕਿ ਵਿਸ਼ੇਸ਼ ਡਾਕਟਰ ਦੀ ਫ਼ੀਸ ਜਾਂ ਕੋਈ ਹੋਰ ਖ਼ਰਚੇ ਕਿਸੇ ਮਰੀਜ਼ ਦੇ ਇਲਾਜ 'ਚ ਕੋਈ ਰੁਕਾਵਟ ਨਾ ਬਣਨ। ਮਰੀਜ਼ਾਂ ਨੂੰ ਆਧੁਨਿਕ ਯੁੱਗ ਦੀਆਂ ਸੰਭਵ ਸਹੂਲਤਾਂ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ। ਉਸਨੇ ਪਹਿਲਾਂ ਹੀ ਇਕ Diagnostic laboratary ਸ਼ੁਰੂ ਕਰ ਲਈ ਹੋਈ ਸੀ ਤੇ ਹੁਣ ਇਸ ਨੂੰ ਹਰ ਤਰ੍ਹਾਂ ਦੇ ਟੈਸਟ ਕਰਨ ਲਈ, ਤੇ ਇਸਦਾ ਵਿਸਥਾਰ ਕਰਨ ਦੀ ਸੋਚ ਰਹੀ ਸੀ। ਇਸ ਵਾਸਤੇ ਉਸਨੂੰ ਬਹੁਤ ਜ਼ਿਆਦਾ ਪੈਸੇ ਦੀ ਜ਼ਰੂਰਤ ਸੀ ਤੇ ਉਸਨੂੰ ਇਸਦਾ ਪ੍ਰਬੰਧ ਕਰਨਾ ਪੈਣਾ ਸੀ। ਹਾਲ ਦੀ ਘੜੀ, ਮਰੀਜ਼ਾਂ

ਨੂੰ ਸਰਕਾਰੀ ਹਸਪਤਾਲਾਂ 'ਚ ਭੇਜਿਆ ਜਾਂਦਾ ਸੀ ਤੇ ਇਸ ਲਈ ਹਾਲੀ ਹੋਰ ਐਂਬੂਲੈਂਸਾਂ ਤੇ ਗੱਡੀਆਂ ਖ਼ਰੀਦਣ ਦੀ ਜ਼ਰੂਰਤ ਸੀ।

ਇਕ ਵਾਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਸਿਕੰਦਰਾਬਾਦ ਵੱਲੋਂ ਇੰਦਰਜੀਤ ਕੌਰ ਨੂੰ ਬੁਲਾਇਆ ਗਿਆ, ਜਿੱਥੇ ਉਸਨੂੰ ਭਗਵੰਤ ਸਿੰਘ ਦਿਲਾਵਰੀ ਨੂੰ ਮਿਲਣ ਦਾ ਮੌਕਾ ਮਿਲਿਆ। ਉਹ ਇਕ ਮਹਾਨ ਸਮਾਜ-ਸੇਵਕ ਸਨ, ਜੋ ਕਿ I.F.S. ਤੋਂ ਸਵੈ-ਇੱਛਤ ਰਿਟਾਇਰਮੈਂਟ ਲੈ ਕੇ, ਅਮਰਾਵਤੀ ਵਿਖੇ, ਤਪੋਵਨ 'ਚ (A Leapers ashram) ਕੋਹੜ ਰੋਗ ਲਈ ਸਥਾਪਤ ਆਸ਼ਰਮ 'ਚ ਸੇਵਾ ਕਰ ਰਹੇ ਹਨ। ਉਹ ਵੱਖ-ਵੱਖ ਦੇਸ਼ਾਂ 'ਚ ਰਾਜਦੂਤਾਂ ਦੇ ਸੈਕਟਰੀ ਰਹੇ ਸਨ। ਤਪੋਵਨ ਆਸ਼ਰਮ ਦੇ ਸਾਰੇ ਨਿਵਾਸੀ ਉਹਨਾਂ ਨੂੰ "ਪਾਪਾ ਜੀ" ਕਹਿੰਦੇ ਸਨ, ਇਸ ਲਈ ਇੰਦਰਜੀਤ ਕੌਰ ਨੇ ਵੀ ਉਹਨਾਂ ਨੂੰ ਪਾਪਾ ਜੀ ਕਹਿਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਸਿੱਖ ਧਰਮ ਨਾਲ ਸੰਬੰਧਿਤ ਬਹੁਤ ਕਿਤਾਬਾਂ ਲਿਖੀਆਂ । ਉਹਨਾਂ 'ਚੋਂ ਬਹੁਤ ਸਾਰੀਆਂ ਪਿੰਗਲਵਾੜੇ ਵਿਖੇ ਛਪੀਆਂ ਤੇ ਮੁਫ਼ਤ ਹੀ ਲੋਕਾਂ 'ਚ ਵੰਡੀਆਂ ਗਈਆਂ ਤੇ ਵੰਡੀਆਂ ਜਾ ਰਹੀਆਂ ਹਨ । ਉਹ ਇੰਦਰਜੀਤ ਦੇ ਜੀਵਨ 'ਚ ਸਮਾਜ-ਸੇਵਕ ਦੇ ਤੌਰ 'ਤੇ ਉਸਦੀ ਅਗਵਾਈ ਕਰਦੇ ਰਹੇ।

ਸੰਨ 1995 'ਚ, ਸੰਗਰੂਰ ਨੇੜੇ 1.355 ਏਕੜ ਜ਼ਮੀਨ, ਖ਼ਰੀਦੀ ਗਈ, ਤਾਂ ਜੋ ਉੱਥੇ ਵੀ ਇਕ ਪਿੰਗਲਵਾੜੇ ਦੀ ਬ੍ਰਾਂਚ ਖੋਲ੍ਹੀ ਜਾਏ। ਪਿੰਗਲਵਾੜੇ ਦੀਆਂ ਹੋਰ ਬ੍ਰਾਂਚਾਂ, ਗੋਇੰਦਵਾਲ, ਜਲੰਧਰ, ਚੰਡੀਗੜ੍ਹ ਤੇ ਪੰਡੋਰੀ ਵਿਖੇ ਵੀ ਸਨ। ਸੰਗਰੂਰ 'ਚ ਪਿੰਗਲਵਾੜੇ ਦੀ ਇਮਾਰਤ ਦੀ ਯੋਜਨਾ ਤੇ ਰੂਪ-ਰੇਖਾ ਸੁਸਾਇਟੀ ਦੇ ਮੈਂਬਰ, ਸ. ਮੁਖ਼ਤਾਰ ਸਿੰਘ ਨੇ ਤਿਆਰ ਕੀਤੀ ਸੀ। ਇਸਦੇ ਨਾਲ ਹੀ ਇਕ ਪੁਨਰਵਾਸ ਸ਼ਾਖਾ ਵੀ ਬਣਾਈ ਜਾਣੀ ਸੀ। ਇਸੇ ਕੈਂਪਸ 'ਚ ਹੀ ਇਕ ਬਿਰਧ-ਘਰ ਖੋਲ੍ਹਿਆ ਜਾਣਾ ਸੀ। ਇਸ ਖੇਤਰ ਵਿੱਚ ਬਹੁਤ ਸਾਰੇ ਅਜਿਹੇ ਲੋਕ ਸਨ ਜੋ ਬੇਆਸਰੇ ਸਨ ਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਪੀੜਤ ਸਨ। ਇਸ ਇਲਾਕੇ 'ਚ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਜ਼ਰੂਰਤ ਸੀ। ਉਸਨੇ ਸੰਗਰੂਰ ਵਿਖੇ ਬ੍ਰਾਂਚ ਖੋਲ੍ਹਣ ਦੀ ਯੋਜਨਾ ਇਸ ਕਰਕੇ ਬਣਾਈ, ਕਿਉਂਕਿ ਉਸਦੇ ਪਿਤਾ ਜੀ ਨੇ ਉੱਥੋਂ ਦੇ ਲੋਕਾਂ ਦੀ ਕਈ ਸਾਲਾਂ ਤਕ ਸੇਵਾ ਕੀਤੀ ਸੀ ਤੇ ਬਾਅਦ ਵਿੱਚ ਉਹ ਆਪ ਵੀ ਬਿਨਾਂ ਕਿਸੇ ਨਿੱਜੀ ਲਾਭ ਦੇ, ਲੋਕਾਂ ਨੂੰ ਇਲਾਜ ਸੰਬੰਧੀ ਸਹੂਲਤਾਂ ਦਿੰਦੀ ਰਹੀ ਸੀ। ਇਸ ਕਰਕੇ ਉੱਥੋਂ ਦੇ ਲੋਕਾਂ ਦਾ ਉਸ 'ਚ ਬੜਾ ਵਿਸ਼ਵਾਸ ਸੀ। ਉਸਨੂੰ ਲੋਕਾਂ ਤੋਂ ਪੂਰੇ ਸਹਿਯੋਗ ਦੀ ਉਮੀਦ ਸੀ। ਕਿਉਂਕਿ ਉਸਦਾ ਘਰ ਸੰਗਰੂਰ ਵਿਖੇ ਸੀ, ਇਸ ਲਈ ਅੰਮ੍ਰਿਤਸਰ ਦੇ



ਕੁਝ ਲੋਕ ਆਪਣੇ ਹਿੱਤਾਂ ਲਈ ਬਿਨਾਂ ਕਿਸੇ ਕਾਰਨ ਦੇ, ਉਸਦੇ ਇਸ ਕੰਮ ਦਾ ਵਿਰੋਧ ਕਰਨ ਲੱਗੇ, ਜਦੋਂ ਕਿ ਉਸ ਦਾ ਖ਼ਿਆਲ ਸੀ ਕਿ ਜ਼ਮੀਨ ਸਸਤੀ ਮਿਲ ਰਹੀ ਸੀ ਤੇ ਸੰਗਰੂਰ ਦੇ ਬਿਲਕੁਲ ਨਾਲ ਹੀ ਸੀ। ਉਹ ਉੱਥੇ ਉਸ ਬ੍ਰਾਂਚ 'ਚ ਵੀ ਵਧੀਆ ਸੇਵਾ ਕਰ ਸਕਦੀ ਹੈ, ਤੇ ਉਸਨੇ ਲੋਕਾਂ ਦੀ ਅਲੋਚਨਾ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਇਕ ਦਿਨ, ਲਗਭਗ ਪੰਦਰਾਂ ਲੋਕ ਉਸ ਕੋਲ ਉਸਦੇ ਦਫ਼ਤਰ 'ਚ ਆ ਗਏ ਅਤੇ ਕੁਝ ਚਿਰ, ਇਕ ਦੂਜੇ ਵੱਲ ਦੇਖਦੇ ਰਹੇ, ਕੋਈ ਵੀ ਬੋਲ ਨਹੀਂ ਸੀ ਰਿਹਾ, ਫੇਰ ਉਹਨਾਂ 'ਚੋਂ ਇਕ ਜਣਾ ਕਹਿਣ ਲੱਗਾ ਕਿ ਉਹਨਾਂ ਨੂੰ ਸੂਚਨਾ ਮਿਲੀ ਹੈ ਕਿ ਉਹ ਪਿੰਗਲਵਾੜੇ ਦੇ ਸੀਨੀਅਰ ਸੇਵਾਦਾਰਾਂ ਨੂੰ ਬਿਨਾਂ ਵਿਸ਼ਵਾਸ 'ਚ ਲਿਆਂ ਹੀ ਆਪਣੇ ਤੌਰ 'ਤੇ ਫ਼ੈਸਲੇ ਕਰਦੀ ਹੈ ਤੇ ਪਿੰਗਲਵਾੜੇ ਨੂੰ ਆਪਣੀ ਨਿੱਜੀ ਜਾਇਦਾਦ ਸਮਝਦੀ ਹੈ। ਇਹ ਪ੍ਰਸ਼ਨ ਬਿਨਾਂ ਕਿਸੇ ਅਧਾਰ ਦੇ ਸਨ। ਫੇਰ ਉਹ ਕਹਿਣ ਲੱਗੇ ਕਿ ਸੰਗਰੂਰ ਵਾਲਾ ਫ਼ੈਸਲਾ ਜੋ ਉਸਨੇ ਲਿਆ ਹੈ, ਉਹ ਠੀਕ ਨਹੀਂ ਹੈ। ਇਹ ਸਾਰਾ ਕੁਝ, ਇੰਦਰਜੀਤ ਨੂੰ ਪ੍ਰੇਸ਼ਾਨ ਕਰਨ ਲਈ ਕਿਹਾ ਗਿਆ।

ਪਹਿਲਾਂ ਤਾਂ ਇੰਦਰਜੀਤ ਕੌਰ ਸ਼ਾਂਤ ਰਹੀ, ਪਰ ਫੇਰ ਕਹਿਣ ਲੱਗੀ ਕਿ ਉਹ ਪਿੰਗਲਵਾੜਾ ਸੁਸਾਇਟੀ ਦੇ ਪ੍ਰਬੰਧ ਪ੍ਰਤੀ ਹੀ ਨਹੀਂ ਬਲਕਿ ਸਾਰੇ ਸਮਾਜ ਪ੍ਰਤੀ ਜ਼ਿੰਮੇਵਾਰ ਹੈ। ਕੋਈ ਵੀ ਉਸਦੇ ਕੰਮਾਂ ਦੀ ਜਾਂਚ ਕਰ ਸਕਦਾ ਹੈ। ਫੇਰ ਇਕ ਆਦਮੀ ਬੋਲਿਆ ਕਿ ਜਿਹੜੀ ਜ਼ਮੀਨ ਉਸਨੇ ਸੰਗਰੂਰ ਨੇੜੇ ਖ਼ਰੀਦੀ ਹੈ, ਉਸ ਨਾਲ ਅੰਮ੍ਰਿਤਸਰ ਪਿੰਗਲਵਾੜੇ ਦੇ ਕੰਮ 'ਤੇ ਮਾੜਾ ਅਸਰ ਪਏਗਾ। ਇੰਦਰਜੀਤ ਕੌਰ ਨੇ ਜਵਾਬ ਦਿੱਤਾ ਕਿ ਪਿੰਗਲਵਾੜੇ ਦੀਆਂ ਗੋਇੰਦਵਾਲ, ਜਲੰਧਰ ਤੇ ਚੰਡੀਗੜ੍ਹ 'ਚ ਵੀ ਤਾਂ ਬ੍ਰਾਂਚਾਂ ਹਨ। ਇਸੇ ਤਰ੍ਹਾਂ, ਮਾਲਵੇ ਦੇ ਇਲਾਕੇ 'ਚ ਵੀ ਇਸ ਦੀ ਬ੍ਰਾਂਚ ਦੀ ਜ਼ਰੂਰਤ ਹੈ। ਮੈਂ ਸੰਗਰੂਰ ਇਲਾਕੇ ਨਾਲ ਸੰਬੰਧ ਰੱਖਦੀ ਹਾਂ ਅਤੇ ਸਾਡੇ ਤੋਂ ਉਥੋਂ ਦੇ ਲੋਕ ਹੋਰ ਵੀ ਵਧੀਆ ਢੰਗ ਨਾਲ ਧਿਆਨ ਦੇਣ ਦੀ ਉਮੀਦ ਰੱਖਦੇ ਹਨ। ਅਸੀਂ ਉਸ ਇਲਾਕੇ ਦੇ ਲੋਕਾਂ ਤੋਂ ਵੀ ਚੰਦਾ ਇਕੱਠਾ ਕਰਦੇ ਹਾਂ। ਇੰਦਰਜੀਤ ਕੌਰ ਨੇ ਇਸ ਸਾਰੇ ਮਸਲੇ ਨੂੰ ਸ੍ਰੀ ਬਹੁਗੁਣਾ ਜੀ ਨਾਲ ਵਿਚਾਰਿਆ, ਜਿਹਨਾਂ ਨੇ ਸ਼ਾਂਤ ਚਿੱਤ ਹੋ ਕੇ ਇਸ ਸਾਰੇ ਮਸਲੇ ਨੂੰ ਸੁਣਿਆ ਸੀ, ਤਾਂ ਉਹ ਛੇਤੀ ਨਾਲ ਬੋਲੇ, **"ਇੰਦਰਜੀਤ, ਤੂੰ ਇਹ ਕਿਉਂ ਨਹੀਂ ਕਿਹਾ ਕਿ ਸਾਰਾ ਪਿੰਗਲਵਾੜਾ ਹੀ ਮੇਰਾ ਆਪਣਾ ਹੈ।"**

ਕੁਝ ਲੋਕ ਬਾਹਰ ਜਾਣ ਲੱਗੇ, ਪਰ ਡਾ. ਇੰਦਰਜੀਤ ਕੌਰ ਨੇ ਉਹਨਾਂ ਨੂੰ ਉਹਦੀ ਗੱਲ ਸੁਣਨ ਲਈ ਕਿਹਾ, "ਦੇਖੋ, ਮੇਰਾ ਸਿਰਫ਼ ਇਕੋ ਇਕ ਮੰਤਵ ਬੇਸਹਾਰਿਆਂ ਨੂੰ ਸਹਾਰਾ ਦੇਣ ਦਾ ਹੈ, ਤੁਸੀਂ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਕਿਸੇ ਵੇਲੇ, ਕਿਸੇ ਥਾਂ 'ਤੇ ਵੀ ਲੈ ਕੇ ਆਉ, ਤੁਹਾਡਾ ਸੁਆਗਤ ਹੈ। ਸਭ ਦੀਆਂ ਸ਼ਿਕਾਇਤਾਂ ਸੁਣਨਾ ਮੇਰਾ ਫ਼ਰਜ਼ ਹੈ। ਮੈਂ ਤੁਹਾਡੀਆਂ ਸ਼ਿਕਾਇਤਾਂ ਰਾਹੀਂ, ਕੰਮ 'ਚ ਹੋਰ ਸੁਧਾਰ ਲਿਆ ਸਕਦੀ ਹਾਂ । ਮੈਂ ਤੁਹਾਡੀਆਂ ਸ਼ਿਕਾਇਤਾਂ ਦਾ ਕਦੀ ਵੀ ਬੁਰਾ ਨਹੀਂ ਮੰਨਾਂਗੀ।" ਫੇਰ ਕੁਝ ਲੋਕ ਕਹਿਣ ਲੱਗੇ ਕਿ ਉਹ ਉਸਨੂੰ ਪੂਰਾ ਸਹਿਯੋਗ ਦੇਣਗੇ ਤੇ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਨਗੇ। ਉਹਨਾਂ ਨੇ ਬਾਹਰ ਜਾਣਾ ਸ਼ੁਰੂ ਕਰ ਦਿੱਤਾ ਤੇ ਇੰਦਰਜੀਤ ਸੋਚਣ ਲੱਗੀ ਕਿ ਉਹ ਕਾਫ਼ੀ ਜਣੇ ਆਏ ਸਨ ਤੇ ਉਹਨਾਂ 'ਨੇ ਕਈ ਸ਼ਿਕਾਇਤਾਂ ਕਰਨੀਆਂ ਸਨ। ਪਰ ਉਹ ਕੁਝ ਵੀ ਕਹਿਣ ਤੋਂ ਬਿਨਾਂ, ਤਸੱਲੀ ਨਾਲ ਚਲੇ ਗਏ ਹਨ, ਇਹ ਕੀ ਡਰਾਮਾ ਖੇਡਿਆ ਜਾ ਰਿਹਾ ਹੈ। ਭਾਵੇਂ ਇਸ ਸਭ ਦੇ ਪਿੱਛੇ ਉਸਨੂੰ ਸਾਜ਼ਸ਼ ਵੀ ਜਾਪਦੀ ਸੀ, ਪਰ ਉਸਨੇ ਇਹ ਸ਼ਿਕਾਇਤਾਂ ਸੁਣਨ ਨੂੰ ਵੀ ਆਪਣੀ ਰੁਟੀਨ ਦਾ ਫ਼ਰਜ਼ ਹੀ ਸਮਝਿਆ, ਭਾਵੇਂ ਕਿ ਇਹਨਾਂ ਸ਼ਿਕਾਇਤਾਂ 'ਚ, ਉਹ ਉਸ ਉੱਪਰ ਹੀ ਦੋਸ਼ ਲਗਾ ਰਹੇ ਸਨ।

ਪਿੰਗਲਵਾੜਾ ਸੰਸਥਾ ਨੇ ਮਾਨਾਂਵਾਲਾ ਕੋਲ ਸੋਲ੍ਹਾਂ ਏਕੜ ਜ਼ਮੀਨ ਖ਼ਰੀਦੀ, ਜਿਹੜੀ ਕਿ ਬਹੁਤ ਸਾਰੇ ਵਾਧੂ ਵਾਰਡ ਬਨਾਉਣ ਲਈ ਕਾਫ਼ੀ ਸੀ। ਆਰਕੀਟੈਕਟ ਮੁਖ਼ਤਾਰ ਸਿੰਘ ਨੇ ਇਸ ਕੈਂਪਸ 'ਚ ਵੱਖੋ-ਵੱਖਰੇ ਭਵਨ ਬਨਾਉਣ ਲਈ ਨਕਸ਼ਾ ਤਿਆਰ ਕੀਤਾ ਸੀ। ਇਹ ਯੋਜਨਾ ਤੇ ਨਕਸ਼ਾ ਇਵੇਂ ਤਿਆਰ ਕੀਤਾ ਗਿਆ ਸੀ ਕਿ ਇਸ ਸਭ ਕੁਝ ਦੇ ਨਿਰਮਾਣ ਕਰਨ 'ਚ ਘੱਟ ਤੋਂ ਘੱਟ ਖ਼ਰਚ ਆਵੇ ਅਤੇ ਭਵਿੱਖ 'ਚ ਉਸ 'ਚ ਵਿਸਥਾਰ ਕਰਨ ਦੀ ਗੁੰਜਾਇਸ਼ ਵੀ ਰਹੇ।

ਪਿਛਲੇ ਹਫ਼ਤੇ ਤੋਂ ਉਸਨੂੰ ਆਪਣੇ ਮਾਤਾ ਜੀ ਦੀ ਬਹੁਤ ਯਾਦ ਆ ਰਹੀ ਸੀ। ਉਹ ਉਹਨਾਂ ਨੂੰ ਛੇਤੀ ਤੋਂ ਛੇਤੀ ਮਿਲਣ ਜਾਣਾ ਚਾਹੁੰਦੀ ਸੀ; ਪਰ ਉਹ ਬਹੁਤ ਸਾਰੇ ਕੰਮਾਂ 'ਚ ਰੁੱਝੀ ਹੋਣ ਕਰਕੇ ਜਾ ਨਹੀਂ ਸੀ ਸਕੀ। ਇਕ ਵਾਰੀ ਉਸਨੇ ਆਪਣੇ ਮਾਤਾ ਜੀ ਨਾਲ ਫ਼ੋਨ 'ਤੇ ਗੱਲ ਕੀਤੀ ਤੇ ਉਸਨੂੰ ਪਤਾ ਲੱਗਾ ਕਿ ਉਹ ਠੀਕ ਨਹੀਂ ਹਨ। ਉਹ ਫ਼ਿਕਰਮੰਦ ਹੋ ਗਈ ਤੇ ਛੇਤੀ ਨਾਲ ਸੰਗਰੂਰ ਉਹਨਾਂ ਨੂੰ ਮਿਲਣ ਚਲੀ ਗਈ। ਥੋੜ੍ਹੀ ਦੇਰ ਬਿਮਾਰ ਰਹਿਣ ਪਿੱਛੋਂ, ਉਸਦੇ ਮਾਤਾ ਜੀ ਸਵਰਗਵਾਸ ਹੋ ਗਏ। ਉਹ ਬਹੁਤ ਦੁਖੀ ਹੋਈ। ਉਸਦੇ ਮਾਤਾ ਜੀ, ਸਾਰੀ ਜ਼ਿੰਦਗੀ ਉਸ ਦੇ ਬਹੁਤ ਮਦਦਗਾਰ ਰਹੇ ਸਨ।





**ਡਾ. ਇੰਦਰਜੀਤ ਕੌਰ ਸ. ਭਗਵੰਤ ਸਿੰਘ ਦਲਾਵਰੀ ਜੀ ਦੇ ਨਾਲ ।**

ਇਹ ਸਿਰਫ਼ ਉਹਨਾਂ ਦੇ ਮਾਤਾ ਜੀ ਦੇ ਦਲੇਰ ਸੁਭਾਅ ਕਰਕੇ ਹੀ ਸੀ ਕਿ ਸੁਆਰਥੀ ਤੇ ਲਾਲਚੀ ਲੋਕਾਂ ਵੱਲੋਂ ਡਾਹੇ ਗਏ ਅੜਿੱਕਿਆਂ ਦੇ ਬਾਵਜੂਦ ਵੀ ਉਹ ਪਿੰਗਲਵਾੜੇ ਦੇ ਨਿਆਸਰੇ ਲੋਕਾਂ ਦੀ ਸੇਵਾ ਕਰਦੀ ਰਹੀ। ਉਸਦੇ ਮਾਤਾ ਜੀ ਨੇ ਆਪਣੇ ਵੱਡੇ ਪਰਿਵਾਰ ਦਾ ਹੀ ਪਾਲਣ-ਪੋਸ਼ਣ ਨਹੀਂ ਕੀਤਾ, ਬਲਕਿ ਬਹੁਤ ਸਾਰੇ ਰਿਸ਼ਤੇਦਾਰਾਂ ਤੇ ਜਾਣੂ ਲੋਕਾਂ ਦੀ ਵੀ ਮਦਦ ਕੀਤੀ, ਜਿਹਨਾਂ ਨੂੰ ਉਹਨਾਂ ਦੀ ਮਦਦ ਦੀ ਜ਼ਰੂਰਤ ਸੀ, ਪਰ ਉਹਨਾਂ ਨੇ ਕਿਸੇ ਵੇਲੇ ਵੀ ਆਪਣੀ ਬੇ-ਆਰਾਮੀ ਬਾਰੇ ਕਦੇ ਕਿਸੇ ਨੂੰ ਥੋੜ੍ਹਾ-ਬਹੁਤ ਵੀ ਨਹੀਂ ਦੱਸਿਆ। ਉਹ ਉਹਨਾਂ ਦਾ ਸ਼ਾਂਤ ਤੇ ਹਰ ਵੇਲੇ ਮੁਸਕਰਾਉਂਦਾ ਚਿਹਰਾ ਯਾਦ ਕਰ ਰਹੀ ਸੀ । ਜਦੋਂ ਉਹਨਾਂ ਨੇ ਉਸਨੂੰ ਕਿਹਾ ਸੀ, **"ਤੂੰ ਸੱਚੇ ਰਾਹ 'ਤੇ ਚੱਲ ਰਹੀ ਹੈਂ, ਇਸ ਲਈ ਤੂੰ ਕੋਈ ਫ਼ਿਕਰ ਨਾ ਕਰ । ਪਰਮਾਤਮਾ ਹਮੇਸ਼ਾਂ ਸੱਚੇ ਤੇ ਨਿਰਸੁਆਰਥੀ ਲੋਕਾਂ ਨਾਲ ਹੀ ਹੁੰਦਾ ਹੈ।"**

ਉਸ ਦਿਨ, ਉਸਨੇ ਆਪਣੇ ਪਿਤਾ ਜੀ ਨੂੰ ਵੀ ਯਾਦ ਕੀਤਾ, ਜਿਹੜੇ ਉਸ ਲਈ ਵੱਡੇ ਪ੍ਰੇਰਨਾਸ੍ਰੋਤ ਸਨ। ਉਸਨੇ ਉਸ ਸਮੇਂ ਨੂੰ ਵੀ ਯਾਦ ਕੀਤਾ, ਜਦੋਂ ਉਸਦੇ ਪਿਤਾ ਜੀ ਉਸ ਨੂੰ ਆਪਣੀਆਂ ਬਾਹਵਾਂ ਵਿੱਚ ਲੈ ਕੇ ਉਸਦੀ ਪੜ੍ਹਾਈ ਤੇ ਖੇਡਾਂ ਬਾਰੇ ਕਈ ਪ੍ਰਸ਼ਨ ਪੁੱਛਦੇ ਹੁੰਦੇ ਸਨ।

ਉਸਨੂੰ ਆਪਣੇ ਦਾਦੀ ਜੀ ਦਾ ਚਿਹਰਾ ਤੇ ਉਹਨਾਂ ਵੱਲੋਂ ਕਈ ਵਾਰੀ ਦੱਸੀਆਂ ਹੋਈਆਂ ਸਿੱਖਿਆਦਾਇਕ ਗੱਲਾਂ ਯਾਦ ਆਈਆਂ। ਉਸਨੂੰ ਇਹ ਵੀ ਯਾਦ ਆਇਆ ਕਿ ਉਸਦੇ ਦਾਦੀ ਜੀ ਉਸਨੂੰ ਕਿਵੇਂ ਇਤਿਹਾਸਿਕ ਕਹਾਣੀਆਂ ਸੁਣਾਉਂਦੇ ਹੁੰਦੇ ਸਨ ਤੇ ਨਾਲ-ਨਾਲ ਹੀ ਉਸਦਾ ਸਿਰ ਵਾਹੁੰਦੇ ਹੁੰਦੇ ਸਨ ਅਤੇ ਉਹ ਉਹਨਾਂ ਦੀ ਗੋਦੀ 'ਚ ਬੈਠ ਕੇ ਲਗਾਤਾਰ ਕਹਾਣੀਆਂ ਸੁਣਦੀ ਰਹਿੰਦੀ ਸੀ ਤੇ ਇਹੋ ਹੀ ਸੋਚਦੀ ਸੀ ਕਿ ਕਹਾਣੀ ਛੇਤੀ ਨਾਲ ਖ਼ਤਮ ਨਾ ਹੋ ਜਾਏ।

ਬੀਬੀ ਇੰਦਰਜੀਤ ਦੇ ਮਾਤਾ ਜੀ ਬੀਬੀ ਰਣਜੀਤ ਕੌਰ ਦੇ ਸਸਕਾਰ ਮੌਕੇ ਤੇ ਭੋਗ ਦੇ ਸਮੇਂ ਹਜ਼ਾਰਾਂ ਲੋਕ ਇਕੱਠੇ ਹੋਏ। ਸਾਰੇ ਲੋਕ ਉਹਨਾਂ ਦੀਆਂ ਚੰਗਿਆਈਆਂ ਬਾਰੇ ਗੱਲਾਂ ਕਰ ਰਹੇ ਸਨ। ਉਹ ਉਹਨਾਂ ਵੱਲੋਂ ਸਮੇਂ-ਸਮੇਂ ਦਿਖਾਈ ਬਹਾਦਰੀ ਤੇ ਦਿਆਲੂ ਸੁਭਾਅ ਦੀਆਂ ਗੱਲਾਂ ਕਰ ਰਹੇ ਸਨ।



# ਪਹਿਲੀ ਵਿਦੇਸ਼ ਯਾਤਰਾ

ਸੰਨ 2004 ਵਿੱਚ, ਸਾਰੀ ਦੁਨੀਆਂ ਦੇ ਧਰਮਾਂ ਦੀ ਇਕ ਸੰਸਦ ਦਾ ਸੰਮੇਲਨ, ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਖੇ ਹੋਣਾ ਸੀ। ਡਾ. ਇੰਦਰਜੀਤ ਕੌਰ ਨੂੰ ਇਸ ਸੰਮੇਲਨ 'ਚ ਭਾਗ ਲੈਣ ਲਈ ਸੱਦਿਆ ਗਿਆ। ਉਸਨੂੰ ਇਸ ਸੱਦੇ ਤੋਂ ਬੜੀ ਹੈਰਾਨਗੀ ਹੋਈ, ਕਿਉਂਕਿ ਨਾ ਤਾਂ ਉਹ ਇਸ ਸੰਸਦ ਦੀ ਮੈਂਬਰ ਸੀ ਤੇ ਨਾ ਹੀ ਕਿਸੇ ਧਾਰਮਿਕ ਸੰਸਥਾ ਦੀ ਪ੍ਰਤੀਨਿਧਤਾ ਕਰਦੀ ਸੀ। ਬਾਅਦ ਵਿੱਚ ਉਸਨੂੰ ਪਤਾ ਲੱਗਾ ਕਿ ਉਸਨੂੰ ਸ. ਬਲਵੰਤ ਸਿੰਘ ਹੰਸਰਾ, ਜੋ ਕਿ ਵਿਸ਼ਵ ਧਰਮ ਦੀ ਸੰਸਦ ਸਭਾ ਦੇ ਬਾਨੀ ਸਨ ਤੇ ਸਿੱਖ ਧਰਮ ਦੀ ਪ੍ਰਤੀਨਿਧਤਾ ਵੀ ਕਰਦੇ ਸਨ, ਉਹਨਾਂ ਵੱਲੋਂ ਇਹ ਸੱਦਾ ਮਿਲਿਆ ਹੈ। ਸ. ਬਲਵੰਤ ਸਿੰਘ ਸਿੱਖ ਧਰਮ ਦੇ ਅਨੁਸਾਰ ਮਨੁੱਖਤਾ ਦੀ ਸੇਵਾ ਦੇ ਸਿਧਾਂਤ ਕਾਰਨ ਪਿੰਗਲਵਾੜਾ ਸੰਸਥਾ ਨਾਲ ਜੁੜੇ ਹੋਏ ਸਨ। ਉਹ ਸ਼ਿਕਾਗੋ ਵਿਖੇ ਰਹਿੰਦੇ ਸਨ। ਕਿਸੇ ਵੀ ਤਰ੍ਹਾਂ ਉਹਨਾਂ ਨੇ ਇਹ ਸੱਦਾ ਪ੍ਰਵਾਨ ਕਰ ਲਿਆ ਤੇ ਸ. ਰਜਿੰਦਰਪਾਲ ਸਿੰਘ ਨਾਲ ਉੱਥੇ ਜਾਣ ਦੀ ਯੋਜਨਾ ਬਣਾ ਲਈ, ਜੋ ਕਿ ਪਿੰਗਲਵਾੜੇ ਨੂੰ ਸਨਮਾਨ, ਸਤਿਕਾਰ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਦੇ ਰਹੇ ਸਨ । ਇਹ ਉਸਦੀ ਪਹਿਲੀ ਵਿਦੇਸ਼ ਯਾਤਰਾ ਸੀ।

ਇਸ ਸੰਮੇਲਨ 'ਚ, ਉਸਨੂੰ ਸੰਸਾਰ ਦੇ ਵੱਖ-ਵੱਖ ਧਰਮਾਂ ਦੀ ਪ੍ਰਤੀਨਿਧਤਾ ਕਰਨ ਵਾਲੇ, ਬਹੁਤ ਸਾਰੇ ਲੋਕਾਂ ਨਾਲ ਮਿਲਣ ਦਾ ਮੌਕਾ ਮਿਲਿਆ । ਇੱਥੇ ਉਸਨੂੰ ਸਮਾਜ ਦੀ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਨ ਕਰਕੇ ਬੁਲਾਇਆ ਗਿਆ ਸੀ, ਜਿਹੜਾ ਕਿ ਸਾਰੇ ਧਰਮਾਂ ਦਾ ਮੁੱਖ ਉਦੇਸ਼ ਸੀ ਤੇ ਉਸਦੇ ਅਜਿਹੇ ਕੰਮ ਨੂੰ ਇਕ ਧਾਰਮਿਕ ਕੰਮ ਦਾ ਹੀ ਦਰਜਾ ਦਿੱਤਾ ਗਿਆ। ਸਮਾਜਿਕ ਸੇਵਾ ਦੇ ਵਰਗ ਦੀ ਪ੍ਰਤੀਨਿਧ ਉਹ ਇਕੱਲੀ ਹੀ ਸੀ। ਵੱਖ-ਵੱਖ ਧਰਮਾਂ ਬਾਰੇ ਸਿੱਖਣ ਦਾ ਇਹ ਵਧੀਆ ਮੌਕਾ ਸੀ। ਸਾਰੇ ਬੁਲਾਰੇ ਇਸ ਵਿਚਾਰ ਦੀ ਵਕਾਲਤ ਕਰ ਰਹੇ ਸਨ ਕਿ ਹਰ ਧਰਮ ਦਾ ਮੁੱਖ ਕੰਮ ਸਮਾਜ ਦੀ ਸੇਵਾ ਕਰਨਾ ਹੈ। ਉਹ ਲੋਕ ਜੋ ਅਜਿਹੀ ਸੇਵਾ ਕਰਦੇ ਹਨ, ਉਹ ਭਾਸ਼ਾ, ਧਰਮ ਤੇ ਦੇਸ਼ ਦੀਆਂ ਹੱਦਾਂ ਤੋਂ ਉੱਪਰ ਉੱਠ ਕੇ ਹੀ ਅਜਿਹਾ ਕਰਦੇ ਹਨ।

ਜਦੋਂ ਉਹ ਸਾਰੇ ਧਰਮਾਂ ਦਾ ਅਧਿਐਨ ਕਰ ਰਹੀ ਸੀ ਤਾਂ ਉਹ ਇਸ ਨਿਸ਼ਚੇ 'ਤੇ ਪਹੁੰਚੀ ਕਿ ਸਾਰੇ ਧਰਮ, ਇਕੋ ਹੀ ਅਧਿਆਤਮਿਕ ਇਕਾਈ



ਬੀਬੀ ਇੰਦਰਜੀਤ ਕੌਰ ਪਿੰਗਲਵਾੜਾ ਦੇ ਬੱਚਿਆਂ ਦੀ ਦੇਖਭਾਲ ਕਰਦੇ ਹੋਏ ।



ਪਿੰਗਲਵਾੜਾ ਦੇ ਬੱਚਿਆਂ ਨਾਲ ਖੇਡਦੇ ਹੋਏ ।



ਵੱਲ ਜਾਣ ਲਈ ਵੱਖ-ਵੱਖ ਰਸਤੇ ਹੀ ਹਨ ਤੇ ਧਰਮ ਨੂੰ ਕਿਸੇ ਪਰਮਾਤਮਾ ਨੇ ਨਹੀਂ ਬਲਕਿ ਮਨੁੱਖਾਂ ਨੇ ਆਪ ਹੀ ਬਣਾਇਆ ਹੈ। ਭਾਵੇਂ ਸਾਰੇ ਧਰਮਾਂ ਦਾ ਉਦੇਸ਼ ਇਕ ਹੈ, ਪਰ ਰਸਤੇ ਅਲੱਗ-ਅਲੱਗ ਹਨ। ਇਹ ਰਸਤੇ ਭਾਸ਼ਾ, ਭੂਗੋਲਿਕ ਤੇ ਸਮਾਜਿਕ ਹਾਲਤਾਂ ਆਦਿ ਕਰਕੇ ਵੱਖਰੇ ਹਨ। ਉਸਨੇ ਮਹਿਸੂਸ ਕੀਤਾ ਕਿ ਇਸ ਸੰਮੇਲਨ 'ਚ ਭਾਗ ਲੈ ਕੇ ਉਸਨੇ ਕਾਫ਼ੀ ਕੁਝ ਸਿੱਖਿਆ ਹੈ। ਅਲੱਗ-ਅਲੱਗ ਧਰਮਾਂ ਬਾਰੇ ਜਾਣਕਾਰੀ ਸਿੱਖਣ ਤੋਂ ਇਲਾਵਾ, ਉਸਦੀ ਕਈ ਲੋਕਾਂ ਨਾਲ ਜਾਣਕਾਰੀ ਵੀ ਵਧੀ । ਉਸਨੂੰ ਇਸ ਸੰਮੇਲਨ 'ਚ, ਆਪਣੀਆਂ ਸੇਵਾਵਾਂ ਲਈ ਸਨਮਾਨਿਤ ਵੀ ਕੀਤਾ ਗਿਆ।

ਡਾ. ਇੰਦਰਜੀਤ ਕੌਰ ਨੇ ਦੇਖਿਆ ਕਿ ਮਾਨਸਿਕ ਤੌਰ 'ਤੇ ਕਮਜ਼ੋਰ ਬੱਚਿਆਂ ਦੀ ਗਿਣਤੀ 'ਚ ਚਿੰਤਾਜਨਕ ਵਾਧਾ ਹੋ ਰਿਹਾ ਹੈ। ਇਹ ਵਾਧਾ ਫ਼ਸਲਾਂ ਦੀ ਪੈਦਾਵਾਰ ਵਧਾਉਣ ਲਈ, ਜ਼ਿਆਦਾ ਮਾਤਰਾ 'ਚ ਵਰਤੇ ਜਾਂਦੇ ਰਸਾਇਣਾਂ ਕਰਕੇ ਹੋ ਰਿਹਾ ਸੀ ਅਤੇ ਇਹ ਰਸਾਇਣ, ਹਵਾ, ਪਾਣੀ, ਮਿੱਟੀ ਤੇ ਅਖ਼ੀਰ ਸਾਡੇ ਭੋਜਨ 'ਚ ਵੀ ਪ੍ਰਵੇਸ਼ ਹੋ ਰਹੇ ਹਨ। ਹੋਰ ਕਈ ਬਿਮਾਰੀਆਂ ਦਾ ਕਾਰਨ ਵੀ ਇਹ ਰਸਾਇਣ ਹੀ ਹਨ। ਰਸਾਇਣਾਂ ਨਾਲ ਸੰਬੰਧਿਤ ਬਿਮਾਰੀਆਂ ਬੜੀ ਤੇਜ਼ੀ ਨਾਲ ਫੈਲ ਰਹੀਆਂ ਹਨ। ਇਹ ਵੀ ਦੇਖਿਆ ਗਿਆ ਹੈ ਕਿ ਇਹਨਾਂ ਰਸਾਇਣਾਂ 'ਚ ਜ਼ਹਿਰੀਲਾ ਮਾਦਾ ਏਨਾ ਜ਼ਿਆਦਾ ਹੁੰਦਾ ਹੈ ਕਿ ਇਹਨਾਂ ਨੂੰ ਵਰਤਦੇ ਸਮੇਂ, ਜਿਹੜੇ ਬੰਦੇ ਨੇੜੇ-ਤੇੜੇ ਹੁੰਦੇ ਹਨ, ਉਹਨਾਂ 'ਤੇ ਵੀ ਇਹਨਾਂ ਦਾ ਮਾੜਾ ਅਸਰ ਹੁੰਦਾ ਹੈ, ਕਈ ਤਾਂ ਬੇਹੋਸ਼ ਹੋ ਜਾਂਦੇ ਹਨ ਤੇ ਕਈ ਵਾਰੀ ਰਸਾਇਣਾਂ ਦਾ ਛਿੜਕਾਅ ਕਰਨ ਵਾਲੇ ਬੰਦਿਆਂ ਦੀ ਮੌਤ ਵੀ ਹੋ ਜਾਂਦੀ ਹੈ।

ਭਗਤ ਪੂਰਨ ਸਿੰਘ ਹੁਰਾਂ ਨੇ ਪਿੰਗਲਵਾੜੇ 'ਚ ਇਕ ਪ੍ਰਿੰਟਿੰਗ ਪ੍ਰੈੱਸ ਲਗਾਈ ਸੀ, ਜਿਸ 'ਚ ਉਹਨਾਂ ਨੇ ਬਹੁਤ ਮਾਤਰਾ ਵਿੱਚ ਰੱਦੀ ਕਾਗ਼ਜ਼ਾਂ 'ਤੇ ਇਹਨਾਂ ਰਸਾਇਣਾਂ ਦੇ ਵਰਤਣ ਦੇ ਵਿਰੁੱਧ ਸਾਹਿਤ ਛਾਪ ਕੇ ਲੋਕਾਂ ਵਿੱਚ ਵੰਡਿਆ ਸੀ, ਕਿਉਂਕਿ ਉਹਨਾਂ ਨੂੰ ਵਾਤਾਵਰਣ ਦੀ ਬਹੁਤ ਚਿੰਤਾ ਹੋ ਰਹੀ ਸੀ। ਇਸ ਕੰਮ ਵਾਸਤੇ ਉਹਨਾਂ ਨੇ ਇਤਿਹਾਸਿਕ ਗੁਰਦੁਆਰਿਆਂ ਦੇ ਸਾਹਮਣੇ ਸਟਾਲ ਲਾਉਣ ਦਾ ਪ੍ਰਬੰਧ ਵੀ ਕੀਤਾ ਸੀ । ਬੀਬੀ ਇੰਦਰਜੀਤ ਕੌਰ ਲਈ ਭਗਤ ਪੂਰਨ ਸਿੰਘ ਦੇ ਕੰਮ ਨੂੰ ਅੱਗੇ ਲੈ ਕੇ ਜਾਣਾ ਬਹੁਤ ਜ਼ਰੂਰੀ ਸੀ। ਉਸਨੇ ਮਹਿਸੂਸ ਕੀਤਾ ਸੀ ਕਿ ਦੇਸ਼ ਦੇ ਲੋਕ ਅਪੰਗ ਵਿਅਕਤੀਆਂ ਦੀ ਜ਼ਿੰਦਗੀ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ, ਜਿਵੇਂ ਕਿ ਗੂੰਗੇ, ਬੋਲੇ ਬੱਚਿਆਂ ਜਾਂ ਮਾਨਸਿਕ ਰੋਗਾਂ ਨਾਲ ਸੰਬੰਧਿਤ ਬੱਚਿਆਂ ਲਈ ਕੋਈ ਵਿਸ਼ੇਸ਼ ਸਕੂਲਾਂ ਦਾ



ਮਹਾਨ ਆਤਮਾ ਦਲਾਈ ਲਾਮਾ ਜੀ ਡਾ. ਇੰਦਰਜੀਤ ਕੌਰ ਨੂੰ ਸਨਮਾਨਿਤ ਕਰਦੇ ਹੋਏ



ਡਾ. ਇੰਦਰਜੀਤ ਕੌਰ ਸ. ਬਲਵੰਤ ਸਿੰਘ ਹੰਸਰਾ ਦੇ ਨਾਲ ਸਪੇਨ ਵਿੱਚ ਸੀ.ਪੀ. ਡਬਲਯੂ. ਆਰ ਮੀਟਿੰਗ ਦੇ ਦੌਰਾਨ



ਪ੍ਰਬੰਧ ਨਹੀਂ ਹੈ। ਆਮ ਸਕੂਲਾਂ 'ਚ ਵੀ ਅਪਾਹਿਜ ਬੱਚਿਆਂ ਲਈ ਨਾ ਤਾਂ ਮਲ-ਮੂਤਰ ਕਰਨ ਲਈ ਵਿਸ਼ੇਸ਼ ਥਾਵਾਂ ਸਨ ਤੇ ਨਾ ਹੀ ਰੈਂਪ ਬਣੇ ਹੋਏ ਸਨ। ਇਸ ਲਈ ਪਿੰਗਲਵਾੜੇ ਦੀ ਮਾਨਾਂਵਾਲਾ ਬ੍ਰਾਂਚ ਦੇ ਮਾਤਾ ਮਹਿਤਾਬ ਕੌਰ ਹਾਲ 'ਚ ਇਹਨਾਂ ਬੱਚਿਆ ਦੀ ਸਹੂਲਤਾਂ ਲਈ ਇਕ ਸੈਮੀਨਾਰ ਦਾ ਪ੍ਰਬੰਧ ਕੀਤਾ ਗਿਆ। ਮਾਹਰ ਇਸ ਨਤੀਜੇ 'ਤੇ ਪਹੁੰਚੇ ਕਿ ਅਪਾਹਜਤਾ ਦਾ ਮੁੱਖ ਕਾਰਨ ਫ਼ਸਲਾਂ 'ਚ ਵਾਧੇ ਲਈ ਵਰਤੀਆਂ ਜਾਂਦੀਆਂ ਕੀਟ-ਨਾਸ਼ਕ ਦਵਾਈਆਂ ਹੀ ਹਨ। ਫੇਰ ਇਕ ਵਿਸ਼ੇ "Toxic effects of pesticides on health" 'ਤੇ ਇਕ ਸੈਮੀਨਾਰ ਕਰਾਇਆ ਗਿਆ। ਡਾਕਟਰ ਐਸ.ਜੀ. ਕਾਬੜਾ ਨੇ ਇਸ 'ਤੇ ਕੁੰਜੀਵਤ ਭਾਸ਼ਣ ਪੜ੍ਹਿਆ। ਲੋਕ ਇਹ ਭਾਸ਼ਣ ਸੁਣ ਕੇ ਚੌਂਕ ਗਏ। ਹੁਣ ਡਾ. ਇੰਦਰਜੀਤ ਦੇ ਸਾਹਮਣੇ ਇਹ ਪ੍ਰਸ਼ਨ ਸੀ ਕਿ "ਕੀਟ-ਨਾਸ਼ਕਾਂ ਤੋਂ ਬਚਿਆ ਕਿਵੇਂ ਜਾਏ।" ਫੇਰ ਖੇਤੀ ਵਿਰਾਸਤ ਮਿਸ਼ਨ ਦੇ ਡਾਇਰੈਕਟਰ ਸ੍ਰੀ ਉਪਿੰਦਰ ਦੱਤ ਦੀ ਮਦਦ ਨਾਲ ਪਿੰਗਲਵਾੜਾ 'ਚ ਇਕ ਵਰਕਸ਼ਾਪ ਲਗਾਈ ਗਈ, ਜਿਸਦਾ ਨਾਮ ਸੀ, "Zero budget Natural Farming"। ਇਸਦੇ ਮੁੱਖ ਬੁਲਾਰੇ ਸ੍ਰੀ ਸੁਭਾਸ਼ ਪਾਲੇਕਰ ਸਨ, ਜੋ ਖੇਤੀਬਾੜੀ ਵਿਗਿਆਨੀ ਸਨ ਤੇ ਜਿਹਨਾਂ ਨੇ ਇਸ ਖੇਤਰ 'ਚ ਮਹੱਤਵਪੂਰਨ ਖੋਜ ਕੀਤੀ ਤੇ ਕੁਦਰਤੀ ਖੇਤੀ ਦੇ ਖੇਤਰ 'ਚ ਇਸ ਕ੍ਰਾਂਤੀਕਾਰੀ ਖੇਤੀ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਸੀ। ਡਾ. ਇੰਦਰਜੀਤ ਕੌਰ ਇਹਨਾਂ ਤੋਂ ਬਹੁਤ ਪ੍ਰਭਾਵਿਤ ਹੋਈ ਸੀ।

ਉਹਨਾਂ ਨੇ ਲੋਕਾਂ ਨੂੰ ਜੈਵਿਕ ਤੇ ਕੁਦਰਤੀ ਖੇਤੀ ਬਾਰੇ ਕੁਦਰਤੀ ਖੇਤੀ ਕਰਨ ਦੇ ਲਾਭਾਂ ਬਾਰੇ ਪ੍ਰਚਾਰ ਰਾਹੀਂ ਜਾਗਰੂਕ ਕਰਨ ਦੀ ਬਜਾਏ, ਉਦਾਹਰਣ ਦੇ ਕੇ ਲੋਕਾਂ ਨੂੰ ਸਮਝਾਉਣਾ ਠੀਕ ਸਮਝਿਆ। ਏਸ ਵਾਸਤੇ ਉਹਨਾਂ ਨੇ ਜੰਡਿਆਲੇ ਦੇ ਨੇੜੇ ਪਿੰਡ ਧੀਰਕੋਟ 'ਚ ਆਪਣੇ 32 ਏਕੜ ਦੇ ਖੇਤ ਨੂੰ ਕੁਦਰਤੀ ਖੇਤ 'ਚ ਬਦਲਾਅ ਦਿੱਤਾ ਤੇ ਉਸ 'ਚ ਕੋਈ ਵੀ ਅਜਿਹੀ ਚੀਜ਼ ਪਾਉਣ ਤੋਂ ਬਚਾਉ ਕਰਨਾ ਸ਼ੁਰੂ ਕਰ ਦਿੱਤਾ, ਜਿਸ 'ਚ ਕੋਈ ਰਸਾਇਣਿਕ ਤੱਤ ਵਰਤਿਆ ਗਿਆ ਹੋਵੇ। ਉਹਨਾਂ ਨੇ ਮਹਿਸੂਸ ਕੀਤਾ ਕਿ ਇਕ ਐਸਾ ਇਕੱਠਾ ਫਾਰਮ ਹੋਣਾ ਚਾਹੀਦਾ ਹੈ, ਜਿਸਦੇ ਵਿੱਚ ਹੀ ਪਸ਼ੂ-ਪਾਲਣ, ਬਾਗ਼ਬਾਨੀ ਤੇ ਫ਼ਸਲਾਂ ਉਗਾਉਣ ਦਾ ਕੰਮ ਸ਼ਾਮਲ ਹੋਵੇ। ਦੋ ਸਾਲਾਂ ਬਾਅਦ ਵਿੱਚ ਹੀ, ਇਸ ਦੇ ਵਧੀਆ ਨਤੀਜੇ ਆਉਣ ਲੱਗ ਪਏ। ਉਹਨਾਂ ਨੇ ਸੁਸਾਇਟੀ ਦੇ ਮੈਂਬਰ ਮਾਸਟਰ ਰਾਜਬੀਰ ਸਿੰਘ ਨੂੰ ਕੁਦਰਤੀ ਖੇਤੀ ਬਾਰੇ ਖ਼ਾਸ ਸਿਖਲਾਈ ਲੈਣ ਲਈ ਨਿਯੁਕਤ ਕਰ ਦਿੱਤਾ। ਜੈਵਿਕ ਤੇ ਕੁਦਰਤੀ ਖੇਤੀ ਦੇ ਬਹੁਤ ਸਾਰੇ



ਬੀਬੀ ਇੰਦਰਜੀਤ ਕੌਰ ਸ਼੍ਰੀਮਤੀ ਅਤੇ ਸ਼੍ਰੀ ਬਹੁਗੁਣਾ ਜੀ ਅਤੇ ਮਾਸਟਰ ਰਾਜਬੀਰ ਸਿੰਘ ਜੀ ਅਤੇ ਹੋਰ ਸਾਥੀ ।



ਬੀਬੀ ਇੰਦਰਜੀਤ ਕੌਰ ਜੀ ਭਗਤ ਪੂਰਨ ਸਿੰਘ ਸਕੂਲ ਦੇ ਸਾਹਮਣੇ ।





ਡਾ. ਇੰਦਰਜੀਤ ਕੌਰ, ਸੰਤ ਹਰਚੰਦ ਸਿੰਘ ਲੌਂਗੋਵਾਲ, ਭਗਤ ਪੂਰਨ ਸਿੰਘ ਜੀ ਅਤੇ ਹੋਰ ।



ਡਾ. ਮਨਮੋਹਨ ਸਿੰਘ, ਸੁੰਦਰ ਲਾਲ ਬਹੁਗੁਣਾ ਅਤੇ ਡਾ. ਇੰਦਰਜੀਤ ਕੌਰ ਦੇ ਨਾਲ ।

ਸਹਿਯੋਗੀ ਫਾਰਮ ’ਤੇ ਬੁਲਾਏ ਗਏ। ਕੁਝ ਸਮੇਂ ਬਾਅਦ, ਇਹ ਫਾਰਮ ਕੁਦਰਤੀ ਖੇਤੀ ’ਚ ਦਿਲਚਸਪੀ ਰੱਖਣ ਵਾਲੇ ਲੋਕਾਂ ਲਈ ਮਾਡਲ ਫਾਰਮ, ਸਿਖਲਾਈ ਫਾਰਮ ਤੇ ਖੋਜ ਕੇਂਦਰ ਬਣ ਗਿਆ। ਇਹ ਫਾਰਮ ਏਨਾ ਹਰਮਨ ਪਿਆਰਾ ਹੋਇਆ ਕਿ ਸੰਨ 2011 ਵਿੱਚ, ਜਦੋਂ ਅਮਰੀਕਾ ਦੇ ਰਾਸ਼ਟਰਪਤੀ, ਸ੍ਰੀ ਬਰਾਕ ਉਬਾਮਾ ਨੇ ਅੰਮ੍ਰਿਤਸਰ ਦੇ ਦੌਰੇ ਦੀ ਯੋਜਨਾ ਬਣਾਈ ਤਾਂ ਇਹ ਫਾਰਮ ਦੇਖਣਾ ਉਹਨਾਂ ਦੇ ਦੌਰੇ ਦਾ ਇਕ ਮਹੱਤਵਪੂਰਨ ਹਿੱਸਾ ਸੀ। ਇਸ ਫਾਰਮ ਨੇ ਇਸ ਭਰਮ ਨੂੰ ਗ਼ਲਤ ਸਿੱਧ ਕਰ ਦਿੱਤਾ ਕਿ ਜੈਵਿਕ ਖੇਤੀ ਨਾਲ ਫ਼ਸਲ ਘੱਟ ਹੁੰਦੀ ਹੈ। ਹੁਣ ਉੱਥੇ ਵੱਖੋ-ਵੱਖਰੇ ਲਾਭਦਾਇਕ, ਕੀੜੇ-ਮਕੌੜੇ ਤੇ ਪੰਛੀ ਦੇਖੇ ਜਾਣ ਲੱਗੇ ਸਨ, ਜੋ ਇਸ ਫਾਰਮ ਦੀ ਉਪਜ ਵਿੱਚ ਵਾਧਾ ਕਰਦੇ ਹਨ। ਇਹ ਫਾਰਮ ਕੁਦਰਤੀ ਵਾਤਾਵਰਣ ਪੈਦਾ ਕਰਦਾ ਹੈ। ਇਹ ਹਰ ਕਿਸੇ ਲਈ, ਜਿਸਨੂੰ ਵੀ ਜੈਵਿਕ ਖੇਤੀ ਕਰਨ ’ਚ ਦਿਲਚਸਪੀ ਹੋਵੇ, ਉਸ ਲਈ ਸਿਖਲਾਈ ਕੇਂਦਰ ਬਣ ਗਿਆ ਹੈ।

ਸੰਨ 2004 ’ਚ, ਉਹਨਾਂ ਨੂੰ ਦਿੱਲੀ ਤੋਂ ਇਕ ਫ਼ੋਨ ਆਇਆ ਕਿ ਦਿੱਲੀ ਦੇ ਹਸਪਤਾਲ ’ਚ ਇਕ ਲੜਕਾ ਸੀ, ਜਿਸਦਾ ਸਰੀਰ ਇਕ ਸੀ, ਦੋ ਲੱਤਾਂ ਤੇ ਦੋ ਬਾਹਵਾਂ ਸਨ, ਪਰ ਉਸਦੇ ਚਿਹਰੇ ਦੋ ਸਨ ਤੇ ਮੂੰਹ ਵੀ ਦੋ ਸਨ। ਉਸ ਲੜਕੇ ਦੇ ਪਿਤਾ ਜੀ ਦਿੱਲੀ ਦੇ ਰਹਿਣ ਵਾਲੇ ਸਨ ਤੇ ਡਰਾਈਵਰ ਦੇ ਤੌਰ ’ਤੇ ਕੰਮ ਕਰਦੇ ਹਨ। ਉਸਨੇ ਇਹਨਾਂ ਜੌੜੇ ਬੱਚਿਆਂ ਨੂੰ AIIMS, New Delhi ’ਚ ਛੱਡ ਦਿੱਤਾ ਸੀ। ਹਿੰਦੋਸਤਾਨ ਟਾਈਮਜ਼ ਅਖ਼ਬਾਰ ’ਚ ਵੀ ਇਹ ਖ਼ਬਰ ਲੱਗੀ ਸੀ ਕਿ ਕਿਸੇ ਮਾਂ-ਬਾਪ ਨੇ ਆਪਣੇ ਬੱਚਿਆਂ ਨੂੰ ਹਸਪਤਾਲ ’ਚ ਹੀ ਛੱਡ ਦਿੱਤਾ ਹੈ। ਪਿੰਗਲਵਾੜੇ ਦੇ ਸ਼ੁਭਚਿੰਤਕਾਂ ਤੇ ਫ਼ਰੀਦਕੋਟ ਤੋਂ ਇਕ ਗੁਰਦਿਆਲ ਸਿੰਘ ਨਾਮੀ ਵਿਅਕਤੀ ਨੇ ਇੰਦਰਜੀਤ ਕੌਰ ਨੂੰ ਇਸ ਗੱਲ ਤੋਂ ਜਾਣੂ ਕਰਾਇਆ ਤੇ ਉਸ ਕੋਲੋਂ ਇਹ ਜੌੜੇ ਬੱਚਿਆਂ ਨੂੰ ਪਿੰਗਲਵਾੜੇ ਲਿਆਉਣ ਦੀ ਆਗਿਆ ਮੰਗੀ। ਇਸ ਖ਼ਬਰ ਤੋਂ ਬਾਅਦ ਕੁਝ N.G.O’S ਨੇ ਇਹਨਾਂ ਬੱਚਿਆਂ ਨੂੰ ਗੋਦ ਲੈਣ ਲਈ AIIMS ਨਾਲ ਸੰਪਰਕ ਕੀਤਾ, ਪਰ ਫੇਰ ਉਹਨਾਂ ਨੇ ਇਹ ਵਿਚਾਰ ਤਿਆਰ ਦਿੱਤਾ, ਕਿਉਂਕਿ AIIMS ਦੇ ਡਾਕਟਰਾਂ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਉਹ ਇਹਨਾਂ ਬੱਚਿਆਂ ਨੂੰ ਸਹੂਲਤਾਂ ਨਹੀਂ ਸੀ ਦੇ ਸਕਦੇ। ਫੇਰ ਪਿੰਗਲਵਾੜੇ ਨੂੰ ਇਹਨਾਂ ਬੱਚਿਆਂ ਨੂੰ ਗੋਦ ਲੈਣ ਲਈ ਸੱਦਿਆ ਗਿਆ।

ਸ. ਗੁਰਦਿਆਲ ਸਿੰਘ ਦੇ ਫ਼ੋਨ ਸੁਣਨ ਤੋਂ ਬਾਅਦ ਉਸੇ ਵੇਲੇ



ਹੀ ਡਾ. ਇੰਦਰਜੀਤ ਕੌਰ ਨੇ ਉਹਨਾਂ ਨੂੰ ਜੁਆਬ ਦਿੱਤਾ ਕਿ ਉਹਨਾਂ ਨੂੰ ਅੰਮ੍ਰਿਤਸਰ ਆਉਣ ਦੀ ਲੋੜ ਨਹੀਂ ਹੈ ਬਲਕਿ, ਉਹ ਆਪ ਕੁਝ ਲੋਕਾਂ ਨੂੰ ਦਿੱਲੀ ਭੇਜਣਗੇ ਤੇ ਉਹ ਬੱਚੇ ਨੂੰ ਲੈ ਆਉਣਗੇ ਅਤੇ ਉਸਦੀ ਪੂਰੀ ਦੇਖਭਾਲ ਕੀਤੀ ਜਾਏਗੀ। ਇਹ ਆਸ਼ਰਮ ਅਜਿਹੇ ਸਾਰੇ ਲੋਕਾਂ ਲਈ ਹੈ।

ਕੁਝ ਦਿਨਾਂ ਬਾਅਦ, ਬੱਚੇ ਨੂੰ ਪਿੰਗਲਵਾੜੇ ਲਿਆਂਦਾ ਗਿਆ। ਉਸ ਬੱਚੇ ਨੂੰ ਦੇਖਦਿਆਂ ਹੋਇਆਂ, ਹਰ ਕਿਸੇ ਦੇ ਮਨ ’ਚ ਕਈ ਤਰ੍ਹਾਂ ਦੇ ਸੁਆਲ ਉੱਠ ਰਹੇ ਸਨ। ਇੰਦਰਜੀਤ ਕੌਰ ਨੇ ਇਸ ਬੱਚੇ ਨੂੰ, ਪਰਮਾਤਮਾ ਦਾ ਹੁਕਮ ਮੰਨ ਕੇ ਸਵੀਕਾਰ ਕਰ ਲਿਆ। ਉਸ ਬੱਚੇ ਦੀ ਦੇਖਭਾਲ ਲਈ, ਇਕ ਨਰਸ ਤੇ ਚਾਰ ਵਿਅਕਤੀ (ਦੋ ਜਣੇ ਦਿਨ ਲਈ ਤੇ ਦੋ ਜਣੇ ਰਾਤ ਲਈ) ਚੌਵੀ ਘੰਟਿਆਂ ਲਈ ਨਿਯੁਕਤ ਕਰ ਦਿੱਤੇ। ਡਾ. ਇੰਦਰਜੀਤ ਕੌਰ ਨੇ ਉਹਨਾਂ ਨੂੰ ਪਿਆਰ ਤੇ ਸਨੇਹ ਨਾਲ ਗਲ ਨਾਲ ਲਾਇਆ। ਬੱਚੇ ਠੀਕ ਤਰ੍ਹਾਂ ਨਾਲ ਵਧਣ-ਫੁੱਲਣ ਲੱਗ ਪਏ।

# ਆਦਰਸ਼ਮਈ ਜੀਵਨ

ਸੰਨ 2005 ਵਿੱਚ ਮੈਨੂੰ (ਇਸ ਕਿਤਾਬ ਦਾ ਲੇਖਕ) ਇਕ ਡੈਲੀਗੇਸ਼ਨ ਨਾਲ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ। ਜਾਣ ਤੋਂ ਪਹਿਲਾਂ, ਮੈਂ ਡਾ. ਇੰਦਰਜੀਤ ਕੌਰ ਨੂੰ ਮਿਲਿਆ ਤੇ ਉਹਨਾਂ ਨੂੰ ਆਪਣੇ ਪਾਕਿਸਤਾਨ ਜਾਣ ਦੀ ਯੋਜਨਾ ਬਾਰੇ ਦੱਸਿਆ। ਉਹਨਾਂ ਨੇ ਮੈਨੂੰ ਕਿਤਾਬਾਂ ਦਾ ਇਕ ਸੈੱਟ ਅਤੇ ਇਕ ਸੱਦਾ-ਪੱਤਰ ਦਿੰਦਿਆਂ ਕਿਹਾ ਕਿ ਜਦੋਂ ਮੈਂ ਕਰਾਚੀ ਜਾਵਾਂ ਤਾਂ ਇਹ ਸਭ ਕੁਝ ਮੈਂ ਸ੍ਰੀ ਅਬਦੁੱਲ ਸੱਤਾਰ ਈਦੀ ਨੂੰ ਦੇ ਦੇਵਾਂ—ਤੇ ਉਹਨਾਂ ਮੈਨੂੰ ਇਹ ਵੀ ਦੱਸਿਆ ਕਿ ਸ੍ਰੀ ਅਬਦੁਲ ਸਤਾਰ ਈਦੀ ਪਾਕਿਸਤਾਨ 'ਚ ਬੜੀ ਨਿਸ਼ਕਾਮ ਸੇਵਾ ਕਰ ਰਹੇ ਹਨ ਅਤੇ ਮੈਂ ਉਹਨਾਂ ਦਾ ਕੰਮ ਦੇਖਣਾ ਚਾਹੁੰਦੀ ਹਾਂ। ਉਸਨੇ ਉਹਨਾਂ ਦੇ ਫ਼ੋਨ ਨੰਬਰ ਵੀ ਮੈਨੂੰ ਦਿੱਤੇ।

ਜਦੋਂ ਮੈਂ ਲਾਹੌਰ ਤੋਂ ਥੋੜ੍ਹਾ ਅਗਾਂਹ ਪੁੱਜਾ, ਤਾਂ ਮੈਨੂੰ ਦੋ-ਤਿੰਨ ਵਾਰੀ ਅਜਿਹੀਆਂ ਐਂਬੂਲੈਂਸਾਂ ਦਿਖਾਈ ਦਿੱਤੀਆਂ, ਜਿਨ੍ਹਾਂ 'ਤੇ "ਈਦੀ ਫਾਊਂਡੇਸ਼ਨ" ਲਿਖਿਆ ਹੋਇਆ ਸੀ। ਪਰ ਮੈਂ ਕੋਈ ਬਹੁਤਾ ਗੌਰ ਨਹੀਂ ਕੀਤਾ, ਪਰ ਇਸਲਾਮਾਬਾਦ ਪਹੁੰਚਣ 'ਤੇ, ਮੈਂ ਅਜਿਹੀਆਂ ਐਂਬੂਲੈਂਸਾਂ ਬਹੁਤ ਵਾਰੀ ਦੇਖੀਆਂ। ਫੇਰ ਮੇਰੇ ਦਿਮਾਗ਼ 'ਚ ਖ਼ਿਆਲ ਆਇਆ ਕਿ ਸ਼ਾਇਦ ਇਹ ਉਹੀ ਆਦਮੀ ਹੋਏ, ਜਿਸ ਬਾਰੇ ਮੈਨੂੰ ਡਾ. ਇੰਦਰਜੀਤ ਕੌਰ ਨੇ ਦੱਸਿਆ ਸੀ। ਫੇਰ ਮੈਂ ਇਸ ਬਾਰੇ ਪੁੱਛ ਪੜਤਾਲ ਕੀਤੀ ਤਾਂ ਮੈਨੂੰ ਕਿਸੇ ਨੇ ਦੱਸਿਆ ਕਿ ਅਬਦੁਲ ਸਤਾਰ ਈਦੀ ਕਰਾਚੀ ਵਿੱਚ ਰਹਿੰਦੇ ਹਨ। ਉਹੋ ਹੀ ਇਸ ਫਾਊਂਡੇਸ਼ਨ ਦੇ ਸੰਚਾਲਕ ਹਨ। ਸਾਰੇ ਪਾਕਿਸਤਾਨ 'ਚ, ਹਰ ਪੰਝੀ ਕਿਲੋਮੀਟਰ ਦੇ ਫ਼ਾਸਲੇ 'ਤੇ ਇਸ ਫਾਊਂਡੇਸ਼ਨ ਦੇ ਦੋ ਸੋ ਪੰਜਾਹ (250) ਹਸਪਤਾਲ ਹਨ। ਉਹਨਾਂ ਕੋਲ 600 ਤੋਂ ਜ਼ਿਆਦਾ ਐਂਬੂਲੈਂਸਾਂ ਹਨ, ਜਿਹੜੀਆਂ ਕਿ ਪਾਕਿਸਤਾਨ ਵਿੱਚ 24 ਘੰਟੇ ਚੱਲਦੀਆਂ ਹਨ ਤੇ ਮਰੀਜ਼ਾਂ ਨੂੰ ਅਤੇ ਦੁਰਘਟਨਾਵਾਂ ਵਿੱਚ ਹੋਏ ਜ਼ਖ਼ਮੀਆਂ ਨੂੰ ਹਸਪਤਾਲਾਂ 'ਚ ਪਹੁੰਚਾਉਂਦੀਆਂ ਹਨ। ਇਸ ਫਾਊਂਡੇਸ਼ਨ ਕੋਲ ਪੰਜ ਹਵਾਈ-ਜਹਾਜ਼ ਹਨ, ਜਿਹੜੇ Air-Ambulances ਦੇ ਤੌਰ 'ਤੇ ਵਰਤੇ ਜਾਂਦੇ ਹਨ ਅਤੇ ਦੂਰ-ਦੂਰ ਦੀਆਂ ਥਾਵਾਂ ਤੋਂ ਮਰੀਜ਼ਾਂ ਨੂੰ ਹਸਪਤਾਲਾਂ 'ਚ ਪਹੁੰਚਾਉਂਦੇ ਹਨ। ਫੇਰ ਮੈਨੂੰ ਇਹ ਵੀ ਦੱਸਿਆ ਗਿਆ ਕਿ ਉਹ (ਅਬਦੁਲ ਸਤਾਰ ਈਦੀ) ਵਿਸ਼ੇਸ਼ ਯੋਗਤਾ ਵਾਲੇ ਹਸਪਤਾਲ ਵੀ ਚਲਾਉਂਦੇ ਹਨ ਤੇ ਮੁਫ਼ਤ ਇਲਾਜ ਕਰਦੇ ਹਨ। ਉਹਨਾਂ ਨੂੰ "ਜੀਆ-ਉਲ-ਹਕ" ਦੀ ਸਰਕਾਰ






ਬੀਬੀ ਇੰਦਰਜੀਤ ਕੌਰ ਵੱਖ-ਵੱਖ ਮਿਲੇ ਸਨਮਾਨਾਂ ਦੇ ਨਾਲ ।



ਭਗਤ ਜੀ ਦੀ ਬੀਮਾਰੀ ਦੇ ਦੌਰਾਨ ਉਨ੍ਹਾਂ ਦੀ ਦੇਖਭਾਲ ਕਰਦੇ ਹੋਏ
ਬੀਬੀ ਇੰਦਰਜੀ ਕੌਰ ਜੀ ।



**ਮਹਾਨ ਸਮਾਜ ਸੇਵਕ ਅਬਦੁਲ ਸੱਤਾਰ ਈਦੀ ਦੇ ਜੀਵਨ ਦੇ ਵੱਖ-ਵੱਖ ਪਹਿਲੂ ।**



ਵਿੱਚ ਮੰਤਰੀ ਨਿਯਕੁਤ ਕੀਤਾ ਗਿਆ ਸੀ, ਪਰ ਉਹਨਾਂ ਨੇ ਉਸ ਤੋਂ ਇਕ ਮਹੀਨੇ ਬਾਅਦ ਹੀ ਅਸਤੀਫ਼ਾ ਦੇ ਦਿੱਤਾ ਸੀ। ਇਹ ਸਭ ਕੁਝ ਮੈਨੂੰ ਬਹੁਤ ਦਿਲਚਸਪ ਜਾਪਿਆ, ਪਰ ਮੇਰੇ ਮਨ 'ਚ ਇਕ ਡਰ ਪੈਦਾ ਹੋ ਗਿਆ ਕਿ ਏਨੇ ਰੁਝੇਵਿਆਂ ਭਰੇ ਆਦਮੀ ਦਾ ਮੈਨੂੰ ਮਿਲਣਾ ਸ਼ਾਇਦ ਸੰਭਵ ਨਾ ਹੋਵੇ।

ਪਰ ਜਿਵੇਂ ਹੀ ਮੈਂ ਕਰਾਚੀ ਪਹੁੰਚਿਆ, ਮੈਂ ਪਹਿਲੇ ਦਿਨ ਹੀ ਉਹਨਾਂ ਨੂੰ ਮਿਲਣ ਦੀ ਕੋਸ਼ਿਸ਼ ਕਰਨ ਲੱਗ ਪਿਆ, ਪਰ ਉਹ ਉੱਥੇ ਮੌਜੂਦ ਨਹੀਂ ਸਨ। ਅਗਲੇ ਦਿਨ ਮੈਂ ਫੇਰ ਕੋਸ਼ਿਸ਼ ਕੀਤੀ, ਪਰ ਮੈਂ ਉਹਨਾਂ ਨੂੰ ਨਹੀਂ ਮਿਲ ਸਕਿਆ। ਤੀਸਰੇ ਦਿਨ, ਸ਼ਾਮ ਨੂੰ ਮੈਂ ਫੇਰ ਕੋਸ਼ਿਸ਼ ਕੀਤੀ, ਕਿਉਂਕਿ ਅਗਲੇ ਦਿਨ ਸਾਡੇ ਡੈਲੀਗੇਸ਼ਨ ਦੀ ਵਾਪਸੀ ਸੀ। ਉਹਨਾਂ ਨੇ ਫ਼ੋਨ ਚੁੱਕ ਲਿਆ ਤੇ ਪੁੱਛਿਆ ਕਿ ਮੈਂ ਕਿੱਥੇ ਠਹਿਰਿਆ ਹੋਇਆਂ ਹਾਂ। ਉਹਨਾਂ ਨੇ ਫ਼ੋਨ ਬੰਦ ਕਰ ਦਿੱਤਾ ਤੇ 15 ਮਿੰਟਾਂ ਬਾਅਦ "ਈਦੀ ਫ਼ਾਊਂਡੇਸ਼ਨ" ਦੀ ਇਕ ਵੈਨ ਸਾਡੇ ਹੋਟਲ 'ਚ ਪਹੁੰਚ ਗਈ ਤੇ ਉਹਨਾਂ ਨੇ ਮੇਰੇ ਬਾਰੇ ਪੁੱਛਿਆ । ਮੈਂ ਈਦੀ ਫ਼ਾਊਂਡੇਸ਼ਨ ਦੇ ਇਕ ਅਧਿਕਾਰੀ ਨਾਲ ਤੁਰ ਪਿਆ ਅਤੇ ਜਦੋਂ ਅਸੀਂ ਸ਼ਹਿਰ ਦੇ ਅੰਦਰੂਨੀ ਹਿੱਸੇ 'ਚ ਉਸਦੇ ਦਫ਼ਤਰ 'ਚ ਪਹੁੰਚੇ, ਤਾਂ ਮੈਂ ਇਕ ਆਦਮੀ ਨੂੰ ਲੱਕੜ ਦੇ ਬੈਂਚ 'ਤੇ ਬੈਠਾ ਦੇਖਿਆ। ਮੈਂ ਉਸਦੇ ਕੋਲੋਂ ਦੀ ਲੰਘ ਆਇਆ, ਪਰ ਮੇਰੇ ਨਾਲ ਵਾਲਾ ਅਧਿਕਾਰੀ ਉੱਥੇ ਖੜ੍ਹਾ ਹੋ ਕੇ ਮੈਨੂੰ ਪੁੱਛਣ ਲੱਗਾ, "ਸਰਦਾਰ ਸਾਹਿਬ, ਕੀ ਤੁਸੀਂ ਈਦੀ ਨੂੰ ਨਹੀਂ ਮਿਲਣਾ?" ਮੈਂ ਵਾਪਸ ਮੁੜਿਆ ਤੇ ਉਹਨਾਂ ਪ੍ਰਤੀ ਆਪਣਾ ਸਨਮਾਨ ਪ੍ਰਗਟ ਕੀਤਾ। ਇਹ ਸਭ ਕੁਝ ਮੇਰੀ ਉਮੀਦ ਤੋਂ ਪਰ੍ਹੇ ਦੀ ਗੱਲ ਸੀ। ਅਸਲ 'ਚ ਮੇਰਾ ਖ਼ਿਆਲ ਸੀ ਕਿ ਉਹ ਆਦਮੀ, ਜੋ ਏਨੀ ਵੱਡੀ ਫਾਊਂਡੇਸ਼ਨ ਦਾ ਸੰਚਾਲਕ ਹੈ, ਉਹ ਇਕ ਵੱਡੇ ਸਾਰੇ ਏਅਰ ਕੰਡੀਸ਼ਨਡ ਦਫ਼ਤਰ 'ਚ ਬੈਠਾ ਹੋਏਗਾ, ਉਸਦੇ ਨਾਲ ਬਹੁਤ ਸਾਰੇ ਸੈਕਟਰੀ ਹੋਣਗੇ 'ਤੇ ਉਸਦੇ ਦਫ਼ਤਰ ਦੇ ਬਾਹਰ ਬਹੁਤ ਸਾਰੇ ਕਰਮਚਾਰੀ ਹੋਣਗੇ। ਸੱਚਮੁੱਚ, ਇਹ ਬੜੀ ਅਜੀਬ ਗੱਲ ਸੀ, ਪਰ ਅਜਿਹੇ ਵਿਅਕਤੀ ਲਈ ਇਹ ਬਿਲਕੁਲ ਸੱਚੀ ਗੱਲ ਸੀ, ਜੋ ਕਿ ਨਿਸ਼ਕਾਮ ਸੇਵਾ ਕਰ ਰਿਹਾ ਸੀ।

ਅਸੀਂ ਲੱਕੜੀ ਦੇ ਬਣੇ ਬੈਂਚ 'ਤੇ ਬੈਠ ਗਏ ਅਤੇ ਮੈਂ ਉਹਨਾਂ ਨੂੰ ਕਿਤਾਬਾਂ ਦਾ ਸੈੱਟ ਤੇ ਸੱਦਾ-ਪੱਤਰ ਦੇ ਦਿੱਤਾ। ਮੈਂ ਉਹਨਾਂ ਦੇ ਕੰਮ ਤੇ ਗੱਲਬਾਤ ਦੇ ਢੰਗ ਤੋਂ ਬਹੁਤ ਪ੍ਰਭਾਵਿਤ ਹੋਇਆ । ਇਹ ਗੱਲ-ਬਾਤ ਕੋਈ ਇਕ ਘੰਟਾ ਚੱਲੀ। ਉਹਨਾਂ ਦੇ ਸੈਕਟਰੀ ਨੇ ਮੈਨੂੰ ਇਕ ਕਿਤਾਬ ਦਿੱਤੀ, ਜੋ ਕਿ ਸ਼੍ਰੀ ਅਬਦੁਲ ਸਤਾਰ ਈਦੀ ਦੀ ਜੀਵਨੀ ਸੀ ਅਤੇ ਮੈਨੂੰ ਪੁੱਛਿਆ ਕਿ ਕੀ



ਪਿੰਗਲਵਾੜਾ ਵਿੱਚ ਵਣ-ਮਹਾਉਤਸਵ ਮਨਾਉਂਦੇ ਹੋਏ ।



ਬੀਬੀ ਕਿਰਨਜੋਤ ਕੌਰ ਮੈਂਬਰ S.G.P.C. ਦੇ ਨਾਲ ਗੱਲਬਾਤ ਕਰਦੇ ਹੋਏ
ਡਾ. ਇੰਦਰਜੀਤ ਕੌਰ ।



ਇਸਦਾ ਗੁਰਮੁਖੀ ਅਨੁਵਾਦ ਹੋ ਸਕਦਾ ਹੈ?

ਅੰਮ੍ਰਿਤਸਰ ਵਾਪਸ ਆ ਕੇ, ਮੈਂ ਡਾ. ਇੰਦਰਜੀਤ ਕੌਰ ਨੂੰ ਮਿਲਣ ਗਿਆ ਤੇ ਉਹਨਾਂ ਨੂੰ ਈਦੀ ਜੀ ਨਾਲ ਆਪਣੀ ਮੀਟਿੰਗ ਬਾਰੇ ਦੱਸਿਆ ਅਤੇ ਉਹਨਾਂ ਦੇ ਸੈਕਟਰੀ ਦੀ ਇੱਛਾ ਬਾਰੇ ਦੱਸਿਆ ਕਿ ਉਹ ਕਿਤਾਬ ਨੂੰ ਗੁਰਮੁਖੀ ਵਿੱਚ ਅਨੁਵਾਦ ਕਰਾਉਣਾ ਚਾਹੁੰਦੇ ਹਨ। ਪਰ ਮੈਂ ਸੋਚਿਆ ਕਿ ਏਡੀ ਵੱਡੀ ਕਿਤਾਬ ਨੂੰ ਪ੍ਰਕਾਸ਼ਿਤ ਕਰਨ 'ਚ ਕੌਣ ਦਿਲਚਸਪੀ ਦਿਖਾਏਗਾ।

ਡਾ. ਇੰਦਰਜੀਤ ਕੌਰ ਨੇ ਇਕ ਪਲ ਲਈ ਕੁਝ ਸੋਚਿਆ ਤੇ ਫੇਰ ਪੁੱਛਿਆ ਕਿ ਕੀ ਮੈਂ ਇਸਦਾ ਅਨੁਵਾਦ ਕਰ ਸਕਦਾ ਹਾਂ । ਇਸ ਗੱਲ 'ਤੇ ਮੈਂ ਸਹਿਮਤ ਹੋ ਗਿਆ ਤੇ ਪੁੱਛਿਆ ਕਿ ਇਸਨੂੰ ਪ੍ਰਕਾਸ਼ਿਤ ਕੌਣ ਕਰੇਗਾ? ਉਹਨਾਂ ਨੇ ਉਸੇ ਵੇਲੇ ਜਵਾਬ ਦਿੱਤਾ ਕਿ ਉਹ ਪਿੰਗਲਵਾੜੇ ਵੱਲੋਂ ਇਸਨੂੰ ਪ੍ਰਕਾਸ਼ਿਤ ਕਰਵਾਉਣਗੇ। ਇਹ ਇਕ ਅਜਿਹੀ ਕਿਤਾਬ ਹੈ, ਜੋ ਬਹੁਤ ਪ੍ਰੇਰਨਾਦਾਇਕ ਹੋਵੇਗੀ।

ਮੈਂ ਇਹ ਸੁਣ ਕੇ ਹੈਰਾਨ ਹੋ ਗਿਆ। ਬੀਬੀ ਜੀ ਆਪਣੇ ਮਨ 'ਚ ਆਮ ਲੋਕਾਂ ਨੂੰ ਇਹ ਪ੍ਰੇਰਨਾ ਦੇਣ ਦੀ ਕਿੰਨੀ ਜ਼ਰੂਰਤ ਮਹਿਸੂਸ ਕਰਦੇ ਸਨ ਕਿ ਈਦੀ ਦੁਆਰਾ ਕੀਤੀ ਨਿਸ਼ਕਾਮ ਸੇਵਾ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ।

ਕਿਤਾਬ ਪ੍ਰਕਾਸ਼ਿਤ ਹੋ ਗਈ ਤੇ ਹਜ਼ਾਰਾਂ ਲੋਕਾਂ 'ਚ ਇਹ ਮੁਫ਼ਤ ਵੰਡੀ ਗਈ ਤੇ ਅਖ਼ਬਾਰਾਂ 'ਚ ਵੀ ਲੜੀਵਾਰ ਛਪਵਾਈ ਗਈ।

ਡਾ. ਇੰਦਰਜੀਤ ਕੌਰ ਨੇ ਵੱਖੋ-ਵੱਖਰੇ ਦੇਸ਼ਾਂ 'ਚ ਲੋਕਾਂ ਨੂੰ ਮਿਲੀ ਸਮਾਜਿਕ ਸੁਰੱਖਿਆ ਦੇ ਕੰਮਾਂ ਬਾਰੇ ਪੜ੍ਹਿਆ। ਵਿਕਸਿਤ ਦੇਸ਼ਾਂ 'ਚ, ਸਮਾਜਿਕ ਸੁਰੱਖਿਆ ਦੀ ਜ਼ਿੰਮੇਵਾਰੀ ਸਰਕਾਰ ਸਿਰ ਹੁੰਦੀ ਹੈ, ਭਾਵੇਂ ਇਹ ਸੁਰੱਖਿਆ ਟੈਕਸ ਪ੍ਰਣਾਲੀ ਨਾਲ ਸੰਬੰਧਿਤ ਹੁੰਦੀ ਹੈ। ਸਮਾਜਿਕ ਸੁਰੱਖਿਆ ਦਾ ਕੰਮ, ਸਰਕਾਰ ਦੀ ਕਮਾਈ 'ਤੇ ਨਿਰਭਰ ਕਰਦਾ ਹੈ। ਵਿਕਸਿਤ ਦੇਸ਼ਾਂ ਵਿੱਚ ਟੈਕਸ ਚੋਰੀ ਦੇ ਮੌਕੇ ਘੱਟ ਹੁੰਦੇ ਹਨ ਪਰ ਇਹਨਾਂ ਦੇਸ਼ਾਂ 'ਚ ਟੈਕਸ ਦੇਣ ਦੀ ਸਮਰੱਥਾ ਵੱਧ ਹੁੰਦੀ ਹੈ। ਦੂਜੇ ਪਾਸੇ, ਵਿਕਾਸ-ਸ਼ੀਲ ਦੇਸ਼ਾਂ 'ਚ ਟੈਕਸਾਂ ਦੀ ਚੋਰੀ ਕਾਫ਼ੀ ਹੁੰਦੀ ਹੈ ਤੇ ਲੋਕਾਂ ਦੀ ਟੈਕਸ ਦੇਣ ਦੀ ਸਮਰੱਥਾ ਘੱਟ ਹੁੰਦੀ ਹੈ, ਜਿਸ ਕਾਰਨ ਸਰਕਾਰ ਨੂੰ ਕਮਾਈ ਘੱਟ ਹੁੰਦੀ ਹੈ। ਅਜਿਹੇ ਦੇਸ਼ਾਂ 'ਚ, ਸਮਾਜਿਕ ਸੁਰੱਖਿਆ ਹਾਲੀ ਪਹਿਲੀ ਸਟੇਜ 'ਤੇ ਹੀ ਹੈ, ਭਾਵੇਂ ਕਿ ਸਮਾਜਿਕ

ਸੁਰੱਖਿਆ ਹੀ ਕਿਸੇ ਕਲਿਆਣਕਾਰੀ ਰਾਜ ਦੀ ਸੂਚਕ ਹੁੰਦੀ ਹੈ । ਸਰਕਾਰ ਇਸ ਕੰਮ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਤੇ ਲੋਕਾਂ ਨੂੰ ਵੀ ਸਰਕਾਰ ਪ੍ਰਤੀ ਆਪਣੇ ਇਸ ਮਹੱਤਵਪੂਰਨ ਫ਼ਰਜ਼ ਬਾਰੇ ਜਾਣਕਾਰੀ ਨਹੀਂ ਹੈ।

ਉਸਦੇ ਸਾਹਮਣੇ ਸਧਾਰਣ ਸੂਝ ਵਾਲੇ ਬੱਚਿਆਂ ਨੂੰ ਵਧੀਆ ਸਮਾਜਿਕ ਜ਼ਿੰਦਗੀ ਦੇਣ ਦੀ ਚੁਣੌਤੀ ਸੀ। ਵਿਸ਼ੇਸ਼ ਬੱਚਿਆਂ ਲਈ ਸਕੂਲ ਦੀ ਲੋੜ ਸੀ। ਕੁਝ ਬੱਚੇ ਹਿੰਸਕ ਹੋ ਜਾਂਦੇ ਸਨ, ਦੂਜੇ ਬੱਚਿਆਂ ਨਾਲ ਲੜਦੇ ਸਨ ਅਤੇ ਕਈ ਬੱਚੇ ਚੀਜ਼ਾਂ ਤੋੜ ਦਿੰਦੇ ਸਨ। ਕੁਝ ਮੰਦਬੁੱਧੀ ਬੱਚੇ ਵੀ ਸਨ, ਜੋ ਕੁਝ ਵੀ ਨਹੀਂ ਸਨ ਬੋਲਦੇ। ਉਹ ਲਗਾਤਾਰ ਬੈਠੇ ਹੀ ਰਹਿੰਦੇ ਸਨ ਤੇ ਕਈਆਂ ਨੂੰ ਹੋਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਹਨਾਂ ਸਾਰੇ ਬੱਚਿਆਂ 'ਚ ਕੁਝ ਅਜਿਹੀਆਂ ਆਦਤਾਂ ਵਿਕਸਿਤ ਕਰਨ ਦੀ ਲੋੜ ਸੀ, ਜਿਸ ਨਾਲ ਉਹ ਵਧੀਆ ਜੀਵਨ ਬਤੀਤ ਕਰ ਸਕਣ।

ਵਿਸ਼ੇਸ਼ ਬੱਚਿਆ ਲਈ ਪੜ੍ਹਾਈ, ਆਮ ਬੱਚਿਆਂ ਵਰਗੀ ਨਹੀਂ ਹੁੰਦੀ। ਉਹਨਾਂ ਨੂੰ ਪ੍ਰਾਇਮਰੀ, ਮਿਡਲ ਜਾਂ ਮੈਟ੍ਰਿਕ ਦੀਆਂ ਪ੍ਰੀਖਿਆਵਾਂ ਨਹੀਂ ਪਾਸ ਕਰਨੀਆਂ ਪੈਂਦੀਆਂ। ਆਮ ਤੌਰ 'ਤੇ, ਅਜਿਹੇ ਬੱਚਿਆਂ ਨੂੰ ਦੋ ਸਾਲ ਤਕ ਪੜ੍ਹਾਈ ਕਰਾਈ ਜਾਂਦੀ ਹੈ। ਪਹਿਲੇ ਸਾਲ ਦੀ ਪੜ੍ਹਾਈ ਪਾਸ ਕਰਕੇ, ਉਹਨਾਂ ਨੂੰ ਦੂਸਰੇ ਸਾਲ 'ਚ ਦਾਖ਼ਲਾ ਦੇ ਦਿੱਤਾ ਜਾਂਦਾ ਹੈ। ਇਹਨਾਂ ਦੋ ਸਾਲਾਂ 'ਚ, ਉਹਨਾਂ 'ਚ ਕੁਝ ਚੰਗੀਆਂ ਆਦਤਾਂ ਵਿਕਸਿਤ ਕੀਤੀਆਂ ਜਾਂਦੀਆਂ ਹਨ । ਇਕ ਦੂਜੇ ਨੂੰ ਪਿਆਰ ਕਰਨਾ, ਦੂਸਰੇ ਨੂੰ ਸਹਿਯੋਗ ਦੇਣਾ, ਨੈਤਿਕ ਜੀਵਨ ਦੇ ਨੇਮਾਂ ਨੂੰ ਮੰਨਣਾ ਅਤੇ ਵੱਡਿਆਂ ਦਾ ਸਤਿਕਾਰ ਕਰਨਾ। ਉਹਨਾਂ ਨੂੰ ਨਹਾਉਣ ਸਮੇਂ, ਖਾਣ ਸਮੇਂ ਤੇ ਖੇਡਣ ਸਮੇਂ ਨੇਮਾਂ ਦਾ ਪਾਲਣ ਕਰਨ ਦੀਆਂ ਆਦਤਾਂ ਸਿਖਾਈਆਂ ਜਾਂਦੀਆਂ ਹਨ। ਇਹ ਆਦਤਾਂ ਬਾਰ-ਬਾਰ ਉਹਨਾਂ ਨੂੰ ਦੁਹਰਾਉਣ ਲਈ ਕਿਹਾ ਜਾਂਦਾ ਹੈ ਅਤੇ ਫਿਰ ਇਸ ਤਰ੍ਹਾਂ ਇਹ ਆਦਤਾਂ ਉਹਨਾਂ ਦੀ ਰੋਜ਼ਾਨਾ ਦੀ ਜ਼ਿੰਦਗੀ 'ਚ ਸ਼ਾਮਲ ਹੋ ਜਾਂਦੀਆਂ ਹਨ। ਉਹਨਾਂ ਨੂੰ ਕੁਝ ਖੇਡਾਂ ਖੇਡਣੀਆਂ ਵੀ ਸਿਖਾਈਆਂ ਜਾਂਦੀਆਂ ਹਨ। ਖੇਡਾਂ 'ਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਲਈ ਉਹਨਾਂ ਦੇ ਖੇਡਾਂ ਦੇ ਮੁਕਾਬਲੇ ਕਰਾਏ ਜਾਂਦੇ ਹਨ।

ਇਹੋ ਜਿਹੇ ਬੱਚਿਆਂ ਦੇ ਅਧਿਆਪਕਾਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਹੈ। ਅਜਿਹੇ ਅਧਿਆਪਕਾਂ ਦਾ ਇੰਤਜ਼ਾਮ ਕੀਤਾ ਗਿਆ। ਛੇ ਮਹੀਨੇ





**ਡਾ. ਇੰਦਰਜੀਤ ਕੌਰ ਪਦਮ ਵਿਭੂਸ਼ਣ ਸਨਮਾਨ ਸ਼੍ਰੀ ਮਤੀ ਪ੍ਰਤੀਭਾ ਪਾਟਿਲ ਭਾਰਤ ਦੇ ਰਾਸ਼ਟਰਪਤੀ ਕੋਲੋਂ ਲੈਂਦੇ ਹੋਏ ।**

ਦੇ ਰਿਕਾਰਡ ਸਮੇਂ 'ਚ ਸਕੂਲ ਦੀ ਇਮਾਰਤ ਤਿਆਰ ਕਰ ਲਈ ਗਈ ਤੇ ਇਸ ਵਿਸ਼ੇਸ਼ ਸਕੂਲ ਦੇ ਬੱਚਿਆਂ ਲਈ ਹੋਰ ਬੁਨਿਆਦੀ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਗਿਆ। ਜਦੋਂ ਅਧਿਆਪਕ ਨਿਯੁਕਤ ਕਰ ਲਏ ਗਏ, ਤਾਂ ਡਾ. ਇੰਦਰਜੀਤ ਨੇ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਬੱਚਿਆਂ ਪ੍ਰਤੀ ਦਿਆਲੂ, ਸਹਿਣ ਸ਼ਕਤੀ ਵਰਤਣ ਅਤੇ ਵੱਧ ਤੋਂ ਵੱਧ ਪਿਆਰ ਤੇ ਸਨੇਹ ਕਰਨ ਲਈ ਕਿਹਾ। ਇਹਨਾਂ ਗੱਲਾਂ ਦੇ ਨਤੀਜੇ ਬੜੇ ਉਤਸ਼ਾਹਜਨਕ ਸਨ। ਉਹ ਬੱਚੇ, ਜੋ ਹਿੰਸਕ ਹੋ ਜਾਂਦੇ ਸਨ, ਇਕ ਸਾਲ ਦੇ ਅੰਦਰ-ਅੰਦਰ ਹੀ, ਉਹਨਾਂ ਦਾ ਵਿਹਾਰ ਆਮ ਬੱਚਿਆਂ ਵਰਗਾ ਹੋਣਾ ਸ਼ੁਰੂ ਹੋ ਗਿਆ । ਉਹ ਸਹਿਯੋਗ ਵੀ ਕਰਨ ਲੱਗੇ ਤੇ ਵਧੀਆ ਵਿਹਾਰ ਵੀ ਕਰਨ ਲੱਗੇ। ਉਹ ਟੀ.ਵੀ. ਦੇਖਣ, ਡਰਾਮੇ ਦੇਖਣ, ਕੁਝ ਧਾਰਮਿਕ ਸ਼ਬਦ ਗਾਉਣ, ਖੇਡਾਂ 'ਚ ਹਿੱਸਾ ਲੈਣ ਤੇ ਸੱਭਿਆਚਾਰਕ ਪ੍ਰੋਗਰਾਮਾਂ 'ਚ ਹਿੱਸਾ ਲੈਣ ਲੱਗ ਪਏ। ਸੰਨ 2014 ਤਕ ਅਜਿਹੇ ਬੱਚਿਆਂ ਦੀ ਗਿਣਤੀ 350 ਹੋ ਗਈ। ਉਹਨਾਂ ਦਾ ਇਕ ਹੋਸਟਲ ਵਿੱਚ ਰਹਿਣ-ਸਹਿਣ ਦਾ ਪ੍ਰਬੰਧ ਕੀਤਾ ਗਿਆ, ਜਿਸ 'ਚ ਅਜਿਹੇ ਬੱਚਿਆਂ ਨੂੰ ਸਭ ਸਹੂਲਤਾਂ ਪ੍ਰਾਪਤ ਸਨ। ਇਹਨਾਂ ਬੱਚਿਆਂ ਦੀਆਂ ਮੁਸ਼ਕਲਾਂ ਦਾ ਧਿਆਨ ਰੱਖਣ ਲਈ, 24 ਘੰਟੇ ਚੌਂਕੀਦਾਰ, ਚੌਂਕੀਦਾਰਨੀਆਂ ਤੇ ਇਕ ਨਰਸ ਨਿਯੁਕਤ ਕਰ ਦਿੱਤੀ ਗਈ ਸੀ।

ਇਹਨਾਂ ਵਿਸ਼ੇਸ਼ ਬੱਚਿਆਂ ਤੋਂ ਇਲਾਵਾ, ਕਮਲੇ ਜਿਹੇ ਪ੍ਰੌੜ੍ਹ ਤੇ ਜਵਾਨ ਮਰਦ ਤੇ ਔਰਤਾਂ ਵੀ ਸਨ। ਸੰਨ 2014 'ਚ ਇਹਨਾਂ ਦੀ ਗਿਣਤੀ 420 ਹੋ ਗਈ, ਪਰ ਇਹ ਗਿਣਤੀ ਲਗਾਤਾਰ ਵਧ ਰਹੀ ਸੀ। ਕਿਉਂਕਿ ਪਿੰਗਲਵਾੜਾ ਕਿਸੇ ਵੀ ਅਜਿਹੇ ਝੱਲੇ ਜਿਹੇ ਬੱਚੇ ਨੂੰ ਜਿਹੜਾ ਕਿ ਬੇਸਹਾਰਾ ਹੋਵੇ, ਉਸਨੂੰ ਦਾਖ਼ਲ ਕਰਨ ਤੋਂ ਇਨਕਾਰ ਨਹੀਂ ਸੀ ਕਰਦਾ, ਇਸ ਲਈ ਬਹੁਤ ਸਾਰੇ ਲੋਕ ਅਜਿਹੇ ਬੱਚਿਆਂ ਨੂੰ ਲੈ ਕੇ ਆਉਂਦੇ ਸਨ। ਕਈ ਵਾਰੀ ਉਹ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਆਉਂਦੇ ਸਨ। ਇਹੋ ਜਿਹੇ ਕੇਸਾਂ 'ਚ ਇੰਦਰਜੀਤ ਕੌਰ ਉਹਨਾਂ ਦੀ ਦੇਖਭਾਲ ਕਰਨ ਲਈ, ਉਹਨਾਂ ਦੇ ਇਹਨਾਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਕਹਿੰਦੀ, ਕਿਉਂਕਿ ਪਿੰਗਲਵਾੜਾ ਸਿਰਫ਼ ਬੇਸਹਾਰਾ ਲੋਕਾਂ ਦੇ ਲਈ ਸੀ। ਪਰ ਉਹ ਦੇਖਦੀ ਕਿ ਕਈ ਮਾਮਲਿਆਂ 'ਚ, ਏਨੇ ਸਾਰੇ ਨਜ਼ਦੀਕੀ ਰਿਸ਼ਤੇਦਾਰ ਵੀ ਉਹਨਾਂ ਦੀ ਦੇਖਭਾਲ ਕਰਨ ਲਈ ਤਿਆਰ ਨਹੀਂ ਸਨ। ਉਹ ਇਹ ਦੇਖ ਕੇ ਹੈਰਾਨ ਹੁੰਦੀ ਕਿ ਕਈ ਮਾਮਲਿਆਂ 'ਚ ਪਿਤਾ, ਆਪਣੇ ਪੁੱਤਰ ਜਾਂ ਫੇਰ ਕੋਈ ਪੁੱਤਰ ਆਪਣੇ ਪਿਤਾ ਦੀ ਦੇਖਭਾਲ





ਬਜ਼ੁਰਗ ਮਰੀਜ਼ ਦੀ ਦੇਖਭਾਲ ਕਰਦੇ ਹੋਏ ਡਾ. ਇੰਦਰਜੀਤ ਕੌਰ



ਡਾ. ਇੰਦਰਜੀਤ ਕੌਰ, ਸੋਹਣਾ ਮੋਹਣਾ ਦੇ ਨਾਲ ।

ਆਪਣੇ ਕੋਲ ਰੱਖ ਕੇ ਕਰਨ ਲਈ ਤਿਆਰ ਨਹੀਂ ਸੀ ਹੁੰਦਾ। ਇਹ ਉਸਨੂੰ ਬੜਾ ਅਜੀਬ ਲੱਗਦਾ। ਪਰ ਨਿਯਮਾਂ ਅਨੁਸਾਰ, ਉੱਥੇ ਸਿਰਫ਼ ਬੇਸਹਾਰਾ ਲੋਕਾਂ ਲਈ ਪ੍ਰਬੰਧ ਸੀ, ਨਹੀਂ ਤਾਂ ਸਭ ਲਈ ਪ੍ਰਬੰਧ ਕਰਨਾ ਉਸਦੇ ਵੱਸੋਂ ਬਾਹਰ ਦੀ ਗੱਲ ਸੀ। ਪਰ ਉਸਨੂੰ ਅਜਿਹੇ ਲੋਕਾਂ ਦੀ ਵਧਦੀ ਹੋਈ ਗਿਣਤੀ ਦਾ ਫ਼ਿਕਰ ਸੀ। ਉਹ ਲੋਕਾਂ ਨੂੰ ਅਜਿਹੀਆਂ ਸਮੱਸਿਆਵਾਂ ਦੇ ਕਾਰਨ ਤੇ ਉਹਨਾਂ ਦੇ ਸੰਭਵ ਇਲਾਜ ਦੱਸਣ ਲਈ ਕਈ ਸੈਮੀਨਾਰ ਕਰਵਾਉਂਦੀ। ਉਹ ਇਹਨਾਂ ਮਸਲਿਆਂ ਨਾਲ ਸੰਬੰਧਿਤ ਸਾਹਿਤ ਛਪਵਾਉਣ ਵੱਲ ਪੂਰਾ ਧਿਆਨ ਕਰਦੀ ਤੇ ਵੱਧ ਤੋਂ ਵੱਧ ਲੋਕਾਂ 'ਚ ਇਹ ਸਾਹਿਤ ਮੁਫ਼ਤ ਵੰਡਿਆ ਜਾਂਦਾ।

ਕਈ ਮਰੀਜ਼ਾਂ ਨੂੰ ਲਕਵਾ ਜਾਂ ਪੋਲੀਉ ਦੀ ਬਿਮਾਰੀ ਹੋ ਜਾਂਦੀ ਤੇ ਉਹਨਾਂ ਦੀ ਦੇਖਭਾਲ ਕਰਨ ਵਾਲਾ ਕੋਈ ਵੀ ਨੇੜਲਾ ਰਿਸ਼ਤੇਦਾਰ ਨਾ ਹੁੰਦਾ। ਉਹ ਪਿੰਗਲਵਾੜੇ ਪਹੁੰਚ ਜਾਂਦੇ ਤੇ ਇੰਦਰਜੀਤ ਕੌਰ ਉਹਨਾਂ ਨੂੰ ਦਾਖ਼ਲ ਕਰ ਲੈਂਦੀ। ਇਹਨਾਂ ਲੋਕਾਂ ਵਾਸਤੇ ਇਕ ਵੱਖਰੀ ਇਮਾਰਤ ਉਸਾਰੀ ਗਈ ਤੇ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਉਹਨਾਂ ਦੀ ਉੱਥੇ ਕੀਤੀ ਜਾਂਦੀ ਦੇਖਭਾਲ ਤੇ ਇਲਾਜ ਕਰਕੇ ਉਹ ਆਮ ਤੇ ਵਧੀਆ ਜ਼ਿੰਦਗੀ ਜਿਊ ਸਕਣ। ਇਹਨਾਂ 'ਚੋਂ ਕੁਝ ਵਿਅਕਤੀ ਵਧੀਆ ਜੀਵਨ ਜਿਊਣ ਲੱਗ ਪਏ ਤੇ ਕੁਝ, ਖ਼ਾਸ ਕਰਕੇ ਪੋਲੀਓ ਦੇ ਮਰੀਜ਼ਾਂ ਨੂੰ ਖ਼ਾਸ ਧੰਦਿਆਂ 'ਚ ਲਾ ਕੇ, ਉਹਨਾਂ ਦੇ ਮੁੜ-ਵਸੇਬੇ ਦਾ ਪ੍ਰਬੰਧ ਕੀਤਾ ਗਿਆ।

ਬੋਲੇ ਬੱਚਿਆਂ ਦੀ ਗਿਣਤੀ ਵੀ ਕਾਫ਼ੀ ਸੀ। ਭਾਵੇਂ ਉਹ ਹੁਸ਼ਿਆਰ ਸਨ, ਪਰ ਉਹ ਆਪਣੇ ਹਾਵ-ਭਾਵ ਪ੍ਰਗਟ ਨਹੀਂ ਸਨ ਕਰ ਸਕਦੇ। ਇਹ ਵੀ ਅਨੁਭਵ ਕੀਤਾ ਗਿਆ ਕਿ ਅੰਮ੍ਰਿਤਸਰ ਦੇ ਨੇੜੇ-ਤੇੜੇ ਅਜਿਹੇ ਕਾਫ਼ੀ ਬੱਚੇ ਸਨ, ਪਰ ਇਹਨਾਂ ਲਈ ਕਿਸੇ ਸਕੂਲ ਦਾ ਪ੍ਰਬੰਧ ਨਹੀਂ ਸੀ। ਡਾ. ਇੰਦਰਜੀਤ ਕੌਰ ਨੇ ਸੁਸਾਇਟੀ ਦੀ ਇਕ ਮੀਟਿੰਗ ਬੁਲਾਈ, ਇਕ ਮਤਾ ਪਾਸ ਕੀਤਾ ਤੇ ਬੋਲੇ ਬੱਚਿਆਂ ਦੇ ਲਈ ਇਕ ਸਕੂਲ ਸ਼ੁਰੂ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਫੇਰ ਹੁਣ, ਵੱਖਰੇ ਹੋਸਟਲ ਤੇ ਵਿਸ਼ੇਸ਼ ਸਿੱਖਿਅਤ ਸਟਾਫ਼ ਦੀ ਜ਼ਰੂਰਤ ਵੀ ਸੀ। ਉਸਨੇ ਸਟਾਫ਼ ਦਾ ਪ੍ਰਬੰਧ ਕੀਤਾ, ਹੋਸਟਲ ਦੀ ਇਮਾਰਤ ਦੀ ਉਸਾਰੀ ਕਰਾਉਣ ਦਾ ਕੰਮ ਸ਼ੁਰੂ ਕੀਤਾ ਤੇ ਇਹ ਸਾਰਾ ਕੰਮ ਸੰਨ 2007 ਦੇ ਅਖ਼ੀਰ 'ਚ ਖ਼ਤਮ ਹੋ ਗਿਆ ਤੇ ਸੰਨ 2008 ਵਿੱਚ ਸਕੂਲ ਦਾ ਕੰਮ-ਕਾਰ ਸ਼ੁਰੂ ਹੋ ਗਿਆ। ਉਸਨੇ ਨੇੜਲੇ ਇਲਾਕੇ ਦੇ ਕਿਸੇ ਬੱਚੇ ਨੂੰ ਦਾਖ਼ਲਾ ਦੇਣ ਤੋਂ ਇਨਕਾਰ ਨਹੀਂ ਕੀਤਾ। ਪੜ੍ਹਾਈ ਬਿਲਕੁਲ ਮੁਫ਼ਤ ਸੀ, ਬਲਕਿ ਪਿੰਗਲਵਾੜੇ ਵੱਲੋਂ



ਕਿਤਾਬਾਂ ਤੇ ਲਿਖਣ ਦਾ ਸਮਾਨ ਵੀ ਬੱਚਿਆਂ ਨੂੰ ਮੁਫ਼ਤ ਦਿੱਤਾ ਜਾਂਦਾ ਸੀ।

ਇਹ ਬੱਚੇ ਆਮ ਸਕੂਲਾਂ ਦੇ ਵਿਦਿਆਰਥੀਆਂ ਵਾਲਾ ਸਿਲੇਬਸ ਹੀ ਪੜ੍ਹਦੇ ਸਨ, ਕਿਉਂਕਿ ਉਹਨਾਂ ਨੇ ਮੈਟ੍ਰਿਕ ਤੇ ਹਾਈ ਸਕੂਲ ਦੀਆਂ ਹੋਰ ਪ੍ਰੀਖਿਆਵਾਂ ਵੀ ਪਾਸ ਕਰਨੀਆਂ ਹੁੰਦੀਆਂ ਸਨ।

**"ਆਲ ਇੰਡੀਆਂ ਕੌਂਸਲ ਆਫ਼ ਸਪੋਰਟਸ ਫ਼ਾਰ ਡੈੱਫ਼"** ਨਾਮ ਦੀ ਇਕ ਸੰਸਥਾ ਹੈ। ਇਹ ਸੰਸਥਾ ਹਰ ਸਾਲ ਵੱਖ-ਵੱਖ ਖੇਡਾਂ ਦੇ ਮੁਕਾਬਲੇ ਕਰਵਾਉਂਦੀ ਹੈ। ਇਹ ਸੰਸਥਾ ਬੱਚਿਆਂ ਨੂੰ ਅੰਤਰ-ਰਾਸ਼ਟਰੀ ਖੇਡਾਂ ਦੇ ਮੁਕਾਬਲਿਆਂ ਲਈ ਭੇਜਣ ਦਾ ਪ੍ਰਬੰਧ ਵੀ ਕਰਦੀ ਹੈ। ਡਾ. ਇੰਦਰਜੀਤ ਕੌਰ ਨੇ ਵੱਖ-ਵੱਖ ਖੇਡਾਂ ਖੇਡਣ ਦਾ ਇੰਤਜ਼ਾਮ ਕਰਵਾਉਣਾ ਸ਼ੁਰੂ ਕਰ ਦਿੱਤਾ। ਉਸਨੇ ਵੱਖ-ਵੱਖ ਗੇਮਾਂ ਦੇ ਮੁਕਾਬਲੇ ਕਰਾਉਣ ਦਾ ਪ੍ਰਬੰਧ ਕਰਵਾਇਆ ਅਤੇ ਟੀਮਾਂ ਨੂੰ ਹੋਰ ਉਚੇਰੇ ਲੈਵਲ ਦੇ ਮੁਕਾਬਲਿਆਂ 'ਚ ਭਾਗ ਲੈਣ ਵਾਸਤੇ ਭੇਜਿਆ ਜਾਣ ਲੱਗਾ। ਵਿਦਿਆਰਥੀ ਗੇਮਾਂ 'ਚ ਬਹੁਤ ਜ਼ਿਆਦਾ ਦਿਲਚਸਪੀ ਦਿਖਾਉਣ ਲੱਗੇ ਤੇ ਉਹ ਇਹਨਾਂ ਗੇਮਾਂ ਦੇ ਪ੍ਰਦਰਸ਼ਨ 'ਚ ਲਗਾਤਾਰ ਸੁਧਾਰ ਕਰਨ ਲੱਗੇ। ਇਹਨਾਂ ਵਿਦਿਆਰਥੀਆਂ ਦੇ ਨਤੀਜੇ ਬਹੁਤ ਵਧੀਆ ਆਉਣ ਲੱਗੇ।

ਪਿੰਗਲਵਾੜਾ ਸੁਸਾਇਟੀ ਨੇ ਇਕ ਸਕੂਲ ਕਾਦੀਆਂ ਦੇ ਨੇੜੇ ਬੁੱਟਰ ਪਿੰਡ 'ਚ ਸ਼ੁਰੂ ਕੀਤਾ। ਉੱਥੇ ਲੋਕਾਂ ਵੱਲੋਂ ਦਾਨ ਕੀਤਾ ਹੋਇਆ, ਜ਼ਮੀਨ ਦਾ ਇਕ ਸਾਂਝਾ ਟੁਕੜਾ ਸੀ ਤੇ ਉੱਥੋਂ ਦੇ ਲੋਕਾਂ 'ਚ ਉਸ ਥਾਂ 'ਤੇ ਦਿਹਾਤੀ ਲੋਕਾਂ ਨੂੰ ਵਧੀਆ ਵਿੱਦਿਆ ਦੇਣ ਲਈ ਸਕੂਲ ਖੋਲ੍ਹਣ ਲਈ ਬੜੀ ਇੱਛਾ ਸੀ। ਉੱਥੇ ਅਜਿਹੇ ਸਕੂਲ ਦੀ ਜ਼ਰੂਰਤ ਸੀ। ਇਸ ਲਈ ਉੱਥੇ ਸਕੂਲ ਖੋਲ੍ਹ ਦਿੱਤਾ ਗਿਆ, ਸਟਾਫ਼ ਭਰਤੀ ਕਰ ਲਿਆ ਗਿਆ ਤੇ ਸਟਾਫ਼ ਨੂੰ ਲੋਕਾਂ ਦੀ ਨਿਸ਼ਕਾਮ ਸੇਵਾ ਕਰਨ ਲਈ ਖ਼ਾਸ ਹਦਾਇਤਾਂ ਦਿੱਤੀਆਂ ਗਈਆਂ। ਇਸ ਸਕੂਲ 'ਚੋਂ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ, ਬਹੁਤ ਸਾਰੇ ਵਿਦਿਆਰਥੀ ਮੈਡੀਕਲ, ਨਰਸਿੰਗ ਤੇ ਹੋਰ ਪੇਸ਼ਾਵਰ ਕਾਲਜਾਂ 'ਚ ਦਾਖ਼ਲੇ ਲੈਣ ਲੱਗੇ। ਬਹੁਤ ਸਾਰੇ ਵਿਦਿਆਰਥੀ ਸਰਕਾਰੀ ਤੇ ਪ੍ਰਾਈਵੇਟ ਸੈਕਟਰ 'ਚ ਉੱਚੇ ਅਹੁਦਿਆਂ 'ਤੇ ਨੌਕਰੀ ਕਰਨ ਲੱਗੇ। ਡਾ. ਇੰਦਰਜੀਤ ਕੌਰ ਦੀ ਅਗਵਾਈ 'ਚ ਪਿੰਗਲਵਾੜਾ ਸੁਸਾਇਟੀ ਦੀ ਸੋਚ ਤੇ ਅਭਿਆਸ 'ਤੇ ਅਧਾਰਤ ਇਸ ਸਹੂਲਤ ਨੇ ਉਸ ਇਲਾਕੇ ਦੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ।

ਸੰਨ 2008, ਜਨਵਰੀ ਵਿੱਚ ਇੰਦਰਜੀਤ ਕੌਰ ਨੂੰ ਡਿਪਟੀ ਕਮਿਸ਼ਨਰ ਦੇ ਦਫ਼ਤਰੋਂ ਇਕ ਫ਼ੋਨ ਆਇਆ। ਉਹਨਾਂ ਨੇ ਇੰਦਰਜੀਤ ਕੌਰ ਦੀ "ਪਦਮ ਭੂਸ਼ਨ" ਦੇ ਅਵਾਰਡ ਲਈ ਚੋਣ ਹੋਣ ਲਈ ਉਹਨਾਂ ਨੂੰ ਵਧਾਈ ਦਿੱਤੀ। ਉਸਨੂੰ ਇਹ ਸੁਣ ਕੇ ਬੜੀ ਹੈਰਾਨੀ ਹੋਈ, ਕਿਉਂਕਿ ਉਸਨੇ ਕਦੀ ਅਜਿਹਾ ਸੋਚਿਆ ਹੀ ਨਹੀਂ ਸੀ। ਪਰ ਉਸਨੂੰ ਖ਼ੁਸ਼ੀ ਹੋਈ ਕਿ ਪਿੰਗਲਵਾੜਾ ਸੁਸਾਇਟੀ ਦੀਆਂ ਸੇਵਾਵਾਂ ਨੂੰ ਸਰਕਾਰ ਵੱਲੋਂ ਮਾਨਤਾ ਮਿਲਣ ਲੱਗੀ ਹੈ। ਇਸ ਤੋਂ ਉਸਨੂੰ ਇਹ ਪੱਕਾ ਵਿਸ਼ਵਾਸ ਹੋ ਗਿਆ ਕਿ ਸਮਾਜਿਕ ਸੁਰੱਖਿਆ, ਸਰਕਾਰ ਦੀ ਜ਼ਿੰਮੇਵਾਰੀ ਹੈ ਤੇ ਸਰਕਾਰ ਇਸ ਗੱਲ ਦਾ ਧਿਆਨ ਨਹੀਂ ਕਰ ਰਹੀ। ਅਗਲੇ ਦਿਨ, ਉਹਨਾਂ ਨੂੰ ਇਕ ਸਰਕਾਰੀ ਚਿੱਠੀ ਮਿਲੀ, ਜਿਸ 'ਚ ਇਸ ਖ਼ਬਰ ਦੀ ਪੁਸ਼ਟੀ ਕੀਤੀ ਗਈ ਸੀ। ਉਸਨੇ ਪਿੰਗਲਵਾੜਾ ਸੁਸਾਇਟੀ ਤੇ ਸਟਾਫ਼ ਮੈਂਬਰਾਂ ਦੀ ਮੀਟਿੰਗ ਬੁਲਾ ਲਈ ਤਾਂ ਕਿ ਇਸ ਖ਼ਬਰ ਬਾਰੇ ਉਹਨਾਂ ਨੂੰ ਦੱਸਿਆ ਜਾਵੇ। ਉਸਨੇ ਆਪ ਹੀ ਇਸ ਖ਼ਬਰ ਬਾਰੇ ਮੀਟਿੰਗ 'ਚ ਦੱਸਿਆ। ਫੇਰ, ਕਈ ਲੋਕਾਂ ਨੇ ਉੱਥੇ ਭਾਸ਼ਣ ਦਿੱਤੇ ਤੇ ਇੰਦਰਜੀਤ ਕੌਰ ਨੂੰ ਉਹਨਾਂ ਦੇ ਕੰਮ ਅਤੇ ਯੋਗਦਾਨ ਦੀ ਵਧਾਈ ਦਿੱਤੀ, ਜੋ ਉਸਨੇ ਬੇਸਹਾਰਾ ਲੋਕਾਂ ਵਾਸਤੇ ਕੀਤਾ ਸੀ ਅਤੇ ਇਹ ਕੰਮ ਸਾਰੀ ਦੁਨੀਆਂ ਲਈ ਇਕ ਉਦਾਹਰਣ ਬਣ ਗਿਆ ਹੈ। ਸਾਰੇ ਬੁਲਾਰਿਆਂ ਨੇ ਉਸਨੂੰ ਵਧਾਈ ਦਿੱਤੀ। ਅਖ਼ੀਰ 'ਚ ਬੀਬੀ ਇੰਦਰਜੀਤ ਕੌਰ ਮੀਟਿੰਗ ਨੂੰ ਸੰਬੋਧਨ ਕਰਨ ਲਈ ਖੜ੍ਹੀ ਹੋਈ ਤੇ ਉਸਨੇ ਪਿੰਗਲਵਾੜਾ ਸੰਸਥਾ ਨੂੰ ਅਜਿਹਾ ਸਨਮਾਨ ਮਿਲਣ ਲਈ ਉਸ ਸਰਵ-ਸ਼ਕਤੀਮਾਨ ਪਰਮਾਤਮਾ ਦਾ ਧੰਨਵਾਦ ਕੀਤਾ। ਉਸਨੇ ਕਿਹਾ ਕਿ ਇਹ ਸਨਮਾਨ ਉਸਦਾ ਨਹੀਂ, ਬਲਕਿ ਸਾਰੇ ਸਟਾਫ਼ ਮੈਂਬਰਾਂ ਤੇ ਸੁਸਾਇਟੀ ਦਾ ਹੈ, ਜਿਹਨਾਂ ਦੀਆਂ ਅਣਥੱਕ ਕੋਸ਼ਿਸ਼ਾਂ ਤੇ ਸਮਾਜ ਪ੍ਰਤੀ ਸੇਵਾਵਾਂ ਕਰਕੇ ਇਹ ਸੰਭਵ ਹੋ ਸਕਿਆ ਹੈ। ਇਹ ਸਨਮਾਨ ਭਗਤ ਪੂਰਨ ਸਿੰਘ ਜੀ ਦਾ ਹੈ, ਜਿਹਨਾਂ ਨੇ ਇਕ ਛੋਟਾ ਜਿਹਾ ਬੂਟਾ ਲਾਇਆ ਸੀ, ਜੋ ਕਿ ਹੁਣ ਇਕ ਵੱਡਾ ਦਰੱਖ਼ਤ ਬਣ ਚੁੱਕਾ ਹੈ ਤੇ ਜਿੱਥੇ ਪਰਮਾਤਮਾ ਨੇ ਉਹਨਾਂ ਨੂੰ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਬਖ਼ਸ਼ਿਆ ਹੈ। ਫੇਰ ਉਹਨਾਂ ਨੇ ਭਗਤ ਪੂਰਨ ਸਿੰਘ ਜੀ ਬਾਰੇ ਇਕ ਛੋਟੀ ਜਿਹੀ ਘਟਨਾ ਸੁਣਾਈ ਕਿ ਇਕ ਵਾਰੀ ਕਿਸੇ ਨੇ ਭਗਤ ਪੂਰਨ ਸਿੰਘ ਜੀ ਦੇ ਕੰਮ ਦੀ ਪ੍ਰਸ਼ੰਸਾ ਕਰਦੇ ਹੋਇਆਂ ਕਿਹਾ ਕਿ ਉਹਨਾਂ ਨੂੰ ਨੋਬਲ ਪੁਰਸਕਾਰ ਮਿਲਣਾ ਚਾਹੀਦਾ ਹੈ ਤਾਂ ਭਗਤ ਜੀ ਮੁੜੇ ਤੇ ਉਸਨੂੰ ਕਹਿਣ ਲੱਗੇ ਕਿ ਕੀ ਨੋਬਲ ਪੁਰਸਕਾਰ ਦਰਬਾਰ ਸਾਹਿਬ 'ਚ ਝਾੜੂ ਲਗਾਉਣ ਦੇ ਸਨਮਾਨ ਨਾਲੋਂ ਵੱਡਾ ਸਨਮਾਨ ਹੈ?



ਤਾਂ ਵੀ ਬੀਬੀ ਇੰਦਰਜੀਤ ਕੌਰ ਨੇ ਇਸ ਸਨਮਾਨ ਲਈ ਪਿੰਗਲਵਾੜੇ ਦੇ ਸਟਾਫ਼ ਤੇ ਮੈਂਬਰਾਂ ਨੂੰ ਵਧਾਈ ਦਿੱਤੀ।

ਨੇਤਰਹੀਣ ਮਰਦ ਤੇ ਔਰਤਾਂ ਨੂੰ ਜੀਵਨ 'ਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਅਜਿਹੇ ਕਈ ਲੋਕ ਆਪਣੇ ਨੇੜਲੇ ਰਿਸ਼ਤੇਦਾਰਾਂ ਨਾਲ ਉੱਥੇ ਆਉਂਦੇ ਸਨ। ਪਿੰਗਲਵਾੜਾ ਸੰਸਥਾ ਇਹਨਾਂ ਨਾਲ ਵਿਸ਼ੇਸ਼ ਹਮਦਰਦੀ ਰੱਖਦੀ ਸੀ। ਇਹਨਾਂ ਦੇ ਨਾਲ ਆਉਣ ਵਾਲਿਆਂ ਨੂੰ ਖ਼ਾਸ ਹਦਾਇਤਾਂ ਦਿੱਤੀਆਂ ਜਾਂਦੀਆਂ ਕਿ ਉਹ ਅਜਿਹੇ ਲੋਕਾਂ ਪ੍ਰਤੀ ਖ਼ਾਸ ਹਮਦਰਦੀ ਦਿਖਾਉਣ। ਉਹਨਾਂ ਦੀ ਦੇਖਭਾਲ ਲਈ ਉੱਥੇ ਖ਼ਾਸ ਸਹੂਲਤਾਂ ਦੀ ਜ਼ਰੂਰਤ ਸੀ। ਇਹਨਾਂ ਲੋਕਾਂ ਦੀ ਗਿਣਤੀ ਤਾਂ ਭਾਵੇਂ ਥੋੜ੍ਹੀ ਸੀ, ਪਰ ਉਹਨਾਂ ਦਾ ਬਹੁਤ ਧਿਆਨ ਰੱਖਿਆ ਜਾਂਦਾ ਸੀ ਤੇ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਸਨ ਕਿ ਉਹ ਕਿਸੇ ਨਾ ਕਿਸੇ ਕੰਮ 'ਚ ਰੁੱਝੇ ਰਹਿਣ ਤੇ ਚੰਗਾ ਮਹਿਸੂਸ ਕਰਨ ਅਤੇ ਹੋਰ ਲੋਕਾਂ ਵਾਂਗ ਉਹ ਵੀ ਆਪਣੇ ਆਪ ਨੂੰ ਇਸੇ ਸਮਾਜ ਦਾ ਹਿੱਸਾ ਸਮਝਣ। ਇਹ ਵੀ ਮਹਿਸੂਸ ਕੀਤਾ ਗਿਆ ਕਿ ਕਈ ਲੋਕਾਂ ਦੀ ਅੱਖਾਂ ਦੀ ਜੋਤ ਇਸ ਲਈ ਜਾਂਦੀ ਰਹੀ ਕਿ ਉਹਨਾਂ ਦਾ ਠੀਕ ਤਰ੍ਹਾਂ ਇਲਾਜ ਨਹੀਂ ਹੋ ਸਕਿਆ ਜਾਂ ਫੇਰ ਕਿਸੇ ਤਰ੍ਹਾਂ ਦੀ ਲਾਪਰਵਾਹੀ ਵਰਤੀ ਗਈ। ਸਾਰਾ ਸਮਾਜ ਹੀ, ਅਗਿਆਨਤਾ, ਅਨਪੜ੍ਹਤਾ, ਗ਼ਰੀਬੀ ਤੇ ਇਲਾਜ ਦੀ ਘਾਟ ਜਿਹੇ ਮੁੱਖ ਕਾਰਨਾਂ ਦਾ ਸਾਹਮਣਾ ਕਰ ਰਿਹਾ ਹੈ। ਇੰਦਰਜੀਤ ਕੌਰ ਨੇ ਕਿਸੇ ਵੀ ਨੇਤਰਹੀਣ ਵਿਅਕਤੀ ਨੂੰ ਕਦੀ ਇਨਕਾਰ ਨਹੀਂ ਕੀਤਾ। ਉਹਨਾਂ ਵਾਸਤੇ, ਦਵਾਈਆਂ, ਚੰਗੇ ਕੱਪੜਿਆਂ, ਬਿਸਤਰਿਆਂ ਅਤੇ ਉਹਨਾਂ ਦੀਆਂ ਸਹੂਲਤਾਂ ਲਈ ਹੋਰ ਚੀਜ਼ਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਉਹ ਆਪਣੀ-ਆਪਣੀ ਦਿਲਚਸਪੀ ਦੇ ਅਨੁਸਾਰ ਕੰਮਾਂ 'ਚ ਰੁੱਝੇ ਰਹਿੰਦੇ ਹਨ। ਸੰਨ 2014 'ਚ ਇਸ ਆਸ਼ਰਮ 'ਚ ਸਿਰਫ਼ 35 ਨੇਤਰਹੀਣ ਵਿਅਕਤੀ ਸਨ।

ਸਾਡੇ ਸਮਾਜ ਦੀ "ਬਾਲ-ਮਜ਼ਦੂਰੀ" ਇਕ ਵੱਡੀ ਸਮੱਸਿਆ ਹੈ। ਭਾਰਤ ਵਿੱਚ ਬਾਲ-ਮਜ਼ਦੂਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਕ ਰਿਪੋਰਟ ਦੇ ਅਨੁਸਾਰ ਅਜਿਹੇ 30 ਕਰੋੜ ਬੱਚੇ ਵੱਖ-ਵੱਖ ਤਰ੍ਹਾਂ ਦੀ ਮਜ਼ਦੂਰੀ ਦੇ ਕੰਮ 'ਚ ਲੱਗੇ ਹੋਏ ਹਨ। ਉਹਨਾਂ ਦੀ ਹਾਲਤ ਸਭ ਤੋਂ ਮਾੜੀ ਹੈ। ਇਹ ਬੱਚੇ ਆਪਣੀ ਖ਼ੁਸ਼ੀ ਨਾਲ ਕੰਮ ਨਹੀਂ ਕਰਦੇ। ਇਹਨਾਂ ਦੇ ਕੰਮ ਕਰਨ ਦਾ ਕਾਰਨ, ਇਹਨਾਂ ਦੇ ਮਾਪਿਆਂ ਦੀ ਗ਼ਰੀਬੀ ਹੈ। ਜਦੋਂ ਉਹਨਾਂ ਦਾ ਸਕੂਲ ਜਾਣ ਦਾ ਸਮਾਂ ਹੈ, ਉਹ ਕਦੀ ਕੋਈ ਤੇ ਕਦੀ ਕੋਈ ਕੰਮ ਕਰ ਰਹੇ ਹਨ। ਇਹਨਾਂ

'ਚੋਂ ਬਹੁਤ ਸਾਰੇ ਬੱਚੇ, ਸੂਰਜ ਚੜ੍ਹਨ ਤੋਂ ਕਾਫ਼ੀ ਦੇਰ ਪਹਿਲਾਂ ਕੰਮ 'ਤੇ ਜਾਂਦੇ ਹਨ ਤੇ ਸੂਰਜ ਛਿਪਣ ਤੋਂ ਬਾਅਦ, ਦੇਰ ਸ਼ਾਮ ਤਕ ਕੰਮ ਕਰਦੇ ਰਹਿੰਦੇ ਹਨ। ਕਈ ਬੱਚੇ ਆਪਣੇ ਕੰਮ ਵਾਲੀ ਥਾਂ 'ਤੇ ਹੀ ਰਹਿੰਦੇ ਹਨ। ਆਮ ਤੌਰ 'ਤੇ ਉਹ ਕਿਸੇ ਨੁੱਕਰ ਜਾਂ ਪੌੜੀਆਂ ਥੱਲੇ ਸੌਂਦੇ ਹਨ, ਜਿੱਥੇ ਕਿ ਗਰਮੀਆਂ, ਸਰਦੀਆਂ 'ਚ ਵਾਤਾਵਰਣ ਅਨੁਕੂਲ ਨਹੀਂ ਹੁੰਦਾ। ਇਹਨਾਂ ਬੱਚਿਆਂ ਨੂੰ ਕਈ ਵਾਰੀ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ ਤੇ ਕਈ ਵਾਰੀ ਕੁੱਟਿਆ ਮਾਰਿਆ ਵੀ ਜਾਂਦਾ ਹੈ; ਪਰ ਹੈਰਾਨੀ ਹੈ ਕਿ ਉਹ ਕਦੀ ਵੀ ਇਸ ਵਿਰੁੱਧ ਸ਼ਿਕਾਇਤ ਨਹੀਂ ਕਰਦੇ—ਤੇ ਜੇ ਕਦੀ ਉਹ ਕਰਦੇ ਵੀ ਹਨ ਤਾਂ ਉਹਨਾਂ ਦੇ ਮਾਪਿਆਂ ਦਾ ਵਿਹਾਰ, ਆਪਣੀਆਂ ਮਜਬੂਰੀਆਂ ਕਰਕੇ, ਇਹਨਾਂ ਬੱਚਿਆਂ ਪ੍ਰਤੀ ਹਮਦਰਦੀ ਭਰਿਆ ਨਹੀਂ ਹੁੰਦਾ।

ਇੰਦਰਜੀਤ ਕੌਰ ਨੇ ਮਹਿਸੂਸ ਕੀਤਾ ਕਿ ਆਮ ਸਮਾਜਿਕ ਜੀਵਨ 'ਚ ਭਾਰਤ ਇਕ ਅਲੱਗ ਕਿਸਮ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਪ੍ਰੌੜ੍ਹ ਲੋਕ ਬੇਰੁਜ਼ਗਾਰ ਹਨ, ਉਹਨਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ, ਪਰ ਬੱਚਿਆਂ ਨੂੰ ਅਰਾਮ ਨਾਲ ਨੌਕਰੀ ਮਿਲ ਰਹੀ ਹੈ। ਬੱਚੇ ਜ਼ਿਆਦਾ ਸਮੇਂ ਲਈ ਕੰਮ ਕਰਦੇ ਹਨ, ਪਰ ਉਹਨਾਂ ਨੂੰ ਤਨਖ਼ਾਹ ਉਸ ਹਿਸਾਬ ਨਾਲ ਬਹੁਤ ਘੱਟ ਦਿੱਤੀ ਜਾਂਦੀ ਹੈ। ਇਹ ਦੇਖਿਆ ਗਿਆ ਹੈ ਕਿ ਬਹੁਤ ਸਾਰੇ ਮਾਪਿਆਂ ਨੇ ਆਪਣੀ ਗ਼ਰੀਬੀ ਕਰਕੇ ਕਰਜ਼ਾ ਲਿਆ ਹੁੰਦਾ ਹੈ ਤੇ ਬੱਚੇ ਸਿਰਫ਼ ਉਸ ਕਰਜ਼ੇ ਦੀ ਰਕਮ ਦਾ ਵਿਆਜ ਮੋੜਨ ਖ਼ਾਤਰ ਹੀ ਕੰਮ ਕਰ ਰਹੇ ਹਨ। ਬਹੁਤ ਸਾਰੇ ਮਾਮਲਿਆਂ 'ਚ, ਬੱਚਿਆਂ ਨੂੰ ਪਤਾ ਹੀ ਨਹੀਂ ਕਿ ਉਹਨਾਂ ਦੇ ਕੰਮ ਬਦਲੇ, ਉਹਨਾਂ ਦੇ ਮਾਪੇ ਕਿੰਨੇ ਪੈਸੇ ਲੈ ਰਹੇ ਹਨ। ਮਾਪੇ ਆਪਣੇ ਬੱਚਿਆਂ ਨੂੰ ਭਰੇ ਹੋਏ ਮਨ ਨਾਲ ਸਵੇਰੇ-ਸਵੇਰੇ ਕੰਮ 'ਤੇ ਜਾਣ ਲਈ ਉਠਾਉਂਦੇ ਹਨ, ਪਰ ਉਹ ਮਜਬੂਰ ਹਨ।

ਅਜਿਹੇ ਬੱਚੇ ਸਕੂਲ ਨਹੀਂ ਜਾ ਸਕਦੇ, ਕਿਉਂਕਿ ਉਹਨਾਂ ਦੇ ਮਾਪੇ ਉਹਨਾਂ ਦੀ ਪੜ੍ਹਾਈ ਦਾ ਖ਼ਰਚਾ ਨਹੀਂ ਝੱਲ ਸਕਦੇ। ਪਿੰਗਲਵਾੜੇ ਦੀ ਪ੍ਰਬੰਧਕ ਕਮੇਟੀ ਨੇ ਇਸ ਬੁਰਾਈ ਨੂੰ ਮਹਿਸੂਸ ਕੀਤਾ ਅਤੇ ਇਸ ਬੁਰਾਈ ਨੂੰ ਕਿਸੇ ਹੱਦ ਤਕ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਪਿੰਗਲਵਾੜੇ ਨੇ ਮਾਨਾਂਵਾਲਾ ਵਾਲੀ ਇਮਾਰਤ 'ਚ ਇਕ ਸਕੂਲ ਸ਼ੁਰੂ ਕੀਤਾ। ਇਸ ਸਕੂਲ ਦਾ ਨਾਮ 'ਭਗਤ ਪੂਰਨ ਸਿੰਘ ਆਦਰਸ਼ ਸਕੂਲ' ਸੀ, ਜਿੱਥੇ ਸਿਰਫ਼ ਪਿੰਗਲਵਾੜੇ ਦੇ ਬੱਚੇ ਹੀ ਨਹੀਂ ਬਲਕਿ ਉਸ ਇਲਾਕੇ ਦੇ ਨੇੜੇ-ਤੇੜੇ ਦੇ ਕਿਸੇ ਵੀ ਗ਼ਰੀਬ ਪਰਿਵਾਰ ਦੇ



ਬੱਚੇ ਦਾਖ਼ਲ ਕੀਤੇ ਜਾਂਦੇ ਸਨ ਤੇ ਉਹਨਾਂ ਨੂੰ ਮੁਫ਼ਤ ਪੜ੍ਹਾਈ ਕਰਾਈ ਜਾਂਦੀ ਸੀ। ਦਰਅਸਲ, ਇਹ ਸਕੂਲ ਸੰਨ 1995 'ਚ ਝੁੱਗੀ ਝੌਂਪੜੀਆਂ ਦੇ ਬੱਚਿਆਂ ਲਈ ਖੋਲ੍ਹਿਆ ਗਿਆ ਸੀ, ਜਦੋਂ ਕਿ ਇਸ ਇਲਾਕੇ ਦੇ ਲੋਕਾਂ ਨੇ ਪਿੰਗਲਵਾੜੇ ਜਾ ਕੇ ਡਾ. ਇੰਦਰਜੀਤ ਕੌਰ ਨੂੰ ਭਗਤ ਪੂਰਨ ਸਿੰਘ ਦੀ ਬਰਸੀ ਦੀ ਸ਼ਾਮ ਨੂੰ ਆਪਣੇ ਇਲਾਕੇ 'ਚ ਕੁਝ ਦਰੱਖ਼ਤ ਲਾਉਣ ਲਈ ਸੱਦਾ ਦਿੱਤਾ ਸੀ। ਜਦੋਂ ਇੰਦਰਜੀਤ ਇਸ ਇਲਾਕੇ 'ਚ ਗਈ ਤਾਂ ਉਸਨੇ ਉੱਥੇ ਬੱਚਿਆਂ ਨੂੰ ਗੰਦੇ ਤੇ ਫਟੇ-ਪੁਰਾਣੇ ਕੱਪੜਿਆਂ 'ਚ ਖੇਡਦਿਆਂ ਦੇਖਿਆ। ਉਸਨੇ ਉੱਥੋਂ ਦੇ ਲੋਕਾਂ ਨੂੰ ਬੱਚਿਆਂ ਨੂੰ ਪੜ੍ਹਾਉਣ ਲਈ ਕਿਹਾ। ਉਸ ਇਲਾਕੇ 'ਚ ਇਕ ਵਿਅਕਤੀ ਸੀ, ਜਿਸਨੇ ਮੈਟ੍ਰਿਕ ਪਾਸ ਕੀਤੀ ਹੋਈ ਸੀ ਤੇ ਇਕ ਫ਼ੈਕਟਰੀ 'ਚ ਕੰਮ ਕਰਦਾ ਸੀ। ਡਾ. ਇੰਦਰਜੀਤ ਕੌਰ ਨੇ ਉਸ ਵਿਅਕਤੀ ਨੂੰ ਇਹਨਾਂ ਬੱਚਿਆਂ ਨੂੰ ਪੜ੍ਹਾਉਣ ਲਈ ਕਿਹਾ, ਜਿਸ ਲਈ ਉਸਨੂੰ ਫ਼ੈਕਟਰੀ 'ਚੋਂ ਮਿਲਦੀ ਤਨਖ਼ਾਹ ਨਾਲੋਂ ਦੁੱਗਣੀ ਤਨਖ਼ਾਹ ਦਿੱਤੀ ਜਾਏਗੀ। ਉਸਨੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਜਦੋਂ ਬੱਚਿਆਂ ਦੀ ਗਿਣਤੀ ਵਧ ਗਈ ਤਾਂ ਹੋਰ ਅਧਿਆਪਕ ਵੀ ਨਿਯੁਕਤ ਕਰ ਦਿੱਤੇ ਗਏ। ਫੇਰ ਸੰਨ 2001 ਵਿੱਚ ਇਸ ਸਕੂਲ ਨੂੰ ਬੰਦ ਕਰ ਦਿੱਤਾ ਗਿਆ। ਮਾਨਾਂਵਾਲਾ ਵਾਲੀ ਇਮਾਰਤ 'ਚ, ਇਕ ਹੋਰ ਇਮਾਰਤ ਦੀ ਉਸਾਰੀ ਕੀਤੀ ਗਈ। ਝੁੱਗੀ-ਝੌਂਪੜੀ ਤੇ ਨੇੜਲੇ ਇਲਾਕਿਆਂ 'ਚ ਰਹਿੰਦੇ ਬੱਚਿਆਂ ਨੂੰ ਸਕੂਲ ਪਹੁੰਚਾਉਣ ਲਈ ਬੱਸਾਂ ਖ਼ਰੀਦੀਆਂ ਗਈਆਂ। ਪੰਜ ਸਾਲਾਂ ਦੇ ਵਿੱਚ-ਵਿੱਚ ਇਹ ਸਕੂਲ ਹੋਰ ਸਕੂਲਾਂ ਲਈ ਮਾਡਲ ਬਣ ਗਿਆ । ਇੱਥੋਂ ਤਕ ਕਿ ਇਹ ਪਬਲਿਕ ਸਕੂਲਾਂ ਲਈ ਵੀ ਇਕ ਮਾਡਲ ਸਕੂਲ ਬਣ ਗਿਆ, ਜਿਹੜੇ ਕਿ ਹਜ਼ਾਰਾਂ ਰੁਪਏ ਫ਼ੀਸਾਂ ਦੇ ਰੂਪ ਵਿੱਚ ਲੋਕਾਂ ਕੋਲੋਂ ਵਸੂਲਦੇ ਹਨ। ਇਸ ਸਕੂਲ ਦੇ ਬੱਚੇ ਸਿਰਫ਼ ਪੜ੍ਹਾਈ ਵਿੱਚ ਹੀ ਨਹੀਂ, ਬਲਕਿ ਖੇਡਾਂ ਤੇ ਹੋਰ ਸੱਭਿਆਚਾਰਕ ਗਤੀਵਿਧੀਆਂ 'ਚ ਵੀ ਮੱਲਾਂ ਮਾਰਦੇ ਹਨ। ਪਿੰਗਲਵਾੜੇ ਦੀ ਪ੍ਰਬੰਧਕ ਕਮੇਟੀ ਇਸ ਸਕੂਲ ਦੀ ਤਰੱਕੀ ਵਿੱਚ ਖ਼ਾਸ ਦਿਲਚਸਪੀ ਰੱਖਦੀ ਹੈ।

ਕਈ ਵਾਰੀ ਕਈ ਲੋਕ ਉੱਥੇ ਨਵ-ਜੰਮੇ ਬੱਚੇ ਨੂੰ ਲੈ ਕੇ ਆ ਜਾਂਦੇ, ਤਾਂ ਕਿ ਪਿੰਗਲਵਾੜਾ ਸੰਸਥਾ ਉਸਨੂੰ ਗੋਦ ਲੈ ਲਏ। ਜਦੋਂ ਅਜਿਹੇ ਬੱਚੇ ਨੂੰ ਗੋਦ ਲਿਆ ਜਾਂਦਾ ਤਾਂ ਉਸ ਬਾਰੇ ਸਾਰੀ ਪੁੱਛ-ਗਿੱਛ ਜ਼ਰੂਰੀ ਹੁੰਦੀ ਸੀ ਤਾਂ ਕਿ ਅੱਗੇ ਜਾ ਕੇ ਕੋਈ ਕਾਨੂੰਨੀ ਅੜਚਨ ਨਾ ਪਵੇ। ਪਿੰਗਲਵਾੜਾ ਸੰਸਥਾ ਅਜਿਹੇ ਬੱਚੇ ਦੀ ਵਿੱਦਿਆ ਤੇ ਉਸਦੇ ਪੂਰੇ ਵਿਅਕਤੀਤਵ ਨੂੰ ਨਿਖਾਰਨ ਵਿੱਚ

ਵਿਸ਼ੇਸ਼ ਦਿਲਚਸਪੀ ਰੱਖਦੀ ਸੀ। ਇਹਨਾਂ ਬੱਚਿਆਂ ਵੱਲ ਬੜੇ ਪਿਆਰ ਨਾਲ ਧਿਆਨ ਦਿੱਤਾ ਜਾਂਦਾ ਸੀ, ਤਾਂ ਕਿ ਉਹ ਕਦੀ ਵੀ ਇਹ ਮਹਿਸੂਸ ਨਾ ਕਰਨ ਕਿ ਉਹਨਾਂ ਨੂੰ ਮਾਪਿਆ ਦਾ ਪਿਆਰ ਨਹੀਂ ਮਿਲਿਆ। ਇਹਨਾਂ ਲੜਕੇ-ਲੜਕੀਆਂ ਨੂੰ ਖ਼ਾਸ ਸਨਮਾਨ ਦਿੱਤਾ ਜਾਂਦਾ ਸੀ। ਅਨਾਥ ਬੱਚਿਆਂ ਨੂੰ ਇਸ ਆਸ਼ਰਮ 'ਚ ਪਰਿਵਾਰਕ ਮਾਹੌਲ ਮਿਲਦਾ ਸੀ। ਸੰਨ 2014 ਤਕ ਉੱਥੇ ਬੱਚਿਆਂ ਦੀ ਗਿਣਤੀ 100 ਤੋਂ ਗਈ ਸੀ।

ਡਾ. ਇੰਦਰਜੀਤ ਕੌਰ ਨੇ ਸਮਾਜ 'ਚ ਵਧ ਰਹੀ ਆਰਥਿਕ ਨਾ-ਬਰਾਬਰੀ ਦੀ ਸਮੱਸਿਆ ਦਾ ਅਧਿਐਨ ਕੀਤਾ। ਇਹ ਅਸਮਾਨਤਾ ਘਟਣ ਦੀ ਬਜਾਏ ਹੋਰ ਵਧ ਰਹੀ ਹੈ। ਗ਼ਰੀਬਾਂ ਦੀ ਸੰਖਿਆ ਲਗਾਤਾਰ ਵਧ ਰਹੀ ਹੈ। ਆਰਥਿਕ ਮਜਬੂਰੀਆਂ ਪਰਿਵਾਰਾਂ 'ਚ ਵਧ ਰਹੇ ਬੇਲੋੜੇ ਤੇ ਅਸਮਾਜਿਕ ਵਰਤਾਰੇ ਦਾ ਕਾਰਨ ਬਣ ਰਹੀਆਂ ਹਨ। ਬਹੁਤ ਸਾਰੇ ਪਰਿਵਾਰ, ਆਪਣੇ ਬੁੱਢੇ ਮਾਪਿਆਂ ਦੇ ਦਵਾਈਆਂ, ਕੱਪੜਿਆਂ ਤੇ ਹੋਰ ਜ਼ਰੂਰਤਾਂ ਦੇ ਖ਼ਰਚੇ ਨਹੀਂ ਝੱਲ ਸਕਦੇ। ਕੁਝ ਮਾਪੇ, ਆਪਣੇ ਬੱਚਿਆਂ ਦੀ ਬੇਰੁਖ਼ੀ ਕਰਕੇ ਕੁਝ ਬਿਰਧ-ਆਸ਼ਰਮਾਂ ਵਿੱਚ ਸ਼ਰਨ ਲੈਣ ਲਈ ਮਜਬੂਰ ਹੋ ਜਾਂਦੇ ਹਨ। ਇੰਦਰਜੀਤ ਕੌਰ ਦੇ ਧਿਆਨ 'ਚ ਇਹ ਗੱਲ ਵੀ ਆਈ ਕਿ ਕੁਝ ਲੋਕ ਉਸ ਕੋਲ ਸ਼ਰਨ ਲੈਣ ਲਈ ਇਸ ਕਰਕੇ ਆਉਂਦੇ ਹਨ ਕਿਉਂਕਿ ਉਹਨਾਂ ਦੇ ਬੱਚੇ ਉਹਨਾਂ ਦੀ ਦੇਖ-ਭਾਲ ਕਰਨ ਦੇ ਅਸਮਰੱਥ ਹਨ। ਦੂਜੇ ਪਾਸੇ, ਕੁਝ ਲੋਕ ਆਪਣਾ ਚੰਗਾ ਭਲਾ ਗੁਜ਼ਾਰਾ ਕਰ ਸਕਦੇ ਸਨ, ਪਰ ਉਹ ਉਸ ਕੋਲ ਇਸ ਲਈ ਆਉਂਦੇ ਸਨ ਕਿ ਉਹ ਆਪਣਾ ਖ਼ਰਚ ਆਪ ਹੀ ਕਰਨਗੇ, ਪਰ ਉਹਨਾਂ ਨੂੰ ਉੱਥੇ ਰਹਿਣ ਲਈ ਥਾਂ ਦੇ ਦਿੱਤੀ ਜਾਵੇ।

ਇੰਦਰਜੀਤ ਕੌਰ ਕੋਲ ਇਕ ਅਜਿਹਾ ਮਾਮਲਾ ਵੀ ਆਇਆ ਕਿ ਇਕ ਬਹੁਤ ਅਮੀਰ ਔਰਤ, ਜੋ ਕਿ ਕਿਸੇ ਹੋਸਟਲ ਦੀ ਵਾਰਡਨ ਦੀ ਨੌਕਰੀ ਤੋਂ ਬਾਅਦ ਰਿਟਾਇਰ ਹੋ ਗਈ ਸੀ, ਉਸਨੇ ਪਿੰਗਲਵਾੜੇ 'ਚ ਰਹਿਣ ਲਈ ਬੇਨਤੀ ਕੀਤੀ। ਉਸਦੀ ਬੇਨਤੀ ਸੀ ਕਿ ਉਸਦੇ ਬੱਚੇ ਹਨ ਤੇ ਉਸਦਾ ਪਤੀ ਫ਼ੌਜ 'ਚੋਂ ਅਫ਼ਸਰ ਰਿਟਾਇਰ ਹੋਇਆ ਸੀ, ਪਰ ਉਸਨੇ ਉਸਨੂੰ ਬਹੁਤ ਦੇਰ ਤੋਂ ਛੱਡ ਦਿੱਤਾ ਸੀ, ਕਿਉਂਕਿ ਉਹ ਹੋਰ ਔਰਤਾਂ ਕੋਲ ਜਾਂਦਾ ਸੀ। ਉਹ ਆਪਣੇ ਬੱਚਿਆਂ ਕੋਲ ਇਸ ਲਈ ਨਹੀਂ ਸੀ ਰਹਿਣਾ ਚਾਹੁੰਦੀ ਕਿਉਂਕਿ ਉਹ ਉਸਦੀ ਇੱਜ਼ਤ ਨਹੀਂ ਸਨ ਕਰਦੇ। ਉਹ ਕਈ ਬਿਮਾਰੀਆਂ ਨਾਲ ਪੀੜਤ ਸੀ ਅਤੇ ਉਸਨੂੰ ਵੇਲੇ-ਕੁਵੇਲੇ ਡਾਕਟਰ ਦੀ ਲੋੜ ਪੈਂਦੀ ਰਹਿੰਦੀ ਸੀ। ਉਹ ਆਪਣੇ



ਨਾਲ ਕਿਸੇ ਪ੍ਰੌੜ੍ਹ ਉਮਰ ਦੇ ਨੌਕਰ ਨੂੰ ਇਸ ਲਈ ਨਹੀਂ ਸੀ ਰੱਖਣਾ ਚਾਹੁੰਦੀ, ਕਿਉਂਕਿ ਉਸਨੂੰ ਡਰ ਸੀ ਕਿ ਕਿਤੇ ਉਹ ਉਸ ਨੂੰ ਮਾਰ ਕੇ ਭੱਜ ਹੀ ਨਾ ਜਾਏ। ਕੋਈ ਛੋਟਾ ਬੱਚਾ ਉਸਦੇ ਬਿਮਾਰ ਹੋਣ ਦੀ ਹਾਲਤ 'ਚ, ਉਸਦੀ ਸੇਵਾ ਨਹੀਂ ਸੀ ਕਰ ਸਕਦਾ। ਉਹ ਆਪਣੇ ਰਹਿਣ-ਸਹਿਣ ਦੇ ਖ਼ਰਚੇ ਆਪਣੇ ਕੋਲੋਂ ਕਰਨ ਨੂੰ ਤਿਆਰ ਸੀ। ਉਹ ਆਪਣੇ ਅਖ਼ੀਰੀ ਸਮੇਂ ਤਕ ਪਿੰਗਲਵਾੜੇ 'ਚ ਹੀ ਰਹੀ। ਥੋੜ੍ਹੇ ਸਮੇਂ ਲਈ, ਉਸਨੇ ਆਮ ਬੱਚਿਆਂ ਦੀ ਵਾਰਡਨ ਦੇ ਤੌਰ 'ਤੇ ਕੰਮ ਵੀ ਕੀਤਾ।

ਪਿੰਗਲਵਾੜਾ ਸੁਸਾਇਟੀ ਦੀ ਮੀਟਿੰਗ 'ਚ ਇਹ ਪ੍ਰਸਤਾਵ ਰੱਖਿਆ ਗਿਆ ਕਿ ਬਜ਼ੁਰਗਾਂ ਦੀਆਂ ਸਮੱਸਿਆਵਾਂ ਬਹੁਤ ਤੇਜ਼ੀ ਨਾਲ ਵਧ ਰਹੀਆਂ ਹਨ ਤੇ ਅਜਿਹੇ ਲੋਕਾਂ ਲਈ ਇਕ ਬਿਰਧ ਘਰ ਖੋਲ੍ਹਣਾ ਸਮਾਜ ਦੇ ਭਲੇ ਲਈ ਠੀਕ ਹੋਏਗਾ। ਇਹ ਪ੍ਰਸਤਾਵ ਸੁਸਾਇਟੀ ਵੱਲੋਂ ਪਾਸ ਹੋ ਗਿਆ। ਪਿੰਗਲਵਾੜੇ ਦੇ ਕੈਂਪਸ ਵਿੱਚ ਬਿਰਧ ਘਰ ਦੀ ਉਸਾਰੀ ਕਰ ਦਿੱਤੀ ਗਈ। ਉੱਥੇ ਸਾਰੀਆਂ ਜ਼ਰੂਰਤ ਦੀਆਂ ਚੀਜ਼ਾਂ ਤੇ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ। ਬਿਰਧ-ਘਰ ਵਿੱਚ ਟੀ.ਵੀ., ਗੇਮਾਂ, ਅਖ਼ਬਾਰਾਂ ਤੇ ਸੰਤੁਲਿਤ ਭੋਜਨ ਦਾ ਪ੍ਰਬੰਧ ਕੀਤਾ ਗਿਆ।

ਇਹ ਵੀ ਮਹਿਸੂਸ ਕੀਤਾ ਗਿਆ ਕਿ ਬਹੁਤ ਸਾਰੇ ਲੋਕ ਅਪਾਹਜ ਹੋ ਜਾਂਦੇ ਹਨ, ਕਿਸੇ ਦੀ ਲੱਤ, ਹੱਥ, ਪੈਰ ਜਾਂ ਬਾਂਹ ਕਿਸੇ ਕਾਰਨ ਟੁੱਟ ਜਾਂਦੀ ਸੀ। ਇਸ ਲਈ ਉਹਨਾਂ ਨੂੰ ਬਨਾਉਟੀ ਅੰਗ ਲਵਾਉਣ ਦੀ ਜ਼ਰੂਰਤ ਪੈਂਦੀ ਸੀ, ਪਰ ਪੈਸੇ ਦੀ ਘਾਟ ਕਰਕੇ, ਉਹ ਇਸ ਤਰ੍ਹਾਂ ਕਰਨ 'ਚ ਅਸਮਰੱਥ ਸਨ। ਇੰਦਰਜੀਤ ਕੌਰ ਨੇ ਬਨਾਉਟੀ ਅੰਗਾਂ ਬਾਰੇ ਇਕ ਡਾਕੂਮੈਂਟਰੀ ਫ਼ਿਲਮ ਦੇਖੀ ਅਤੇ ਉਹ ਦੇਖ ਕੇ ਬੜੀ ਪ੍ਰਭਾਵਿਤ ਹੋਈ ਕਿ ਲੋਕ ਬਨਾਉਟੀ ਅੰਗ ਲਗਵਾ ਕੇ ਹਰ ਤਰ੍ਹਾਂ ਦਾ ਕੰਮ ਆਪਣੇ ਆਪ ਹੀ ਕਰ ਸਕਦੇ ਸਨ। ਉਹਨਾਂ ਨੂੰ ਇਹ ਵੀ ਪਤਾ ਲੱਗਾ ਕਿ ਅਜਿਹੇ ਅੰਗ ਬਨਾਉਣ ਤੇ ਲਗਾਉਣ ਦੇ ਸਿਰਫ਼ ਦੋ ਹੀ ਕੇਂਦਰ ਹਨ, ਜਿਹਨਾਂ 'ਚੋਂ ਇਕ ਜੈਪੁਰ ਵਿੱਚ ਸੀ। ਇਹ ਕੇਂਦਰ ਬੜੀ-ਬੜੀ ਦੂਰ ਸਨ ਤੇ ਮਰੀਜ਼ਾਂ ਨੂੰ ਉੱਥੇ ਪਹੁੰਚਣ ਲਈ ਕਾਫ਼ੀ ਖ਼ਰਚ ਕਰਨਾ ਪੈਂਦਾ ਸੀ। ਉਸਨੇ ਪਿੰਗਲਵਾੜਾ 'ਚ ਹੀ ਬਨਾਉਟੀ ਅੰਗ ਬਨਾਉਣ ਤੇ ਲਗਾਉਣ ਦਾ ਪ੍ਰਸਤਾਵ ਰੱਖਿਆ। ਸੰਨ 2002 ਵਿੱਚ ਇਕ ਜਰਮਨ ਐਂਬੈਸੀ ਦਾ ਸੀਨੀਅਰ ਅਫ਼ਸਰ ਅੰਮ੍ਰਿਤਸਰ ਆਇਆ ਤੇ ਉਸਨੇ ਪਿੰਗਲਵਾੜਾ ਵੇਖਣ ਦੀ ਖ਼ਾਹਸ਼ ਪ੍ਰਗਟ ਕੀਤੀ।

ਜਦੋਂ ਉਸਨੇ ਪਿੰਗਲਵਾੜੇ ਦੇ ਅਲੱਗ-ਅਲੱਗ ਵਾਰਡਾਂ ਦਾ ਦੌਰਾ ਕੀਤਾ, ਤਾਂ ਉਹ ਇਹ ਆਸ਼ਰਮ ਵੱਲੋਂ ਏਨਾ ਮਹਾਨ ਸਮਾਜਿਕ ਕੰਮ ਕੀਤੇ ਜਾਣ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸਨੇ ਜਰਮਨ ਐਂਬੈਸੀ ਵੱਲੋਂ ਇਸ ਕੰਮ 'ਚ ਕੁਝ ਯੋਗਦਾਨ ਪਾਉਣ 'ਚ ਦਿਲਚਸਪੀ ਦਿਖਾਈ। ਇਸ ਮਾਮਲੇ 'ਤੇ ਗੱਲਬਾਤ ਕਰਦਿਆਂ ਹੋਇਆਂ ਉਸਨੇ ਬਨਾਉਟੀ ਅੰਗ ਕੇਂਦਰ ਦੇ ਬਾਰੇ ਇਕ ਰਿਪੋਰਟ ਤਿਆਰ ਕਰਨ ਲਈ ਕਿਹਾ। ਇਹ ਰਿਪੋਰਟ ਉਸਨੂੰ ਭੇਜ ਦਿੱਤੀ ਗਈ ਤੇ ਕੁਝ ਚਿੱਠੀ-ਪੱਤਰੀ ਕਰਨ ਤੋਂ ਬਾਅਦ, ਜਰਮਨ ਐਂਬੈਸੀ ਨੇ ਲਗਭਗ ਤਿੰਨ ਲੱਖ ਰੁਪਏ ਇਸ ਕੇਂਦਰ ਲਈ ਭੇਜ ਦਿੱਤੇ। ਭਾਵੇਂ ਇਹ ਰਕਮ ਉਸ ਕੇਂਦਰ ਲਈ ਬਹੁਤ ਥੋੜ੍ਹੀ ਸੀ, ਕਿਉਂਕਿ ਇਸ ਕੰਮ ਲਈ ਤਾਂ ਕਰੋੜਾਂ ਰੁਪਏ ਚਾਹੀਦੇ ਸਨ, ਪਰ ਤਾਂ ਵੀ ਇਸ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਗਈ। ਇਸ ਕੇਂਦਰ ਦਾ ਉਦਘਾਟਨ ਕਰਨ ਲਈ ਜਰਮਨ ਦੇ ਰਾਜਦੂਤ ਨੂੰ ਬੁਲਾਇਆ ਗਿਆ। ਐਂਬੈਸੀ ਦੇ ਅਧਿਕਾਰੀ Mr. Kindelien ਮਾਰਚ 2003 ਵਿੱਚ ਇਸ ਕੇਂਦਰ ਦਾ ਉਦਘਾਟਨ ਕਰਨ ਲਈ ਆਏ। ਮੈਨੂੰ ਉਹਨਾਂ ਨਾਲ ਸੰਪਰਕ ਕਰਨ ਨੂੰ ਕਿਹਾ ਗਿਆ। ਮੈਂ ਉਹਨਾਂ ਦੀ ਸਾਦਗੀ ਤੋਂ ਬਹੁਤ ਪ੍ਰਭਾਵਿਤ ਹੋਇਆ, ਜਦੋਂ ਉਹਨਾਂ ਮੈਨੂੰ ਦੱਸਿਆ ਕਿ ਉਹ ਸ਼ਤਾਬਦੀ ਗੱਡੀ ਰਾਹੀਂ ਦਿੱਲੀ ਤੋਂ ਆਉਣਗੇ ਤੇ ਲਗਭਗ ਅੰਮ੍ਰਿਤਸਰ ਡੇਢ ਕੁ ਵਜੇ ਦੁਪਹਿਰੇ ਪਹੁੰਚਣਗੇ ਤੇ ਫੇਰ ਉਹ ਪਿੰਗਲਵਾੜੇ ਜਾਣਗੇ। ਮੈਂ ਰੇਲਵੇ ਸਟੇਸ਼ਨ ਜਾ ਕੇ ਉਹਨਾਂ ਦਾ ਉੱਥੇ ਪਹੁੰਚਣ 'ਤੇ ਸੁਆਗਤ ਕੀਤਾ ਤੇ ਬਨਾਉਟੀ ਅੰਗ ਕੇਂਦਰ ਵੱਲ ਲਿਜਾਣ ਲਈ ਉਹਨਾਂ ਦੀ ਅਗਵਾਈ ਕੀਤੀ। ਉਹ ਡਾ. ਇੰਦਰਜੀਤ ਕੌਰ ਨੂੰ ਮਿਲੇ ਤੇ ਉਹਨਾਂ ਦੀਆਂ ਕੋਸ਼ਿਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਬਹੁਤ ਸਾਰੇ ਲੋਕਾਂ ਦੇ ਸਾਹਮਣੇ ਇਸ ਕੇਂਦਰ ਦਾ ਉਦਘਾਟਨ ਕੀਤਾ ਤੇ ਪਿੰਗਲਵਾੜੇ ਦੇ ਇਸ ਕੰਮ ਦੀ ਸ਼ਲਾਘਾ ਕੀਤੀ। ਉਹ ਉਸੇ ਦਿਨ ਹੀ ਸ਼ਾਮ ਨੂੰ ਸ਼ਤਾਬਦੀ ਗੱਡੀ ਰਾਹੀਂ ਵਾਪਸ ਚਲੇ ਗਏ।

ਇਸ ਆਸ਼ਰਮ 'ਚ ਜਿਹੜੇ ਮਰੀਜ਼ ਆਪਣੇ ਸਹਾਇਕਾਂ ਨਾਲ ਆਉਂਦੇ ਹਨ, ਉਹਨਾਂ ਦੀਆਂ ਦਵਾਈਆਂ ਤੇ ਭੋਜਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਉਹਨਾਂ ਨੂੰ ਉੱਥੇ ਰਹਿਣ ਲਈ ਸਹੂਲਤ ਦਿੱਤੀ ਜਾਂਦੀ ਹੈ ਤੇ ਉਹਨਾਂ ਨੂੰ ਬਨਾਉਟੀ ਅੰਗ, ਬਿਨਾਂ ਕਿਸੇ ਪੈਸੇ ਦੇ ਲਗਾਏ ਜਾਂਦੇ ਹਨ। ਸੰਨ 2014 ਤਕ ਲਗਭਗ 8000 ਮਰੀਜ਼ਾਂ ਨੂੰ ਇਸ ਸਹੂਲਤ ਦਾ ਫ਼ਾਇਦਾ ਮਿਲ ਚੁੱਕਾ ਹੈ। ਇਹ ਮਰੀਜ਼ ਸਿਰਫ਼ ਪੰਜਾਬ ਤੋਂ ਹੀ ਨਹੀਂ ਆਉਂਦੇ, ਬਲਕਿ ਭਾਰਤ ਦੇ ਹੋਰ



ਰਾਜਾਂ ਤੋਂ ਵੀ ਆਉਂਦੇ ਹਨ। ਇਹ ਸੇਵਾ ਦੁਨੀਆਂ ਲਈ ਇਕ ਆਦਰਸ਼ ਹੈ, ਜਿੱਥੇ ਕੋਈ ਵੀ ਬਗੈਰ ਸਮਾਂ ਲੈਣ ਤੋਂ ਆ ਸਕਦਾ ਹੈ।

ਕਿਸੇ ਵੀ ਵਿਅਕਤੀ ਦੇ ਲਈ ਪੁਨਰਵਾਸ, ਉਸਦੀ ਸਮਾਜਿਕ ਜ਼ਿੰਦਗੀ ਵਾਸਤੇ ਇਕ ਸਭ ਤੋਂ ਮਹੱਤਵਪੂਰਨ ਗੱਲ ਹੈ। ਪਿੰਗਲਵਾੜਾ ਵੱਲੋਂ ਇਹ ਮਹਿਸੂਸ ਕੀਤਾ ਗਿਆ, ਮੁੜ-ਵਸੇਬੇ ਦੇ ਕੰਮ ਤੋਂ ਬਿਨਾਂ ਪਿੰਗਲਵਾੜੇ ਦਾ ਕੰਮ ਅਧੂਰਾ ਹੈ। ਅਜਿਹੇ ਲੋਕਾਂ 'ਚ, ਵਿਧਵਾਵਾਂ, ਅਨਾਥ-ਬੱਚੇ, ਨਸ਼ੱਈ ਤੇ ਗੰਭੀਰ ਬਿਮਾਰੀਆਂ ਤੋਂ ਪੀੜਤ ਵਿਅਕਤੀ ਆਦਿ ਆਉਂਦੇ ਹਨ। ਇਹਨਾਂ ਲੋਕਾਂ ਦਾ ਮੁੜ-ਵਸੇਬਾ ਜ਼ਰੂਰੀ ਹੈ। ਵਿਧਵਾਵਾਂ, ਪ੍ਰੌੜ੍ਹ ਲੜਕਿਆਂ ਤੇ ਹੋਰ ਜਵਾਨ ਲੋਕ, ਜਿਹੜੇ ਕਿ ਬਿਮਾਰੀਆਂ ਤੋਂ ਰਾਜ਼ੀ ਹੋ ਰਹੇ ਹਨ, ਉਹਨਾਂ ਲਈ ਕੰਮ ਲੱਭਣ ਦੀ ਜ਼ਰੂਰਤ ਹੈ। ਅਲੱਗ-ਅਲੱਗ ਲੋਕਾਂ ਲਈ ਵੱਖਰੇ-ਵੱਖਰੇ ਕੰਮ ਹੋਣੇ ਚਾਹੀਦੇ ਹਨ। ਇਹਨਾਂ ਕੰਮਾਂ ਲਈ, ਲੋਕਾਂ ਨੂੰ ਸਿੱਖਿਅਤ ਕਰਨਾ ਜ਼ਰੂਰੀ ਹੈ ਤੇ ਹਰ ਵਿਅਕਤੀ ਨੂੰ ਉਸਦੇ ਸਿੱਖੇ ਹੋਏ ਪੇਸ਼ੇ 'ਚ ਕੰਮ ਮਿਲਣਾ ਚਾਹੀਦਾ ਹੈ।

ਵਿਧਵਾਵਾਂ ਲਈ, ਕੱਪੜੇ ਸਿਊਣ, ਬੁਣਨ ਤੇ ਕਢਾਈ ਕਰਨ ਦੇ ਕੰਮਾਂ ਦਾ ਪ੍ਰਬੰਧ ਇਸ ਸੈਂਟਰ 'ਚ ਕੀਤਾ ਗਿਆ ਹੈ। ਉਹਨਾਂ ਨੂੰ ਉਹਨਾਂ ਦੇ ਕੰਮਾਂ 'ਚ ਪੂਰੀ ਤਰ੍ਹਾਂ ਸਿੱਖਿਅਤ ਕੀਤਾ ਜਾਂਦਾ ਹੈ, ਤਾਂ ਕਿ ਅੱਜ ਦੇ ਮੁਕਾਬਲੇ ਦੇ ਯੁੱਗ ਦਾ ਉਹ ਸਾਹਮਣਾ ਕਰ ਸਕਣ । ਹੋਰ ਵੀ ਕਈ ਕੰਮ, ਜਿਵੇਂ ਆਚਾਰ, ਜੈਮ ਤੇ ਮੁਰੱਬੇ ਆਦਿ ਬਨਾਉਣ ਦਾ ਕੰਮ ਵੀ ਇੱਥੇ ਸਿਖਾਇਆ ਜਾਂਦਾ ਹੈ, ਕਿਉਂਕਿ ਇਹਨਾਂ ਕੰਮਾਂ ਦੀ ਬਾਜ਼ਾਰ 'ਚ ਮੰਗ ਹੈ। ਇਸ ਸੈਂਟਰ 'ਚ, ਸਿਖਲਾਈ ਦਿੱਤੀ ਜਾਂਦੀ ਹੈ, ਸਮਾਨ ਦਿੱਤਾ ਜਾਂਦਾ ਹੈ ਤੇ ਲੋਕਾਂ ਨੂੰ ਇਹਨਾਂ ਕੰਮਾਂ ਅਨੁਸਾਰ ਰੁਜ਼ਗਾਰ ਮਿਲ ਜਾਂਦਾ ਹੈ ਤੇ ਇਹ ਲੋਕ ਆਪਣੇ ਪੁਨਰਵਾਸ ਲਈ, ਇਸ ਰੁਜ਼ਗਾਰ ਨੂੰ ਪੇਸ਼ੇ ਵੱਜੋਂ ਅਪਣਾ ਲੈਂਦੇ ਹਨ।

ਪਿੰਗਲਵਾੜਾ, ਆਪ ਕਿਸੇ ਵੀ ਵਪਾਰਕ ਸੰਗਠਨ 'ਚ ਸ਼ਾਮਲ ਨਹੀਂ ਹੈ। ਪਿੰਗਲਵਾੜੇ ਦੇ ਕੰਮਾਂ ਦਾ ਉਦੇਸ਼, ਕਮਾਈ ਕਰਨਾ ਜਾਂ ਲਾਭ ਪ੍ਰਾਪਤ ਕਰਨਾ ਨਹੀਂ ਹੈ। ਪਿੰਗਲਵਾੜੇ ਦਾ ਉਦੇਸ਼ ਸਿਰਫ਼ ਲੋਕਾਂ ਦੀ ਭਲਾਈ ਲਈ ਕੰਮ ਕਰਨਾ ਹੈ। ਵਿਧਵਾਵਾਂ ਤੇ ਜਵਾਨ ਲੋਕਾਂ ਦੀ ਸਿਖਲਾਈ ਦਾ ਸਿਰਫ਼ ਇਹੋ ਮੰਤਵ ਸੀ ਕਿ ਉਹ ਚੰਗੀ ਜ਼ਿੰਦਗੀ ਜਿਊਣ ਲਈ ਚੰਗੀ ਕਮਾਈ ਕਰ ਸਕਣ। ਸੰਨ 2014 ਤਕ 4000 ਤੋਂ ਜ਼ਿਆਦਾ ਔਰਤਾਂ ਨੂੰ ਵੱਖ-ਵੱਖ ਕੰਮਾਂ ਲਈ

ਸਿਖਲਾਈ ਦਿੱਤੀ ਗਈ ਸੀ ਤੇ ਉਹ ਵਧੀਆ ਕਮਾਈ ਕਰਨ ਲੱਗ ਪਈਆਂ ਤੇ ਆਪਣੇ ਪਰਿਵਾਰਾਂ ਦੇ ਰਹਿਣ-ਸਹਿਣ ਨੂੰ ਵਧੀਆ ਮਿਆਰ ਦੇਣ ਦੇ ਯੋਗ ਹੋ ਗਈਆਂ। ਪਿੰਗਲਵਾੜੇ ਦੇ ਰੱਖਿਅਕ ਇਹ ਦੇਖ ਕੇ ਬੜੇ ਖ਼ੁਸ਼ ਹੁੰਦੇ ਹਨ ਕਿ ਇਸ ਸੰਸਥਾ ਦੀਆਂ ਕੋਸ਼ਿਸ਼ਾਂ ਨਾਲ ਲੋਕ ਪੁਨਰਵਾਸ ਦੇ ਕਾਬਲ ਹੋ ਜਾਂਦੇ ਹਨ।

ਕਿਸੇ ਨਸ਼ੱਈ ਬੰਦੇ ਦੇ ਮਨ 'ਚ ਇਹ ਭਾਵਨਾ ਪੈਦਾ ਕਰਨੀ ਬਹੁਤ ਜ਼ਰੂਰੀ ਹੈ ਕਿ ਉਹ ਵੀ ਇਸ ਸਮਾਜ ਦਾ ਉਪਯੋਗੀ ਹਿੱਸਾ ਹੈ। ਜਦੋਂ ਕਿਸੇ ਕੰਮ 'ਚ ਯੋਗਤਾ ਪ੍ਰਾਪਤ ਕਰਕੇ, ਉਹ ਨੌਕਰੀ ਕਰਦਾ ਹੈ, ਤਾਂ ਉਸਨੂੰ ਕਮਾਈ ਹੋਣ ਲੱਗਦੀ ਹੈ ਅਤੇ ਫੇਰ ਉਹ ਜ਼ਿੰਮੇਵਾਰ ਵਿਅਕਤੀ ਬਣ ਜਾਂਦਾ ਹੈ। ਉਹ ਉਸ ਰਾਹ 'ਤੇ ਤੁਰਨ ਲਈ ਪ੍ਰੇਰਿਆ ਜਾਂਦਾ ਹੈ, ਜਿਹੜਾ ਉਸਨੂੰ ਸਨਮਾਨਿਤ ਜੀਵਨ ਬਿਤਾਉਣ ਵੱਲ ਲੈ ਤੁਰਦਾ ਹੈ। ਪਿੰਗਲਵਾੜਾ ਸੁਸਾਇਟੀ ਦਾ ਇਹ ਬੜਾ ਸਮਝਦਾਰੀ ਵਾਲਾ ਫ਼ੈਸਲਾ ਸੀ ਕਿ ਉਹਨਾਂ ਨੇ ਲੋਕਾਂ ਦੇ ਪੁਨਰਵਾਸ ਵਾਲਾ ਫ਼ੈਸਲਾ ਲਿਆ, ਨਹੀਂ ਤਾਂ ਲੋਕ-ਭਲਾਈ ਦਾ ਕੰਮ ਅਧੂਰਾ ਹੀ ਰਹਿ ਜਾਣਾ ਸੀ।

ਭਾਵੇਂ ਭਗਤ ਜੀ ਦੇ ਸ਼ੁਰੂਆਤੀ ਕੰਮ ਨੂੰ ਸਰਕਾਰ ਨੇ ਤੇ ਕਿਸੇ ਹੋਰ ਨੇ ਵੀ ਮਾਨਤਾ ਨਹੀਂ ਸੀ ਦਿੱਤੀ, ਪਰ ਉਹ ਤਾਂ ਵੀ ਆਪਣੇ ਲੈਵਲ 'ਤੇ, ਆਪਣੀ ਮਿਹਨਤ ਨਾਲ, ਕਈ ਸਮੱਸਿਆਵਾਂ ਦਾ ਸਾਹਮਣਾ ਕਰਦੇ ਰਹੇ ਤੇ ਉਹ ਇਹ ਕੰਮ ਜਾਰੀ ਰੱਖਣ ਲਈ ਦ੍ਰਿੜ੍ਹ ਸਨ। ਸੰਨ 1960 ਤੋਂ ਬਾਅਦ, ਬਹੁਤ ਸਾਰੇ ਸਰਕਾਰੀ ਅਧਿਕਾਰੀਆਂ ਤੇ ਰਾਜਨੀਤਕ ਨੇਤਾਵਾਂ ਨੇ ਪਿੰਗਲਵਾੜੇ ਸੰਸਥਾ ਨੂੰ ਆ ਕੇ ਵੇਖਣਾ ਸ਼ੁਰੂ ਕੀਤਾ, ਜਿਵੇਂ ਰਾਸ਼ਟਰਪਤੀ, ਪ੍ਰਧਾਨ-ਮੰਤਰੀ, ਮੁੱਖ ਮੰਤਰੀ, ਹੋਰ ਮੰਤਰੀ, ਭਾਰਤ ਤੇ ਦੂਜੇ ਦੇਸ਼ਾਂ ਦੇ ਸੰਸਦ ਮੈਂਬਰ ਤੇ ਦੂਜੇ ਦੇਸ਼ਾਂ ਦੇ ਰਾਜਦੂਤ ਆਦਿ। ਇੰਦਰਜੀਤ ਕੌਰ ਨਾਲ ਬਹੁਤ ਸਾਰੇ ਲੋਕ ਸੰਪਰਕ ਕਰਦੇ ਸਨ ਅਤੇ ਆਸ਼ਰਮ ਵੱਲੋਂ ਉਹਨਾਂ ਦਾ ਸੁਆਗਤ ਤੇ ਇੱਜ਼ਤ ਕੀਤੀ ਜਾਂਦੀ ਸੀ, ਪਰ ਉਹ ਵੱਖਰੇ-ਵੱਖਰੇ ਖੇਤਰਾਂ 'ਚ ਕੰਮ ਕਰਨ ਵਾਲੇ ਕੁਝ ਸਮਾਜ-ਸੇਵੀ, ਜੋ ਉਸ ਕੋਲ ਆਉਂਦੇ ਸਨ, ਉਹਨਾਂ ਵੱਲ ਖ਼ਾਸ ਤਵੱਜੋਂ ਦਿੰਦੀ ਸੀ ਅਤੇ ਉਹਨਾਂ ਨਾਲ ਉਸ ਦੀ ਗੱਲਬਾਤ ਦਾ ਇਕ ਹੀ ਮੰਤਵ ਹੁੰਦਾ ਸੀ ਕਿ ਪਿੰਗਲਵਾੜੇ ਦੇ ਕੰਮ ਕਰਨ ਦੇ ਢੰਗਾਂ 'ਚ ਹੋਰ ਸੁਧਾਰ ਕਰਨ ਲਈ, ਕੋਈ ਨਵੇਂ ਤਰੀਕੇ ਸਿੱਖਣੇ ਚਾਹੀਦੇ ਹਨ। ਭਗਤ ਪੂਰਨ ਸਿੰਘ ਜੀ ਦੀ ਪਹਿਲੀ ਬਰਸੀ ਮੌਕੇ ਉਹਨਾਂ ਨੇ ਸ੍ਰੀ ਸੁੰਦਰ ਲਾਲ ਬਹੁਗੁਣਾ, ਸ. ਸੁਰਜੀਤ ਸਿੰਘ ਬਰਨਾਲਾ, ਰਿਟਾਇਰਡ



ਚੀਫ਼ ਜਸਟਿਸ ਸ. ਰਣਜੀਤ ਸਿੰਘ ਨਰੂਲਾ ਤੇ ਉਹਨਾਂ ਦੇ ਪੋਤੇ ਦੀ ਪਤਨੀ ਰੀਮਾ ਆਨੰਦ ਨੂੰ ਸੱਦਾ-ਪੱਤਰ ਭੇਜਿਆ। ਸੁੰਦਰ ਲਾਲਾ ਬਹੁਗੁਣਾ ਜੀ ਨੇ ਦੱਸਿਆ ਕਿ ਉਹਨਾਂ ਦਾ ਭਗਤ ਪੂਰਨ ਜੀ ਨਾਲ ਚਿੱਠੀ-ਪੱਤਰ ਹੁੰਦਾ ਰਹਿੰਦਾ ਸੀ, ਪਰ ਉਹਨਾਂ ਨੂੰ ਮਿਲਣ ਦਾ ਮੌਕਾ ਨਹੀਂ ਸੀ ਮਿਲਿਆ। ਭਗਤ ਜੀ ਨੇ ਉਹਨਾਂ ਦੇ ਵਾਤਾਵਰਨ ਸੰਬੰਧੀ ਬਹੁਤ ਸਾਰੇ ਲੇਖ ਤੇ ਕਿਤਾਬਾਂ ਛਪਵਾਈਆਂ ਸਨ ਤੇ ਲੋਕਾਂ 'ਚ ਇਹਨਾਂ ਨੂੰ ਮੁਫ਼ਤ ਵੰਡਿਆ। ਸ. ਸੁਰਜੀਤ ਸਿੰਘ ਬਰਨਾਲਾ ਵੀ ਭਗਤ ਪੂਰਨ ਸਿੰਘ ਜੀ ਦੇ ਸੰਪਰਕ 'ਚ ਕਾਫ਼ੀ ਦੇਰ ਤੋਂ ਸਨ। ਉਹਨਾਂ ਨੇ ਇਕ ਇਸ ਗੱਲ ਬਾਰੇ ਦੱਸਿਆ ਕਿ ਉਹਨਾਂ ਦੀ ਮੁਲਾਕਾਤ ਭਗਤ ਪੂਰਨ ਸਿੰਘ ਜੀ ਨਾਲ ਰੇਲ-ਗੱਡੀ ਦੇ ਸਫ਼ਰ 'ਚ ਹੋਈ ਸੀ ਤੇ ਉਹ ਮੁਲਾਕਾਤ ਬੜੀ ਦਿਲਚਸਪ ਸੀ।

ਬਹੁਤ ਸਾਰੇ ਸਰੀਰਕ ਤੌਰ 'ਤੇ ਅਪਾਹਜ ਬੱਚੇ ਵੀ ਪਿੰਗਲਵਾੜੇ 'ਚ ਦਾਖ਼ਲ ਕਰਾਏ ਜਾਂਦੇ ਸਨ। ਉਹਨਾਂ 'ਚੋਂ ਇਕ ਲੜਕਾ ਲੰਗੜਾ ਤੇ ਅਪਾਹਜ ਸੀ। ਇਕ ਹੋਰ ਲੜਕੇ ਦੀਆਂ ਬਾਹਾਂ ਦੀ ਬਣਤਰ ਠੀਕ ਨਹੀਂ ਸੀ । ਇਕ ਹੋਰ ਲੜਕਾ ਸੀ, ਜਿਸਦਾ ਸਿਰ ਕਦੀ ਇਧਰ, ਕਦੀ ਉਧਰ ਲੁੜਕ ਜਾਂਦਾ ਸੀ ਤੇ ਸਿੱਧਾ ਨਹੀਂ ਸੀ ਰਹਿੰਦਾ। ਡਾ. ਇੰਦਰਜੀਤ ਕੌਰ ਨੇ ਅਜਿਹੇ ਲੜਕੇ, ਲੜਕੀਆਂ ਨੂੰ ਦਾਖ਼ਲ ਕਰਨ ਤੋਂ ਕਦੀ ਵੀ ਇਨਕਾਰ ਨਹੀਂ ਸੀ ਕੀਤਾ, ਜਿਹੜੇ ਸਰੀਰਕ ਤੌਰ 'ਤੇ ਅਪਾਹਜ ਤੇ ਬੇਸਹਾਰਾ ਜਾਂ ਅਨਾਥ ਸਨ ਜਾਂ ਜਿਹਨਾਂ ਦੇ ਮਾਂ-ਬਾਪ 'ਚੋਂ ਇਕ ਜਣਾ ਹੀ ਹੁੰਦਾ ਸੀ ਤੇ ਉਹ ਵੀ ਬੜਾ ਗ਼ਰੀਬ ਹੁੰਦਾ ਸੀ, ਕਿਉਂਕਿ ਉਸਨੂੰ ਆਪਣੇ ਗੁਜ਼ਾਰੇ ਲਈ ਕੰਮ ਕਰਨਾ ਪੈਂਦਾ ਸੀ ਤੇ ਇਸ ਤਰ੍ਹਾਂ ਉਹ ਬੱਚੇ ਦੀ ਦੇਖਭਾਲ ਤੋਂ ਅਸਮਰੱਥ ਹੁੰਦਾ ਸੀ।

ਜਦੋਂ ਵੀ ਉਸ ਕੋਲ ਗੁੰਜਾਇਸ਼ ਹੁੰਦੀ ਤਾਂ ਉਹ ਬੋਲੇ ਬੱਚਿਆਂ ਦੇ ਕੰਨਾਂ 'ਚ ਸੁਣਨ ਵਾਲਾ ਯੰਤਰ ਲਗਵਾ ਦਿੰਦੀ। ਕਿਉਂਕਿ ਇਹ ਯੰਤਰ ਬਹੁਤ ਮਹਿੰਗਾ ਹੁੰਦਾ ਹੈ ਤੇ ਇਹ ਮਰੀਜ਼ 'ਤੇ ਨਿਰਭਰ ਕਰਦਾ ਹੈ ਕਿ ਉਹ ਇਸਨੂੰ ਲਗਵਾਏ ਜਾਂ ਨਾ। ਪਰ ਡਾ. ਇੰਦਰਜੀਤ, ਉਦੋਂ ਜ਼ਰਾ ਵੀ ਢਿੱਲ ਨਾ ਕਰਦੀ ਜਦੋਂ ਉਸਨੂੰ ਕਿਸੇ ਜ਼ਰੂਰਤਮੰਦ ਲੜਕੇ ਜਾਂ ਲੜਕੀ ਨੂੰ ਇਹ ਯੰਤਰ ਲਗਵਾਉਣ ਦਾ ਮੌਕਾ ਮਿਲਦਾ। ਭਾਵੇਂ ਇਸ ਯੰਤਰ ਦਾ ਮੁੱਲ ਸਾਢੇ ਪੰਜ ਲੱਖ ਰੁਪਏ ਤੋਂ ਛੇ ਲੱਖ ਰੁਪਏ ਪ੍ਰਤੀ ਮਰੀਜ਼ ਸੀ, ਪਰ 2014 ਤਕ ਉਹ ਤਿੰਨ ਮਰੀਜ਼ਾਂ ਦਾ ਇਲਾਜ ਕਰਨ 'ਚ ਸਫਲ ਹੋ ਚੁੱਕੀ ਸੀ ਤੇ ਇਹਨਾਂ ਮਰੀਜ਼ਾਂ ਨੂੰ ਉਸਨੇ ਨਵੀਂ ਜ਼ਿੰਦਗੀ ਦਿੱਤੀ ਸੀ, ਪਰ ਮੁੱਖ ਗੱਲ ਇਹ ਹੈ ਕਿ ਉਸਨੂੰ ਪੂਰੀ

ਉਮੀਦ ਹੈ ਕਿ ਆਉਂਦੇ ਸਾਲਾਂ 'ਚ, ਉਹ ਵੱਧ ਤੋਂ ਵੱਧ ਮਰੀਜ਼ਾਂ ਨੂੰ ਇਹ ਯੰਤਰ ਲਗਵਾਏਗੀ।

ਲੋਕਾਂ 'ਚ ਜਾਗਰੂਕਤਾ ਪੈਦਾ ਕਰਨਾ, ਉਸਦਾ ਵੱਡਾ ਉਦੇਸ਼ ਹੈ। ਉਹ ਅਪਾਹਜਤਾ ਨਾਲ ਜ਼ਿੰਦਗੀ ਖ਼ਰਾਬ ਹੋਣ,ਜਾਂ ਖ਼ਤਮ ਹੋਣ ਦੇ ਕਾਰਨ ਕਰਕੇ ਬਹੁਤ ਫ਼ਿਕਰਮੰਦ ਰਹਿੰਦੀ ਸੀ। ਉਹ ਸਾਲ 'ਚ ਕਈ-ਕਈ ਸੈਮੀਨਾਰ ਕਰਵਾਉਂਦੀ, ਜਿੱਥੇ ਵਿਸ਼ੇਸ਼ ਖੇਤਰ ਦੇ ਡਾਕਟਰਾਂ ਨੂੰ ਸੱਦਿਆ ਜਾਂਦਾ ਸੀ। ਆਮ ਲੋਕਾਂ ਨੂੰ ਸੈਮੀਨਾਰਾਂ 'ਤੇ ਲਿਆਉਣ ਲਈ ਮੁਫ਼ਤ ਬੱਸ-ਸੇਵਾ ਪ੍ਰਦਾਨ ਕੀਤੀ ਜਾਂਦੀ ਸੀ, ਤਾਂ ਕਿ ਵੱਧ ਤੋਂ ਵੱਧ ਲੋਕ ਇਹਨਾਂ ਸੈਮੀਨਾਰਾਂ ਤੋਂ ਲਾਭ ਉਠਾਉਣ ਤੇ ਉਹ ਹੋਰ ਲੋਕਾਂ 'ਚ ਵੀ ਇਸਦਾ ਪ੍ਰਚਾਰ ਕਰਨ ਅਤੇ ਲੋਕਾਂ 'ਚ ਜਾਗਰੂਕਤਾ ਫੈਲਾਉਣ ਦਾ ਸਾਧਨ ਬਣਨ।

ਸੰਨ 2009 ਵਿੱਚ, ਇਸੇ ਲੜੀ 'ਚ ਹੀ, ਅਪਾਹਜਿਤਾ ਦੇ ਕਾਰਨ ਪਤਾ ਕਰਨ ਤੇ ਇਸ ਨੂੰ ਰੋਕਣ ਲਈ, ਇਕ ਸੈਮੀਨਾਰ ਕਰਵਾਇਆ ਗਿਆ। ਹਜ਼ਾਰਾਂ ਲੋਕ ਇਸ 'ਚ ਸ਼ਾਮਲ ਹੋਏ। 2008-09 'ਚ ਜੀਰੋ ਬਜਟ ਖੇਤੀ ਦੇ ਬਾਰੇ 'ਚ ਸੈਮੀਨਾਰ ਤੇ ਵਰਕਸ਼ਾਪਾਂ ਲਗਾਈਆਂ ਗਈਆਂ ਤਾਂ ਕਿ ਕੁਦਰਤੀ ਤੇ ਜੈਵਿਕ ਖੇਤੀ ਦੀ ਜ਼ਰੂਰਤ ਲਈ ਲੋਕਾਂ 'ਚ ਪ੍ਰਚਾਰ ਹੋ ਸਕੇ। ਡਾ. ਸੁਭਾਸ਼ ਪਾਲੇਕਰ, ਜੋ ਕਿ ਕੁਦਰਤੀ ਖੇਤੀ ਦੇ ਇਕ ਆਗੂ ਸਨ, ਉਹਨਾਂ ਨੂੰ ਸੈਮੀਨਾਰ ਨੂੰ ਸੰਬੋਧਨ ਕਰਨ ਲਈ ਬੁਲਾਇਆ ਗਿਆ। ਉਹਨਾਂ ਨੇ ਫ਼ਸਲਾਂ ਲਈ ਕੁਦਰਤੀ ਤਰੀਕੇ ਅਪਣਾ ਕੇ, ਘੱਟ ਤੋਂ ਘੱਟ ਲਾਗਤ ਨਾਲ, ਵੱਧ ਤੋਂ ਵੱਧ ਉਪਜ ਪ੍ਰਾਪਤ ਕਰਨ ਦੇ ਖ਼ਾਸ ਤਰੀਕੇ ਤੇ ਟੈਕਨਾਲੋਜੀ ਬਾਰੇ ਜਾਣਕਾਰੀ ਦਿੱਤੀ। ਹਜ਼ਾਰਾਂ ਕਿਸਾਨਾਂ ਨੇ ਇਹਨਾਂ ਸੈਮੀਨਾਰਾਂ ਤੇ ਵਰਕਸ਼ਾਪਾਂ 'ਚ ਹਿੱਸਾ ਲਿਆ। ਬਹੁਤ ਸਾਰੇ ਕਿਸਾਨ ਪਿੰਗਲਵਾੜਾ ਸੁਸਾਇਟੀ ਦੇ ਪ੍ਰਬੰਧ ਹੇਠਾਂ ਜੰਡਿਆਲੇ ਦੇ ਲਾਗੇ ਪਿੰਡ ਧੀਰੇਕੋਟ ਦੇ ਇਕ ਫਾਰਮ ਦੀ ਕੁਦਰਤੀ ਖੇਤੀ ਤੋਂ ਪ੍ਰਭਾਵਿਤ ਹੋ ਕੇ ਇਸ ਤਰ੍ਹਾਂ ਦੀ ਖੇਤੀ ਕਰਨ ਦੇ ਢੰਗ ਅਪਣਾ ਰਹੇ ਹਨ। ਹੋਰ ਕਿਸਾਨਾਂ ਵਾਸਤੇ, ਜਿਹੜੇ ਕੁਦਰਤੀ ਜਾਂ ਜੈਵਿਕ ਖੇਤੀ ਕਰਨਾ ਚਾਹੁੰਦੇ ਹਨ, ਉਹਨਾਂ ਲਈ ਇਹ ਫਾਰਮ ਆਪ ਹੀ ਖੋਜ ਕੇਂਦਰ ਤੇ ਸਿਖਲਾਈ ਕੇਂਦਰ ਬਣ ਗਿਆ ਹੈ।

ਸੰਨ 2009 ਵਿੱਚ, ਉਸਨੇ ਕੈਂਸਰ ਦੇ ਕਾਰਨਾਂ, ਇਸ ਨੂੰ ਕੰਟਰੋਲ ਕਰਨ ਦੇ ਤਰੀਕਿਆਂ, ਮਰੀਜ਼ਾਂ ਲਈ ਸੰਭਵ ਸਾਵਧਾਨੀਆਂ, ਬਾਰੇ ਜਾਗਰੂਕਤਾ



ਫੈਲਾਉਣ ਲਈ ਦੋ ਸੈਮੀਨਾਰ ਕਰਵਾਏ। ਇਹਨਾਂ ਸੈਮੀਨਾਰਾਂ 'ਚ ਵੀ ਬਹੁਤ ਸਾਰੇ ਲੋਕ, ਸ਼ਹਿਰੀ ਇਲਾਕਿਆਂ 'ਚੋਂ ਹੀ ਨਹੀਂ, ਬਲਕਿ ਪੇਂਡੂ ਇਲਾਕਿਆਂ ਚੋਂ ਵੀ ਸ਼ਾਮਲ ਹੋਏ। ਇੰਗਲੈਂਡ ਦੀ "ਕੈਂਸਰ ਰੋਕੋ ਆਰਗੇਨਾਈਜ਼ੇਸ਼ਨ" ਵੱਲੋਂ ਮੈਡੀਕਲ ਕੈਂਪ ਵੀ ਲਗਾਇਆ ਗਿਆ। ਕੈਂਸਰ ਦੀ ਸ਼ੁਰੂਆਤੀ ਸਟੇਜ 'ਚ ਪਤਾ ਲਾਉਣ ਲਈ ਬਹੁਤ ਸਾਰੇ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ। ਕੈਂਸਰ ਦੀ ਸਮੱਸਿਆ ਤੇ ਇਸ ਦੇ ਨਾਲ ਹੋਰ ਸੰਬੰਧਿਤ ਬਿਮਾਰੀਆਂ ਦੇ ਮੁੱਖ ਕਾਰਨ ਕੀਟ-ਨਾਸ਼ਕ, ਕੀਟਾਣੂ-ਨਾਸ਼ਕਾਂ ਤੇ ਖੇਤੀਬਾੜੀ 'ਚ ਹੋਰ ਵਰਤੇ ਜਾਣ ਵਾਲੇ ਰਸਾਇਣਾਂ ਨੂੰ ਦੱਸਿਆ ਗਿਆ।

ਸੰਨ 2012 'ਚ ਇਕ ਅੱਖਾਂ ਦਾ ਕੈਂਪ ਲਗਾਇਆ ਗਿਆ ਜਿਸ 'ਚ ਅਮਰੀਕਾ ਦੇ ਡਾਕਟਰਾਂ ਦੀ ਇਕ ਟੀਮ ਨੂੰ ਅੱਖਾਂ ਸੰਬੰਧੀ ਬਿਮਾਰੀਆਂ ਦਾ ਮੁਆਇਨਾ ਕਰਨ ਲਈ ਬੁਲਾਇਆ ਗਿਆ ਸੀ। ਇਹ ਕੈਂਪ ਏਨਾ ਸਫਲ ਰਿਹਾ ਕਿ ਚਾਰ ਦਿਨਾਂ 'ਚ ਲਗਭਗ 25000 ਮਰੀਜ਼ਾਂ ਨੂੰ ਦੇਖਿਆ ਗਿਆ। ਪਿੰਗਲਵਾੜਾ ਦੇ ਹੋਰ ਕੰਮਾਂ ਵਾਂਗ, ਅੱਖਾਂ ਦੇ ਕੈਂਪ ਤੇ ਚਿੱਟੇ ਮੋਤੀਏ ਦੇ ਅਪਰੇਸ਼ਨ ਰੁਟੀਨ 'ਚ ਹੁੰਦੇ ਰਹਿੰਦੇ ਹਨ। ਕਿਸੇ ਵੀ ਕੈਂਪ ਜਾਂ ਵਰਕਸ਼ਾਪ ਲੱਗਣ ਤੋਂ ਪਹਿਲਾਂ ਮੀਡੀਆ ਰਾਹੀਂ ਜਾਂ ਪਿੰਗਲਵਾੜੇ ਦੇ ਕਰਮਚਾਰੀਆਂ ਤੇ ਸ਼ੁਭਚਿੰਤਕਾਂ ਰਾਹੀਂ ਲੋਕਾਂ ਨੂੰ ਇਸ ਬਾਰੇ ਸੂਚਿਤ ਕੀਤਾ ਜਾਂਦਾ ਹੈ, ਤਾਂ ਕਿ ਵੱਧ ਤੋਂ ਵੱਧ ਲੋਕ ਇਹਨਾਂ ਕੋਸ਼ਿਸ਼ਾਂ ਤੋਂ ਲਾਭ ਉਠਾ ਸਕਣ। ਡਾ. ਇੰਦਰਜੀਤ ਕੌਰ ਨੇ ਇਹ ਇਰਾਦਾ ਕੀਤਾ ਹੋਇਆ ਹੈ ਕਿ ਉਹ ਇਹਨਾਂ ਵਰਕਸ਼ਾਪਾਂ, ਕੈਂਪਾਂ ਤੇ ਸੈਮੀਨਾਰਾਂ ਦੇ ਸਮੇਂ ਉੱਥੇ ਆਪ ਹਾਜ਼ਰ ਰਹਿਣਗੇ। ਉੱਥੇ ਵੱਖ-ਵੱਖ ਖੇਤਰਾਂ ਦੇ ਮਾਹਰਾਂ ਨੂੰ ਵੀ ਬੁਲਾਇਆ ਜਾਂਦਾ ਹੈ, ਤਾਂ ਕਿ ਆਮ ਲੋਕਾਂ ਨੂੰ ਉਸ ਵਿਸ਼ੇ ਬਾਰੇ ਪੂਰੀ ਤੇ ਬਿਲਕੁਲ ਨਵੀਂ ਸੂਚਨਾ ਮਿਲ ਸਕੇ।

ਸਰੀਰਕ ਬਿਮਾਰੀਆਂ ਨਾਲ ਸੰਬੰਧਿਤ ਕੈਂਪਾਂ ਤੋਂ ਇਲਾਵਾ, ਉਹ ਸਮਾਜਿਕ ਸੁਰੱਖਿਆ ਤੇ ਮਾਨਵੀ ਹੱਕਾਂ ਬਾਰੇ ਵੀ ਸੈਮੀਨਾਰ ਕਰਵਾਉਂਦੀ ਰਹਿੰਦੀ ਸੀ। ਸੰਨ 2012 ਵਿੱਚ, ਉਸਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ "Women's rights and duties", ਭਾਵ ਕਿ ਔਰਤਾਂ ਦੇ ਹੱਕਾਂ ਤੇ ਫ਼ਰਜ਼ਾਂ ਦੇ ਵਿਸ਼ੇ 'ਤੇ ਭਾਸ਼ਣ ਕਰਨ ਲਈ ਬੁਲਾਇਆ ਗਿਆ। ਉਸਦੇ ਇਸ ਭਾਸ਼ਣ ਨੂੰ ਬਹੁਤ ਸਾਰੇ ਲੋਕਾਂ 'ਚ ਵੰਡਿਆ ਗਿਆ, ਜਿਸ ਵਿੱਚ ਉਸਨੇ ਔਰਤਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਣੂ ਕਰਾਇਆ ਤੇ ਉਹਨਾਂ ਦੇ ਫ਼ਰਜ਼ਾਂ ਬਾਰੇ ਵੀ ਚੁਕੰਨਾ ਰਹਿਣ ਲਈ ਕਿਹਾ।

ਉਹਨਾਂ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਕਈ ਤਰ੍ਹਾਂ ਦੇ ਪ੍ਰੋਗਰਾਮਾਂ ’ਚ ਸਨਮਾਨ ਲੈਂਦਿਆਂ, ਬਹੁਤ ਸਾਰਾ ਸਮਾਂ ਖ਼ਰਾਬ ਹੋ ਜਾਂਦਾ ਹੈ, ਇਸ ਲਈ ਉਹ ਅਜਿਹੇ ਸੱਦੇ-ਪੱਤਰ ਸਵੀਕਾਰ ਕਰਨ ਤੋਂ ਅਸਮਰੱਥਾ ਪ੍ਰਗਟ ਕਰਦੀ ਸੀ। ਭਾਵੇਂ ਉਸਨੂੰ ਭਾਰਤ ਤੇ ਵਿਦੇਸ਼ਾਂ ਵਿੱਚ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ ਸੀ । ਪਰ ਅਜਿਹੀਆਂ ਥਾਵਾਂ ਤੇ ਸੰਸਥਾਵਾਂ ’ਚ ਜਾਣ ਦੀ ਚੋਣ ਬੜੇ ਧਿਆਨ ਨਾਲ ਕਰਦੀ ਸੀ। ਉਸਦੀ ਮੁੱਖ ਚਿੰਤਾ ਇਸ ਗੱਲ ਬਾਰੇ ਸੀ ਕਿ ਬੇਸਹਾਰਾ ਲੋਕਾਂ ਤੇ ਵਿਕਲਾਂਗ ਲੋਕਾਂ ਦੀ ਦੇਖਭਾਲ ਨੂੰ ਉਤਸ਼ਾਹਿਤ ਕਰਨਾ ਹੈ।

ਸੰਨ 2007 ਵਿੱਚ ਉਸਨੂੰ National minority comission ਦੁਆਰਾ ਉਹਨਾਂ ਨੂੰ ਸਮਾਜ-ਭਲਾਈ ’ਚ ਪਾਏ ਗਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਸੰਨ 2013 ਵਿੱਚ, ਉਨਟਾਰੀਉ ਦੀ ਪਿੰਗਲਵਾੜਾ ਸੁਸਾਇਟੀ, ਕੈਨੇਡਾ ਵੱਲੋਂ ਉਸ ਸੁਸਾਇਟੀ ਦੇ Silver jubilee ਮੌਕੇ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਸੱਦਿਆ ਗਿਆ। ਉਨਟਾਰੀਉ ਦੀ ਸੁਸਾਇਟੀ ਸਥਾਪਤ ਹੋਣ ਦੇ ਸਮੇਂ ਤੋਂ ਹੀ ਬਹੁਤ ਵਧੀਆ ਕੰਮ ਕਰ ਰਹੀ ਸੀ। ਇਹ ਕੇਵਲ ਪਿੰਗਲਵਾੜੇ ਦੀਆਂ ਚੱਲ ਰਹੀਆਂ ਗਤੀਆਂ ’ਚ ਹੀ ਮਦਦ ਨਹੀਂ ਸੀ ਕਰ ਰਹੀ, ਬਲਕਿ ਇਸਨੇ ਪਿੰਗਲਵਾੜੇ ’ਚ ਕਈ ਨਵੀਆਂ ਯੋਜਨਾਵਾਂ ਵੀ ਸ਼ੁਰੂ ਕੀਤੀਆਂ ਸਨ। ਇਸ ਸੁਸਾਇਟੀ ਦੀ ਮੈਂਬਰ ਹੋਣ ਕਰਕੇ, ਉਹਨਾਂ ਨੇ ਆਪਣਾ ਇਹ ਪਹਿਲਾ ਫ਼ਰਜ਼ ਸਮਝਿਆ ਕਿ ਜਿਹੜੇ ਲੋਕ ਪਿੰਗਲਵਾੜੇ ਦੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ, ਉਹ ਉਹਨਾਂ ’ਚ ਹਾਜ਼ਰ ਰਹਿ ਕੇ, ਆਪਣੀ ਟੀਮ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਨਾ ਦੇਵੇ। ਉਹਨਾਂ ਉੱਥੇ ਜਾ ਕੇ ਬਹੁਤ ਸਾਰੇ ਪ੍ਰੋਗਰਾਮਾਂ ’ਚ ਹਿੱਸਾ ਲਿਆ । ਇਕ ਵਾਰੀ ਹਾਲੀ ਜਦੋਂ, ਉਹ ਕੈਨੇਡਾ ’ਚ ਹੀ ਸਨ, ਤਾਂ, ਉਹਨਾਂ ਨੂੰ ਹੋਰ ਥਾਵਾਂ ’ਤੇ ਜਾਣ ਦਾ ਵੀ ਮੌਕਾ ਮਿਲਿਆ, ਜਿਵੇਂ ਕਿ ਕੈਲਗਰੀ, ਜਿੱਥੇ ਉਹਨਾਂ ਨੂੰ **ਗ਼ਦਰ ਫ਼ਾਊਂਡੇਸ਼ਨ ਵੱਲੋਂ “ਸੇਵਾ ਸਿੰਘ ਲੋਪੋਕੇ ਅਵਾਰਡ”** ਨਾਲ ਸਨਮਾਨਿਤ ਕੀਤਾ ਗਿਆ।

ਉਸੇ ਸਾਲ ਹੀ, ਉਹਨਾਂ ਨੂੰ “ਸਿੱਖ ਐਸੋਸੀਏਸ਼ਨ ਆਫ਼ ਲੰਡਨ” ਦੁਆਰਾ “ਸਿੱਖ ਅਵਾਰਡ” ਦਿੱਤੇ ਜਾਣ ਕਰਕੇ ਸੱਦਾ ਮਿਲਿਆ। ਇਹ ਸਨਮਾਨ ਉਹਨਾਂ ਪ੍ਰਮੁੱਖ ਸਿੱਖਾਂ ਨੂੰ ਦਿੱਤਾ ਜਾਂਦਾ ਹੈ, ਜੋ ਸਮਾਜ ਦੀ ਸਮਾਜਿਕ ਸੁਰੱਖਿਆ ਤੇ ਭਲਾਈ ’ਚ ਆਪਣਾ ਹਿੱਸਾ ਪਾਉਂਦੇ ਹਨ।



ਸੰਨ 2013 ’ਚ, ਉਹਨਾਂ ਨੂੰ “ਮਾਤਾ ਖ਼ੀਵੀ” ਅਵਾਰਡ ਦਿੱਤੇ ਜਾਣ ਕਰਕੇ ਅਮਰੀਕਾ ਵੱਲੋਂ ਸੱਦਿਆ ਗਿਆ। ਉਹਨਾਂ ਨੇ ਵਸ਼ਿੰਗਟਨ ਵਿਖੇ ਭਗਤ ਪੂਰਨ ਸਿੰਘ ਜੀ ਨਾਲ ਸੰਬੰਧਿਤ ਇਕ ਲਾਇਬ੍ਰੇਰੀ ਤੇ ਮਿਊਜ਼ੀਅਮ ਦਾ ਉਦਘਾਟਨ ਕੀਤਾ। ਇਸੇ ਸਮੇਂ, ਉਹ ਕਈ ਹੋਰ ਸ਼ਹਿਰਾਂ ’ਚ ਵੀ ਗਏ, ਜਿੱਥੇ ਉਹਨਾਂ ਨੇ ਉਹਨਾਂ ਸ਼ਹਿਰਾਂ ਦੇ ਭਾਰਤੀ ਨਾਗਰਿਕਾਂ ਰਾਹੀਂ ਕਰਨ ਵਾਲੀਆਂ ਮੀਟਿੰਗਾਂ ’ਚ ਭਾਸ਼ਣ ਦਿੱਤੇ। ਉਹ ਸ਼ਿਕਾਗੋ ਵੀ ਗਏ, ਜਿੱਥੇ ਭਾਰਤੀ ਲੋਕ, ਭਗਤ ਪੂਰਨ ਸਿੰਘ ਜੀ ਦੀ ਬਰਸੀ ਮਨਾ ਰਹੇ ਸਨ।

A.I.P.S. ਨੇ ਭਗਤ ਪੂਰਨ ਸਿੰਘ ਜੀ ਦੇ ਜੀਵਨ ’ਤੇ ਅਧਾਰਤ ਇਕ ਫ਼ੀਚਰ ਫ਼ਿਲਮ ਬਣਾਈ, ਜਿਸਦਾ ਨਾਮ “ਇਹ ਜਨਮ ਤੁਮ੍ਹਾਰੇ ਲੇਖੇ” ਹੈ, ਜਿਸਦਾ ਦੇਸ਼ ਵਿਦੇਸ਼ ’ਚ 30 ਜਨਵਰੀ, 2015 ਨੂੰ ਪ੍ਰਦਰਸ਼ਨ ਕੀਤਾ ਗਿਆ। ਇਸ ਨੂੰ ਦੂਰ-ਦਰਸ਼ਨ ਜਲੰਧਰ ਦੇ ਪੂਰਵ-ਨਿਰਦੇਸ਼ਕ ਸ. ਹਰਜੀਤ ਸਿੰਘ ਨੇ ਨਿਰਦੇਸ਼ਤ ਕੀਤਾ ਸੀ। ਉਹਨਾਂ ਨੂੰ ਉਮੀਦ ਹੈ ਕਿ ਇਸ ਫ਼ਿਲਮ ਨਾਲ ਲੋਕਾਂ ਦੀ ਮਾਨਸਿਕਤਾ ਪ੍ਰਭਾਵਿਤ ਹੋਵੇਗੀ।

ਜਦੋਂ ਉਹਨਾਂ ਨੂੰ ਆਪਣੀ ਜ਼ਿੰਦਗੀ ਦੀਆਂ ਪ੍ਰਾਪਤੀਆਂ ਬਾਰੇ ਪੁੱਛਿਆ ਜਾਂਦਾ ਹੈ ਤਾਂ ਇਸ ਬਾਰੇ ਉਹ ਬਹੁਤ ਸਾਕਾਰਾਤਮਿਕ ਹਨ। ਉਹ ਇਸ ਪ੍ਰਸ਼ਨ ਦਾ ਜਵਾਬ ਦਿੰਦੇ ਹਨ, “ਮੈਂ ਬਿਲਕੁਲ ਸੰਤੁਸ਼ਟ ਹਾਂ, ਪਰ ਮੇਰਾ ਸੁਪਨਾ ਹੈ ਕਿ ਹਰ ਕਿਸੇ ਨੂੰ ਸੰਪੂਰਨ ਵਿਕਾਸ ਲਈ ਬਰਾਬਰ ਦੇ ਮੌਕੇ ਮਿਲਣੇ ਚਾਹੀਦੇ ਹਨ। ਮੇਰੀ ਜ਼ਿੰਦਗੀ ਦਾ ਉਦੇਸ਼ ਬੇਸਹਾਰਾ ਤੇ ਅਪੰਗ ਲੋਕਾਂ ਦੀ ਸੇਵਾ ਕਰਨਾ ਹੈ। ਇਹ ਮੇਰਾ ਫ਼ਰਜ਼ ਹੈ, **ਮੈਂ ਆਪਣੇ ਪਿਤਾ ਜੀ ਦੇ ਕਹੇ ਸ਼ਬਦ ਹਮੇਸ਼ਾਂ ਯਾਦ ਰੱਖਦੀ ਹਾਂ, ‘ਇੰਦਰਜੀਤ, ਜਿੰਨਾ ਚਾਹੋ ਆਪਣਾ ਮਨੋਰੰਜਨ ਕਰੋ, ਪਰ ਆਪਣੇ ਫ਼ਰਜ਼ਾਂ ਦੀ ਕੀਮਤ ’ਤੇ ਇਹ ਕੰਮ ਕਦੀ ਨਹੀਂ ਕਰਨਾ।’ ਮੇਰਾ ਫ਼ਰਜ਼ ਤਾਂ ਬੇਸਹਾਰਾ ਤੇ ਅਪੰਗ ਲੋ ਕਾਂ ਦੀ ਸੇਵਾ ਕਰਨਾ ਹੈ ਅਤੇ ਇਹੋ ਮੇਰਾ ਮਨੋਰੰਜਨ ਤੇ ਖ਼ੁਸ਼ੀ ਵੀ ਹੈ। ਮੇਰਾ ਉਦੇਸ਼ ਉਦੋਂ ਪੂਰਾ ਹੋਵੇਗਾ, ਜਦੋਂ ਜ਼ਿੰਦਗੀ ’ਚ ਹਰ ਕਿਸੇ ਨੂੰ ਬਰਾਬਰ ਦੇ ਮੌਕੇ ਮਿਲਣਗੇ।”**

**ਬਲਰਾਜ ਧਾਰੀਵਾਲ**
4634, ਗੁਰੂ ਨਾਨਕ ਵਾੜਾ
ਡਾਕਖਾਨਾ : ਖਾਲਸਾ ਕਾਲਜ
ਅੰਮ੍ਰਿਤਸਰ-143002
ਮੋਬਾਈਲ : 9878317796